

ਜਨ-ਜਨ ਦੀ ਅਵਾਜ਼

Website:www.onlinejagran.com

ਦਿੱਲੀ ਤੋਂ ਪ੍ਰਕਾਸ਼ਿਤ

# ਜਨ ਜਾਗਰਣ

R.N.I No. DELPUN/2015/65303

Email- janjagran1988@gmail.com

Daily Jan Jagran Delhi

ਸਾਲ: 11 ਅੰਕ: 247 ਦਿਨ: ਸ਼ਨੀਵਾਰ ਮਿਤੀ: 6 ਸਤੰਬਰ, 2025 ਮੁੱਲ: 2.00 ਰੁਪਏ ਫੋਨ: 099998-89104 ਕੁੱਲ ਸਫੇ =8


## ਕੁੱਲੂ 'ਚ ਢਿੱਗਾਂ ਡਿੱਗਣ ਤੋਂ ਬਾਅਦ ਸੱਤ ਲਾਪਤਾ; ਖ਼ਰਾਬ ਮੌਸਮ ਦੌਰਾਨ ਬਚਾਅ ਕਾਰਜ ਜਾਰੀ

ਮੰਡੀ, 5 ਸਤੰਬਰ (ਪੱਤਰ ਪ੍ਰੇਰਕ)-ਕੁੱਲੂ ਜ਼ਿਲ੍ਹੇ ਦੇ ਇਨਰ ਅਖਾੜਾ ਬਾਜ਼ਾਰ ਵਿੱਚ ਬੁੱਧਵਾਰ ਤੋਂ ਬੁੱਧਵਾਰ ਅਤੇ ਵੀਰਵਾਰ ਦੋ ਵਾਰ ਢਿੱਗਾਂ ਖਿਸਕੀਆਂ, ਜਿਨ੍ਹਾਂ ਦੀ ਲਪੇਟ 'ਚ ਕੁੱਲ 11 ਵਿਅਕਤੀ ਆ ਗਏ। ਇਨ੍ਹਾਂ ਵਿੱਚੋਂ ਸ਼ੁੱਕਰਵਾਰ ਦੀ ਸਵੇਰ ਤੱਕ ਸੱਤ ਲੋਕ ਅਜੇ ਵੀ ਲਾਪਤਾ ਹਨ। ਲਗਾਤਾਰ ਮੀਂਹ ਕਾਰਨ ਹੋਈ ਵੀਰਵਾਰ ਸਵੇਰ ਢਿੱਗਾਂ ਖਿਸਕਣ ਕਾਰਨ ਇਨਰ ਅਖਾੜਾ ਬਾਜ਼ਾਰ ਦੇ ਕੁਝ ਹਿੱਸੇ ਤਬਾਹ ਹੋ ਗਏ। ਇਸ ਦੌਰਾਨ ਘੱਟੋ-ਘੱਟ ਨੌਂ ਵਿਅਕਤੀ ਮਿੱਟੀ ਅਤੇ ਮਲਬੇ ਦੇ ਹੇਠਾਂ ਦੱਬ ਗਏ। ਘਟਨਾ ਦੌਰਾਨ ਮੁਢਲੇ ਯਤਨਾਂ ਤੋਂ ਬਾਅਦ ਇੱਕ ਲਾਸ਼ ਬਰਾਮਦ ਕੀਤੀ ਗਈ ਅਤੇ ਤਿੰਨ ਜ਼ਖ਼ਮੀਆਂ ਨੂੰ ਬਚਾਇਆ ਗਿਆ। ਇਸ ਤੋਂ ਇੱਕ ਦਿਨ ਪਹਿਲਾਂ ਬੁੱਧਵਾਰ ਦੀ ਸਵੇਰ ਨੂੰ ਵੀ ਇਸੇ ਤਰ੍ਹਾਂ ਦੀ ਘਟਨਾ ਵਾਪਰੀ ਸੀ, ਜਿਸ ਕਾਰਨ ਦੋ ਲੋਕ ਮਲਬੇ ਹੇਠਾਂ ਦਬ ਗਏ ਸਨ। ਬਚਾਅ ਟੀਮਾਂ ਵੱਲੋਂ ਚੌਵੀ ਘੰਟੇ ਕੀਤੀਆਂ ਕੋਸ਼ਿਸ਼ਾਂ ਦੇ ਬਾਵਜੂਦ ਦੋਹਾਂ ਪੀੜਤਾਂ ਦਾ ਹੁਣ ਤੱਕ ਕੋਈ ਸੁਰਾਗ ਨਹੀਂ ਮਿਲ ਸਕਿਆ ਹੈ।



ਨੈਸ਼ਨਲ ਡਿਜ਼ਾਸਟਰ ਰਿਸਪੌਂਸ ਫੋਰਸ ਦੇ ਨਾਲ-ਨਾਲ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀ, ਸਥਾਨਕ ਪੁਲੀਸ, ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੂੰ ਮੌਕੇ 'ਤੇ ਤਾਇਨਾਤ ਕੀਤਾ ਗਿਆ ਹੈ ਅਤੇ ਉਹ ਲਗਾਤਾਰ ਬਚਾਅ ਕਾਰਜ ਚਲਾ ਰਹੀਆਂ ਹਨ। ਸੁਰੱਖਿਆ ਕਾਰਨਾਂ ਕਰਕੇ ਰਾਤ ਭਰ ਖੋਜ ਕਾਰਜਾਂ ਨੂੰ ਆਰਜ਼ੀ ਤੌਰ 'ਤੇ ਰੋਕਿਆ ਗਿਆ ਸੀ, ਪਰ ਅੱਜ ਸਵੇਰੇ ਜਲਦੀ ਹੀ ਮੁੜ ਸ਼ੁਰੂ ਕਰ ਦਿੱਤਾ ਗਿਆ ਹੈ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ, ਬਚਾਅ ਕਾਰਜ ਜਾਰੀ ਹੈ, ਪਰ ਮਾੜੇ ਮੌਸਮ ਅਤੇ ਅਸਥਿਰ ਜ਼ਮੀਨ ਕਾਰਨ ਪ੍ਰਗਤੀ ਹੌਲੀ ਹੈ। ਇਨਰ ਅਖਾੜਾ ਬਾਜ਼ਾਰ ਦੀਆਂ ਤੰਗ ਗਲੀਆਂ ਅਤੇ ਸੰਘਣੀ ਉਸਾਰੀ ਨੇ ਬਚਾਅ ਕਾਰਜਾਂ ਨੂੰ ਮੁਸ਼ਕਲ ਕਰ ਦਿੱਤਾ ਹੈ। ਇਨ੍ਹਾਂ ਦੋਹਾਂ ਘਟਨਾਵਾਂ ਕਾਰਨ ਲੋਕਾਂ ਵਿਚ ਸਹਿਮ ਦਾ ਮਾਹੌਲ ਹੈ। ਚਸ਼ਮਦੀਦਾਂ ਨੇ ਦੱਸਿਆ ਕਿ ਘਰ ਢਹਿ ਗਏ ਅਤੇ ਮਲਬੇ ਨੇ ਆਪਣੇ ਰਸਤੇ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਆਪਣੀ ਲਪੇਟ ਵਿਚ ਲੈ ਲਿਆ। ਖ਼ਾਸ ਤੌਰ 'ਤੇ ਅਜਿਹੇ ਸੰਘਣੇ ਇਲਾਕੇ ਵਿੱਚ ਜਿੱਥੇ ਐਮਰਜੈਂਸੀ ਨਿਕਾਸੀ ਲਈ ਬਹੁਤ ਘੱਟ ਜਗ੍ਹਾ ਹੈ, ਆਫ਼ਤ ਦੀ ਅਚਾਨਕਤਾ ਨੇ ਵਾਸੀਆਂ ਨੂੰ ਪੂਰੀ ਤਰ੍ਹਾਂ ਹੈਰਾਨ ਕਰ ਦਿੱਤਾ।

## ਮੁੱਖ ਮੰਤਰੀ ਭਗਵੰਤ ਮਾਨ ਫੋਰਟਿਸ ਹਸਪਤਾਲ ਦਾਖ਼ਲ



ਚੰਡੀਗੜ੍ਹ, 5 ਸਤੰਬਰ (ਪੱਤਰ ਪ੍ਰੇਰਕ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਿਹਤ ਵਿਗੜਨ ਕਾਰਨ ਉਨ੍ਹਾਂ ਨੂੰ ਫੋਰਟਿਸ ਹਸਪਤਾਲ ਦਾਖਲ ਕਰਵਾਇਆ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਦੀ ਸਿਹਤ ਕੱਲ੍ਹ ਤੋਂ ਵਿਗੜੀ ਹੋਈ ਹੈ ਅਤੇ ਹਾਲੇ ਤੱਕ ਕਿਸੇ ਤਰ੍ਹਾਂ ਦਾ ਸੁਧਾਰ ਨਹੀਂ ਹੋਇਆ। ਦੱਸਣਯੋਗ ਹੈ ਕਿ ਮੁੱਖ ਮੰਤਰੀ ਮਾਨ ਨੂੰ ਤੇਜ਼ ਬੁਖਾਰ ਹੈ ਅਤੇ ਉਹ ਪਿਛਲੇ ਦੋ ਦਿਨਾਂ ਤੋਂ ਆਪਣੀ ਸਰਕਾਰੀ ਰਿਹਾਇਸ਼ 'ਚ ਹੀ ਹਨ। ਜਾਣਕਾਰੀ ਮੁਤਾਬਕ ਮੁੱਖ ਮੰਤਰੀ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਤੋਂ ਬਾਅਦ ਬਿਮਾਰ ਹੋ ਗਏ ਸਨ।

## ਪੌਂਗ ਡੈਮ 'ਚ ਪਾਣੀ ਸਾਲ ਦੇ ਸਭ ਤੋਂ ਸਿਖਰਲੇ ਪੱਧਰ 'ਤੇ ਪਹੁੰਚਿਆ

### 1,394.51 ਫੁੱਟ ਤੇ ਪੁੱਜਿਆ ਪਾਣੀ; ਕਾਂਗੜਾ ਜ਼ਿਲ੍ਹੇ 'ਚ 621 ਹੈਕਟੇਅਰ ਫਸਲਾਂ ਦਾ ਨੁਕਸਾਨ; ਮੰਡ ਖੇਤਰਾਂ 'ਚ ਬਿਜਲੀ, ਪਾਣੀ ਦੀ ਸਪਲਾਈ ਠੱਪ

ਧਰਮਸ਼ਾਲਾ, 5 ਸਤੰਬਰ (ਪੱਤਰ ਪ੍ਰੇਰਕ)- ਬਿਆਸ ਨਦੀ ਦੇ ਕੈਚਮੈਂਟ ਖੇਤਰਾਂ ਵਿੱਚ ਭਾਰੀ ਮੀਂਹ ਅਤੇ ਪੰਡੋਹ ਡੈਮ ਤੋਂ ਪਾਣੀ ਦੇ ਲਗਾਤਾਰ ਵਹਾਅ ਕਾਰਨ ਕਾਂਗੜਾ ਜ਼ਿਲ੍ਹੇ ਵਿੱਚ ਪੌਂਗ ਡੈਮ ਦਾ ਜਲ ਪੱਧਰ ਵੀਰਵਾਰ ਸਵੇਰ ਨੂੰ 1,394.51 ਫੁੱਟ 'ਤੇ ਪਹੁੰਚ ਗਿਆ, ਜੋ ਇਸ ਸਾਲ ਸਭ ਤੋਂ ਉੱਚਾ ਪੱਧਰ ਹੈ। ਪਾਣੀ ਲਗਾਤਾਰ ਪੰਜਵੇਂ ਦਿਨ ਖ਼ਤਰੇ ਦੇ ਨਿਸ਼ਾਨ 1,390 ਫੁੱਟ ਤੋਂ ਕਾਫੀ ਉੱਪਰ ਹੈ। ਭਾਖੜਾ ਬਿਆਸ ਪ੍ਰਬੰਧਨ ਬੋਰਡ (22$2) ਦੇ ਅਧਿਕਾਰੀਆਂ ਅਨੁਸਾਰ ਪਾਣੀ ਦਾ ਔਸਤ ਵਹਾਅ 1,32,595 ਕਿਊਸਿਕ ਰਿਹਾ, ਜਦੋਂ ਕਿ ਅਸਲ ਵਹਾਅ 1,07,301 ਕਿਊਸਿਕ ਸੀ। ਵਧਦੇ ਜਲ ਪੱਧਰ ਨੂੰ ਨਿਯੰਤ੍ਰਿਤ ਕਰਨ ਲਈ, ਅਧਿਕਾਰੀਆਂ ਨੇ ਹੇਠਾਂ ਵੱਲ 99,769 ਕਿਊਸਿਕ ਪਾਣੀ ਛੱਡਿਆ, ਜਿਸ ਵਿੱਚ ਸਪਿਲਵੇਅ ਰਾਹੀਂ 74,179 ਕਿਊਸਿਕ ਅਤੇ ਟਰਬਾਈਨਾਂ ਰਾਹੀਂ 16,988 ਕਿਊਸਿਕ ਸ਼ਾਮਲ ਹੈ। ਪਾਣੀ ਦਾ ਔਸਤ ਨਿਕਾਸ 91,167 ਕਿਊਸਿਕ ਰਿਕਾਰਡ ਕੀਤਾ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਸਥਿਤੀ



ਗਤੀਸ਼ੀਲ ਬਣੀ ਹੋਈ ਹੈ ਅਤੇ ਇਸ ਦੀ ਬਾਰੀਕੀ ਨਾਲ ਨਿਗਰਾਨੀ ਕੀਤੀ ਜਾ ਰਹੀ ਹੈ। ਲਗਾਤਾਰ ਵੱਡੇ ਪੱਧਰ 'ਤੇ ਪਾਣੀ ਛੱਡਣ ਕਾਰਨ ਇੰਦੌਰਾ ਅਤੇ ਫਤਿਹਪੁਰ ਸਬ-ਡਿਵੀਜ਼ਨਾਂ ਦੇ ਨੀਵੇਂ ਇਲਾਕਿਆਂ ਵਿੱਚ ਹੜ੍ਹ ਆ ਗਏ ਹਨ, ਜਿਸ ਨਾਲ 621 ਹੈਕਟੇਅਰ ਤੋਂ ਵੱਧ ਝੋਨੇ ਅਤੇ ਮੱਕੀ ਦੀਆਂ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ। ਖੇਤੀਬਾੜੀ ਵਿਭਾਗ ਨੇ 128.80 ਲੱਖ ਰੁਪਏ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਹੈ। 218.24 ਹੈਕਟੇਅਰ ਵਿੱਚ ਮੱਕੀ ਦੀ ਫਸਲ ਪ੍ਰਭਾਵਿਤ ਹੋਈ ਹੈ, ਜਿਸ ਨਾਲ 24.56 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਵਿੱਚੋਂ 30 ਹੈਕਟੇਅਰ ਵਿੱਚ 33 ਫੀਸਦੀ ਤੋਂ ਵੱਧ ਨੁਕਸਾਨ ਹੋਇਆ ਹੈ। ਸਭ ਤੋਂ ਵੱਧ ਪ੍ਰਭਾਵਿਤ ਝੋਨਾ ਹੋਇਆ ਹੈ, ਜਿਸ ਵਿੱਚ 382.80 ਹੈਕਟੇਅਰ ਪਾਣੀ ਵਿੱਚ ਡੁੱਬ ਗਿਆ, ਜਿਸ ਦੇ ਨਤੀਜੇ ਵਜੋਂ 95.70 ਲੱਖ ਰੁਪਏ ਦਾ ਅੰਦਾਜ਼ਨ ਨੁਕਸਾਨ ਹੋਇਆ ਹੈ। ਲਗਪਗ 239 ਹੈਕਟੇਅਰ ਝੋਨੇ ਨੂੰ 33 ਪ੍ਰਤੀਸ਼ਤ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਅਧਿਕਾਰੀਆਂ ਨੇ ਕਿਹਾ ਕਿ ਅੱਗੇ ਦਾ ਮੁਲਾਂਕਣ ਜਾਰੀ ਹੈ, ਅਤੇ ਰਾਹਤ ਕਾਰਜਾਂ ਲਈ ਸੂਬਾ ਸਰਕਾਰ ਨੂੰ ਇੱਕ ਵਿਸਥਾਰਤ ਰਿਪੋਰਟ ਸੌਂਪੀ ਜਾਵੇਗੀ। ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕਿਸਾਨਾਂ ਨੂੰ ਅਗਲੇਰੀ ਨਿਕਾਸੀ ਲਈ ਚੌਕਸ ਰਹਿਣ ਦੀ ਸਲਾਹ ਦਿੱਤੀ ਗਈ ਹੈ। ਇੰਦੌਰਾ ਸਬ-ਡਿਵੀਜ਼ਨ ਦੇ ਮੰਡ ਖੇਤਰਾਂ ਵਿੱਚ ਆਏ ਹੜ੍ਹਾਂ ਨੇ ਕਈ ਪਿੰਡਾਂ ਅਤੇ ਮਨੁੱਖੀ ਬਸਤੀਆਂ ਵਿੱਚ ਬਿਜਲੀ ਸਪਲਾਈ ਠੱਪ ਕਰ ਦਿੱਤੀ ਹੈ, ਜਿਸ ਨਾਲ ਵਾਸੀਆਂ ਨੂੰ ਹਨੇਰੇ ਵਿੱਚ ਰਹਿਣਾ ਪੈ ਰਿਹਾ ਹੈ। ਕੁੱਲ 29 ਬਿਜਲੀ ਟਰਾਂਸਫਾਰਮਰ ਅਤੇ ਲਗਭਗ 9 ਤੋਂ 10 ਕਿਲੋਮੀਟਰ ਬਿਜਲੀ ਦੀਆਂ ਤਾਰਾਂ ਨੂੰ ਨੁਕਸਾਨ ਪਹੁੰਚਿਆ ਹੈ। ਬਿਜਲੀ ਬੋਰਡ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਾਣੀ ਦਾ ਪੱਧਰ ਘਟਣ 'ਤੇ ਹੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਬਿਜਲੀ ਸਪਲਾਈ ਠੱਪ ਹੋਣ ਕਾਰਨ ਪਾਣੀ ਦੀਆਂ ਯੋਜਨਾਵਾਂ ਵੀ ਪ੍ਰਭਾਵਿਤ ਹੋਈਆਂ ਹਨ, ਜਿਸ ਨਾਲ ਹੜ੍ਹ ਪ੍ਰਭਾਵਿਤ ਖੇਤਰ ਦੇ ਵਸਨੀਕਾਂ ਲਈ ਮੁਸ਼ਕਲਾਂ ਹੋਰ ਵੀ ਵਧ ਗਈਆਂ ਹਨ।

## ਪੰਜਾਬ ਹੜ੍ਹ: ਲੁਧਿਆਣਾ ਅਲਰਟ 'ਤੇ; ਮੌਤਾਂ ਦੀ ਗਿਣਤੀ 43 ਹੋਈ, 1.7 ਲੱਖ ਹੈਕਟੇਅਰ 'ਚ ਫ਼ਸਲ ਤਬਾਹ

ਲੁਧਿਆਣਾ/ਚੰਡੀਗੜ੍ਹ, 5 ਸਤੰਬਰ (ਪੱਤਰ ਪ੍ਰੇਰਕ)-ਲੁਧਿਆਣਾ ਪੂਰਬੀ ਖੇਤਰ ਵਿਚ ਪੈਂਦੇ ਪਿੰਡ ਸਸਰਾਲੀ ਨੇੜੇ ਸਤਲੁਜ ਦਰਿਆ ਵਿਚ ਪਾਣੀ ਦੇ ਤੇਜ਼ ਵਹਾਅ ਕਰਕੇ ਸਥਿਤੀ ਨਾਜ਼ੁਕ ਬਣੀ ਹੋਈ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਇੱਕ ਐਡਵਾਈਜ਼ਰੀ ਜਾਰੀ ਕਰਕੇ ਸਥਾਨਕ ਲੋਕਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਜਾਣ ਤੇ ਆਪਣੇ ਅਹਿਮ ਦਸਤਾਵੇਜ਼ਾਂ ਦੀ ਸਾਂਭ ਸੰਭਾਲ ਕਰਨ ਦੀ ਅਪੀਲ ਕੀਤੀ ਹੈ। ਪ੍ਰਸ਼ਾਸਨ ਮੁਤਾਬਕ ਸਸਰਾਲੀ ਪਿੰਡ ਦੀ ਸਥਿਤੀ ਨਾਜ਼ੁਕ ਹੈ ਅਤੇ ਪਾਣੀ ਦਾ ਵਹਾਅ ਕਿਸੇ ਵੀ ਸਮੇਂ ਬੰਨ੍ਹ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਸਤਲੁਜ ਦਰਿਆ ਦੇ ਨੇੜੇ ਸਸਰਾਲੀ ਪਿੰਡ ਵਿੱਚ ਪਾਣੀ ਦੇ ਤੇਜ਼ ਵਹਾਅ ਕਾਰਨ ਸਥਿਤੀ ਨਾਜ਼ੁਕ ਹੈ। ਹਾਲਾਂਕਿ ਬੰਨ੍ਹ ਦੀ ਰੱਖਿਆ ਅਤੇ ਮਜ਼ਬੂਤੀ ਲਈ ਯਤਨ ਕੀਤੇ ਜਾ ਰਹੇ ਹਨ, ਜੇਕਰ ਬੰਨ੍ਹ ਵਿੱਚ ਕੋਈ ਪਾੜ ਜਾਂ ਨੁਕਸਾਨ ਹੁੰਦਾ ਹੈ, ਤਾਂ ਸਸਰਾਲੀ, ਬੰਟ, ਰਾਵਤ, ਹਵਾਸ, ਸੀਜ਼ਾ, ਬੂਥਗੜ੍ਹ ਅਤੇ ਮੰਗਲੀ ਪਿੰਡ ਪ੍ਰਭਾਵਿਤ ਹੋ ਸਕਦੇ ਹਨ। ਇਨ੍ਹਾਂ ਪਿੰਡਾਂ ਦੇ ਹੜ੍ਹ ਦੇ ਪਾਣੀ ਨਾਲ ਘਿਰਨ ਦਾ ਵੀ



ਖ਼ਤਰਾ ਹੈ। ਲੁਧਿਆਣਾ ਨੇੜਲੇ ਪਿੰਡ ਸਸਰਾਲੀ ਵਿਚ ਸਤਲੁਜ ਦਰਿਆ ਦੇ ਕੰਢੇ ਮਜ਼ਬੂਤ ਕਰਨ ਲਈ ਕੀਤੀ ਚਾਰਾਜੋਈ। ਐਡਵਾਈਜ਼ਰੀ ਵਿਚ ਸਥਾਨਕ ਲੋਕਾਂ ਨੂੰ ਚੌਕਸ ਰਹਿਣ ਤੇ ਹਾਲਾਤ 'ਤੇ ਨੇੜਿਓਂ ਨਜ਼ਰ ਰੱਖਣ ਲਈ ਕਿਹਾ ਗਿਆ ਹੈ। ਪ੍ਰਸ਼ਾਸਨ ਨੇ ਲੋਕਾਂ ਨੂੰ ਹੰਗਾਮੀ ਹਾਲਾਤ ਵਿਚ ਘਰਾਂ ਦੀ ਪਹਿਲੀ ਮੰਜ਼ਿਲ 'ਤੇ ਜਾਣ ਦੀ ਹਦਾਇਤ ਕੀਤੀ ਹੈ। ਜੇਕਰ ਕੋਈ ਨੀਵੇਂ ਖੇਤਰ ਜਾਂ ਇੱਕ ਮੰਜ਼ਿਲਾ ਘਰ ਵਿੱਚ ਰਹਿੰਦਾ ਹੈ, ਤਾਂ ਉਸ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਜਾਣ ਲਈ ਆਖਿਆ ਹੈ। ਲੋਕਾਂ ਨੂੰ ਆਪਣੇ ਅਹਿਮ ਦਸਤਾਵੇਜ਼ਾਂ ਅਤੇ ਚੀਜ਼ਾਂ ਨੂੰ ਪਾਣੀ-ਰੋਧਕ ਬੈਗਾਂ ਵਿੱਚ ਰੱਖਣ ਜਾਂ ਨਾਲ ਲਿਜਾਣ ਲਈ ਕਿਹਾ ਹੈ। ਬਜ਼ੁਰਗਾਂ, ਬੱਚਿਆਂ ਅਤੇ ਬਿਮਾਰ ਲੋਕਾਂ ਨੂੰ ਪਹਿਲਾਂ ਤੇ ਤਰਜੀਹੀ ਅਧਾਰ 'ਤੇ ਸੁਰੱਖਿਅਤ ਟਿਕਾਣਿਆਂ ਉੱਤੇ ਪਹੁੰਚਾਉਣ ਲਈ ਕਿਹਾ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਮਦਦ ਲਈ ਬਚਾਅ ਕੇਂਦਰ ਵੀ ਸਥਾਪਿਤ ਕੀਤੇ ਗਏ ਹਨ। ਇਹ ਬਚਾਅ ਕੇਂਦਰ ਰਾਹੋਂ ਰੋਡ, ਗੌਂਸਗੜ੍ਹ, ਸਤਿਸੰਗ ਘਰ; ਚੰਡੀਗੜ੍ਹ ਰੋਡ, ਮੁੰਡੀਆਂ, ਸਤਿਸੰਗ ਘਰ; ਟਿੱਬਾ ਰੋਡ ਸਤਿਸੰਗ ਘਰ; ਕੈਲਾਸ਼ ਨਗਰ ਸਤਿਸੰਗ ਘਰ; ਪਿੰਡ ਸਸਰਾਲੀ ਨੇੜੇ ਰਾਧਾ ਸੁਆਮੀ ਕੇਂਦਰ; ਖਾਸੀ ਕਲਾਂ ਬਜ਼ਾਰ; ਖਾਸੀ ਕਲਾਂ ਸਕੂਲ; ਭੁਖੜੀ ਸਕੂਲ; ਮੱਤੇਵਾੜਾ ਸਕੂਲ; ਅਤੇ ਮੱਤੇਵਾੜਾ ਬਾਜ਼ਾਰ ਵਿਚ ਬਣਾਏ ਗਏ ਹਨ। ਲੋਕਾਂ ਦੀ ਮਦਦ ਲਈ ਹੈਲਪਲਾਈਨ ਨੰਬਰ ਵੀ ਜਾਰੀ ਕੀਤੇ ਗਏ ਹਨ। ਹੜ੍ਹ ਕੰਟਰੋਲ ਰੂਮ 0161-2433 100 ਤੇ ਪੁਲੀਸ ਹੈਲਪਲਾਈਨ 112, ਸੂਬਾ ਸਰਕਾਰ ਮੁਤਾਬਕ 23 ਜ਼ਿਲ੍ਹਿਆਂ ਦੇ 1,902 ਪਿੰਡ ਪ੍ਰਭਾਵਿਤ ਹੋਏ ਹਨ। ਕੁੱਲ 3.84 ਲੱਖ ਲੋਕ ਪ੍ਰਭਾਵਿਤ ਹੋਏ ਹਨ। 20,972 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ ਜਦੋਂਕਿ 1.71 ਲੱਖ ਹੈਕਟੇਅਰ ਫਸਲਾਂ ਤਬਾਹ ਹੋ ਗਈਆਂ ਹਨ। ਇਸ ਦੌਰਾਨ ਹੜ੍ਹਾਂ ਕਰਕੇ ਮਰਨ ਵਾਲਿਆਂ ਦੀ ਗਿਣਤੀ 43 ਹੋ ਗਈ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਧ 7 ਮੌਤਾਂ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹੋਈਆਂ ਹਨ। ਪਠਾਨਕੋਟ ਵਿਚ 6, ਬਰਨਾਲਾ ਅਤੇ ਅੰਮ੍ਰਿਤਸਰ (5-5), ਲੁਧਿਆਣਾ ਅਤੇ ਬਠਿੰਡਾ ਵਿਚ 4-4 ਮੌਤਾਂ ਹੋਈਆਂ ਹਨ। ਪਠਾਨਕੋਟ ਵਿੱਚ ਤਿੰਨ ਵਿਅਕਤੀ ਲਾਪਤਾ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਭਾਵਸ਼ਾਲੀ ਰਾਹਤ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਹਰ ਹੜ੍ਹ ਪ੍ਰਭਾਵਿਤ ਪਿੰਡ ਵਿੱਚ ਗਜ਼ਟਿਡ ਅਧਿਕਾਰੀ ਤਾਇਨਾਤ ਕੀਤੇ ਹਨ। ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਲੋੜਵੰਦਾਂ ਦੀ ਫੌਰੀ ਮਦਦ ਕੀਤੀ ਜਾਵੇਗੀ। ਫਸਲਾਂ, ਜਾਇਦਾਦ ਅਤੇ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਲਈ ਇੱਕ ਵਿਸ਼ੇਸ਼ 'ਗਿਰਦਾਵਰੀ' ਦੇ ਹੁਕਮ ਦਿੱਤੇ ਗਏ ਹਨ।

## ਘੱਗਰ ਦੇ ਪਾਣੀ ਦੀ ਸਥਿਤੀ 'ਤੇ ਰੱਖੀ ਜਾ ਰਹੀ ਨਜ਼ਰ; ਪ੍ਰਸ਼ਾਸਨ ਚੌਕਸ

ਬਾਦਸ਼ਾਹਪੁਰ/ਸ਼ੁਤਰਾਣਾ/ਪਾਤੜਾਂ, 5 ਸਤੰਬਰ (ਪੱਤਰ ਪ੍ਰੇਰਕ)- ਐਸ.ਡੀ.ਐਮ. ਪਾਤੜਾਂ ਅਸ਼ੋਕ ਕੁਮਾਰ ਨੇ ਦੱਸਿਆ ਕਿ ਘੱਗਰ ਵਿੱਚ ਪਿਛਲੇ ਦਿਨਾਂ ਤੋਂ ਵੱਧ ਰਹੇ ਪਾਣੀ 'ਤੇ ਪ੍ਰਸ਼ਾਸਨ ਵੱਲੋਂ ਪੂਰੀ ਨਜ਼ਰ ਰੱਖਦੇ ਹੋਏ ਚੌਕਸੀ ਵਰਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਘੱਗਰ ਦੇ ਕਮਜ਼ੋਰ ਬੰਨ੍ਹਾਂ ਨੂੰ ਹੋਰ ਮਜਬੂਤ ਕੀਤਾ ਗਿਆ ਹੈ ਅਤੇ ਸ਼ੁਤਰਾਣਾ ਖੇਤਰ ਵਿੱਚ ਹਾਲ ਦੇ ਸਮੇਂ ਕੋਈ ਬਰੀਚ ਨਹੀਂ ਹੈ। ਅਸ਼ੋਕ ਕੁਮਾਰ ਨੇ ਦੱਸਿਆ ਕਿ ਇਹਤਿਆਤ ਵਜੋਂ ਇਥੇ ਫ਼ੌਜ ਦੀ ਮਦਦ ਲਈ ਜਾ ਰਹੀ ਹੈ ਤੇ ਅੱਜ ਡਰੇਨੇਜ ਵਿਭਾਗ, ਜ਼ਿਲ੍ਹਾ ਪ੍ਰਸ਼ਾਸਨ, ਫ਼ੌਜ ਤੇ ਸਥਾਨਕ ਵਸਨੀਕਾਂ ਦੀ ਮਦਦ ਨਾਲ ਹਰਚੰਦਪੁਰਾ ਬੰਨ੍ਹ ਨੂੰ ਬੋਰੀਆਂ ਲਗਾ ਕੇ ਹੋਰ ਮਜ਼ਬੂਤ ਕੀਤਾ ਗਿਆ ਹੈ। ਐਸ.ਡੀ.ਐਮ ਨੇ ਦੱਸਿਆ ਕਿ 'ਸਾਡੀਆਂ ਟੀਮਾਂ ਦਿਨ-ਰਾਤ ਕੰਮ ਕਰ ਰਹੀਆਂ ਹਨ ਅਤੇ ਪਾਣੀ ਦੇ ਪੱਧਰ ਦੀ ਨਿਗਰਾਨੀ ਕਰ ਰਹੀਆਂ ਹਨ। ਸਥਾਨਕ ਨਿਵਾਸੀਆਂ ਦੀ ਮਦਦ ਨਾਲ ਹਰ 500 ਮੀਟਰ 'ਤੇ ਸਾਰੇ ਬੰਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ



ਸਥਾਨਕ ਵਸਨੀਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ 'ਤੇ ਯਕੀਨੀ ਨਾ ਕੀਤੀ ਜਾਵੇ ਅਤੇ ਕਿਸੇ ਵੀ ਵੀਡੀਓ ਜਾਂ ਸੰਦੇਸ਼ ਨੂੰ ਅੱਗੇ ਸ਼ੇਅਰ ਕਰਨ ਤੋਂ ਪਹਿਲਾਂ ਉਸ ਦੇ ਸੱਚੇ ਹੋਣ ਸਬੰਧੀ ਪੁਸ਼ਟੀ ਕਰ ਲਈ ਜਾਵੇ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਪੁਰਾਣੀਆਂ ਵੀਡੀਓਜ਼ ਤੇ ਫ਼ੋਟੋਆਂ ਪਾ ਕੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਜੋ ਕਿ ਅਪਰਾਧ ਹੈ। ਉਨ੍ਹਾਂ ਅਜਿਹੇ ਲੋਕਾਂ ਨੂੰ ਤਾੜਨਾ ਕਰਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਐੱਸ.ਡੀ.ਐੱਮ. ਅਸ਼ੋਕ ਕੁਮਾਰ ਨੇ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ੁਤਰਾਣਾ, ਗੁਰਦੁਆਰਾ ਸਾਹਿਬ ਬਹਿਰ ਸਾਹਿਬ ਜੀ, ਸਰਕਾਰੀ ਪ੍ਰਾਇਮਰੀ ਸਕੂਲ, ਬਕਰਾਹਾ, ਸਰਕਾਰੀ ਕਿਰਤੀ ਕਾਲਜ ਪਿੰਡ ਨਿਆਲ ਵਿਖੇ ਰਾਹਤ ਕੇਂਦਰ ਬਣਾਏ ਗਏ ਹਨ ਅਤੇ ਕੰਟਰੋਲ ਰੂਮ ਸੰਪਰਕ ਨੰਬਰ 01764-243403 ਵੀ ਸਥਾਪਤ ਕੀਤਾ ਗਿਆ ਹੈ।

## ਕੈਬਨਿਟ ਮੰਤਰੀ ਹੜ੍ਹਾਂ ਦੌਰਾਨ ਬਣੇ ਜਾਨ-ਮਾਲ ਦੇ ਰਾਖੇ: ਸਤਲੁਜ ਦੇ ਕੰਢੇ ਪੱਕੇ ਕਰਨ ਲਈ ਮੋਹਰੀ ਹੋ ਕੇ ਸਾਂਭੀ ਕਮਾਂਡ

### ਸਸਰਾਲੀ ਕਾਲੋਨੀ ਵਿੱਚ ਅਸਥਾਈ ਰਿੰਗ ਬੰਨ੍ਹ ਦਾ ਨਿਰਮਾਣ ਜੰਗੀ ਪੱਧਰ 'ਤੇ : ਹਰਦੀਪ ਮੁੰਡੀਆਂ

ਚੰਡੀਗੜ, 5 ਸਤੰਬਰ (ਪੱਤਰ ਪ੍ਰੇਰਕ)- ਹੜ੍ਹਾਂ ਦੀ ਮੌਜੂਦਾ ਸਥਿਤੀ ਨਾਲ ਨਿਰਣਾਇਕ ਅਤੇ ਸਰਗਰਮੀ ਨਾਲ ਨਜਿੱਠਣ ਲਈ ਪੰਜਾਬ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਹਰਜੋਤ ਸਿੰਘ ਬੈਂਸ ਆਪੋ-ਆਪਣੇ ਜ਼ਿਲਿਆਂ ਵਿੱਚ ਖੁਦ ਮੂਹਰੇ ਹੋ ਕੇ ਧੁੱਸੀ ਬੰਨ੍ਹਾਂ ਨੂੰ ਮਜਬੂਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਅਗਵਾਈ ਕਰ ਰਹੇ ਹਨ ਤਾਂ ਜੋ ਲੋਕਾਂ ਨੂੰ ਹੜ੍ਹਾਂ ਦੇ ਖ਼ਤਰੇ ਤੋਂ ਬਚਾਇਆ ਜਾ ਸਕੇ। ਲੁਧਿਆਣਾ ਜ਼ਿਲੇ ਵਿੱਚ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਸਸਰਾਲੀ ਵਿੱਚ ਇੱਕ ਅਹਿਮ ਅਤੇ ਪ੍ਰਮੁੱਖ ਤਰਜੀਹ ਵਾਲੇ ਪ੍ਰੋਜੈਕਟ ਦਾ ਸਿੱਧਾ ਚਾਰਜ ਸੰਭਾਲ ਰਹੇ ਹਨ। ਉਹ ਮੌਜੂਦਾ ਧੁੱਸੀ ਬੰਨ੍ਹ ਤੋਂ ਲਗਭਗ 500 ਮੀਟਰ ਦੀ ਦੂਰੀ 'ਤੇ ਬਣਾਏ ਜਾ ਰਹੇ ਇੱਕ ਨਵੇਂ ਅਸਥਾਈ ਰਿੰਗ ਬੰਨ੍ਹ ਦੇ ਨਿਰਮਾਣ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਨ। ਜ਼ਿਲਾ ਪ੍ਰਸ਼ਾਸਨ ਵੱਲੋਂ ਭਾਰਤੀ ਫੌਜ, ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨ.ਡੀ.ਆਰ.ਐਫ.) ਅਤੇ ਸਥਾਨਕ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕੀਤੀ ਗਈ ਇਹ ਵੱਡੀ ਪਹਿਲਕਦਮੀ, ਖੇਤਰ ਵਿੱਚ ਹੜ੍ਹ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਦੇ ਮੱਦੇਨਜ਼ਰ ਅਗਾਊਂ ਤਿਆਰੀ ਵਜੋਂ ਕੀਤੀ ਗਈ ਹੈ। ਕੈਬਨਿਟ ਮੰਤਰੀ ਮੁੰਡੀਆਂ ਦੀ ਦੇਖ-ਰੇਖ ਵਿੱਚ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਅਤੇ ਅਧਿਕਾਰੀਆਂ ਦੀ ਇੱਕ ਟੀਮ, ਜੋ ਪਿਛਲੇ ਦੋ ਦਿਨਾਂ ਤੋਂ ਮੌਕੇ 'ਤੇ ਤਾਇਨਾਤ ਹੈ, ਵੱਲੋਂ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਮੌਜੂਦਾ ਧੁੱਸੀ ਬੰਨ੍ਹ ਪੂਰੀ ਤਰਾਂ ਮਜ਼ਬੂਤ ਤੇ ਸੁਰੱਖਿਅਤ ਹੈ ਅਤੇ ਪਾੜ ਪੈਣ ਦੀ ਕੋਈ ਖ਼ਬਰ ਨਹੀਂ ਹੈ। ਇਸੇ ਤਰਾਂ, ਰੋਪੜ ਜ਼ਿਲੇ ਦੇ ਸ੍ਰੀ ਆਨੰਦਪੁਰ ਸਾਹਿਬ ਹਲਕੇ ਵਿੱਚ, ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨਿੱਜੀ ਤੌਰ 'ਤੇ ਸਤਲੁਜ ਦਰਿਆ ਦੇ ਕਮਜ਼ੋਰ ਬੰਨ੍ਹਾਂ ਨੂੰ ਮਜ਼ਬੂਤ ਕਰਨ ਦੀ



ਨਿਗਰਾਨੀ ਕਰ ਰਹੇ ਹਨ। ਮੰਤਰੀ ਬੈਂਸ ਖੁਦ ਮੌਕੇ 'ਤੇ ਜਾ ਕੇ ਕਮਜ਼ੋਰ ਥਾਵਾਂ ਨੂੰ ਜੰਬੋ ਬੈਗਾਂ ਨਾਲ ਮਜਬੂਤ ਕਰਨ ਅਤੇ ਸਾਰੇ ਨਿਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਮਲੇ ਨੂੰ ਨਿਰਦੇਸ਼ ਦੇ ਰਹੇ ਹਨ। ਉਨਾਂ ਅੱਗੇ ਕਿਹਾ ਕਿ ਮੌਸਮ ਦੀਆਂ ਭਵਿੱਖਬਾਣੀਆਂ ਘੱਟ ਬਾਰਿਸ਼ ਦਾ ਸੰਕੇਤ ਦਿੰਦੀਆਂ ਹਨ, ਜਿਸ ਨਾਲ ਹਾਲਾਤ ਹੋਰ ਕਾਬੂ ਵਿੱਚ ਆਉਣ ਦੀ ਉਮੀਦ ਹੈ। ਗੁਰਦਾਸਪੁਰ ਵਿੱਚ, ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਨਾਲ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਅਤੇ ਸ਼ਾਹਪੁਰ ਜਾਜਨ ਪੱਟੀ ਰਾਮਪੁਰ ਪਿੰਡ ਵਿੱਚ ਹੜ ਪੀੜਤਾਂ ਲਈ ਰਾਹਤ ਸਮੱਗਰੀ ਲੈ ਕੇ ਜਾਣ ਵਾਲੀਆਂ ਟਰਾਲੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

## ਰਾਜ ਸਭਾ ਮੈਂਬਰ ਸੰਜੇ ਸਿੰਘ ਵੱਲੋਂ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ

ਡੇਰਾ ਬਾਬਾ ਨਾਨਕ/ਗੁਰਦਾਸਪੁਰ, 5 ਸਤੰਬਰ (ਪੱਤਰ ਪ੍ਰੇਰਕ)-ਰਾਜ ਸਭਾ ਮੈਂਬਰ ਸ੍ਰੀ ਸੰਜੇ ਸਿੰਘ ਵੱਲੋਂ ਸੂਬੇ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਨਾਲ ਅੱਜ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ, ਅੰਮ੍ਰਿਤਸਰ ਦੱਖਣੀ ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ, ਡਿਪਟੀ ਕਮਿਸਨਰ ਸ੍ਰੀ ਦਲਵਿੰਦਰਜੀਤ ਸਿੰਘ, ਐੱਸ.ਐੱਸ.ਪੀ. ਬਟਾਲਾ ਜਨਾਬ ਸੋਹੇਲ ਕਾਸਿਮ ਮੀਰ, ਜ?ਿਲ੍ਹਾ ਯੋਜਨਾ ਕਮੇਟੀ ਦੇ ਨਵ-ਨਿਯੁਕਤ ਚੇਅਰਮੈਨ ਅਤੇ ਆਪ ਦੇ ਜ?ਿਲ੍ਹਾ ਪ੍ਰਧਾਨ ਜੋਬਨ ਰੰਧਾਵਾ, ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਸ੍ਰੀ ਰਾਜੀਵ ਸਰਮਾ ਵੀ ਮੌਜੂਦ ਸਨ। ਰਾਜ ਸਭਾ ਮੈਂਬਰ ਸ੍ਰੀ ਸੰਜੇ ਸਿੰਘ, ਸੂਬੇ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਅੱਜ ਸਵੇਰੇ ਸਭ ਤੋਂ ਪਹਿਲਾਂ ਪਿੰਡ ਸਾਹਪੁਰ ਜਾਜਨ ਦੀ ਪੱਤੀ ਰਾਮਪੁਰ ਵਿਖੇ ਹੜ੍ਹ ਪੀੜਤਾਂ ਲਈ ਰਾਹਤ ਸਮਗਰੀ ਦੀਆਂ ਟਰਾਲੀਆਂ ਨੂੰ ਰਵਾਨਾ ਕੀਤਾ ਗਿਆ। ਇਸ ਉਪਰੰਤ ਉਨ੍ਹਾਂ ਵੱਲੋਂ ਡੇਰਾ ਬਾਬਾ ਨਾਨਕ ਇਲਾਕੇ ਅਤੇ ਸ੍ਰੀ ਕਰਤਾਰਪੁਰ



ਸਾਹਿਬ ਕਾਰੀਡੋਰ ਵਿਖੇ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜਾ ਲਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਰਾਜ ਸਭਾ ਮੈਂਬਰ ਸ੍ਰੀ ਸੰਜੇ ਸਿੰਘ ਨੇ ਕਿਹਾ ਕਿ ਕਿੰਨੇ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਕਈ ਇਲਾਕੇ ਗੰਭੀਰ ਹੜ੍ਹਾਂ ਦੀ ਮਾਰ ਹੇਠ ਹਨ ਅਤੇ ਕਿਸਾਨਾਂ ਦੀਆਂ ਫਸਲਾਂ, ਪਸ਼ੂਆਂ ਸਮੇਤ ਆਮ ਲੋਕਾਂ ਦਾ ਵੱਡਾ ਮਾਲੀ ਨੁਕਸਾਨ ਹੋਇਆ ਹੈ ਪਰ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਅਜੇ ਤੱਕ ਪੰਜਾਬ ਲਈ ਕੋਈ ਵਿਸੇਸ ਰਾਹਤ ਪੈਕੇਜ ਨਹੀਂ ਐਲਾਨਿਆ ਗਿਆ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਤਾਲਿਬਾਨ ਸਾਸਿਤ ਅਫਗਾਨਿਸਤਾਨ ਦੀ ਤਾਂ ਮਦਦ ਕਰ ਰਹੀ ਹੈ ਪਰ ਹਿੰਦੁਸਤਾਨ ਦੀ ਨਹੀਂ। ਉਨ੍ਹਾਂ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਕਿ ਅਫਗਾਨਿਸਤਾਨ ਨੂੰ ਤਾਂ ਤੁਰੰਤ ਰਾਹਤ ਸਮਗਰੀ ਭੇਜੀ ਗਈ ਪਰ ਹੜ੍ਹਾਂ ਨਾਲ ਪ੍ਰਭਾਵਿਤ ਪੰਜਾਬ ਨੂੰ ਵਿੱਤੀ ਅਤੇ ਮਾਨਵਤਾਵਾਦੀ ਸਹਾਇਤਾ ਦੇਣ ਵਿੱਚ ਦੇਰੀ ਕਿਉਂ ਹੋ ਰਹੀ ਹੈ। ਸ੍ਰੀ ਸੰਜੇ ਸਿੰਘ ਨੇ ਕਿਹਾ ਕਿ ਬੀਤੇ ਕੱਲ੍ਹ ਕੇਂਦਰੀ ਖੇਤੀਬਾੜੀ ਮੰਤਰੀ ਸ੍ਰੀ ਸ?ਿਵਰਾਜ ਚੌਹਾਨ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰ ਰਹੇ ਸਨ ਪਰ ਉਨ੍ਹਾਂ ਵੱਲੋਂ ਵੀ ਪੰਜਾਬ ਨੂੰ ਕੋਈ ਰਾਹਤ ਦੇਣ ਦਾ ਐਲਾਨ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰੀ ਖੇਤੀਬਾੜੀ ਮੰਤਰੀ ਏਨੇ ਦਿਨਾਂ ਬਾਅਦ ਵੀ ਰਿਪੋਰਟ ਦੀ ਗੱਲ ਨਾ ਕਰਨ ਸਗੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਪੈਕੇਜ ਦੇਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਪੰਜਾਬ ਨਾਲ ਮਤਰਈ ਮਾਂ ਵਾਲਾ ਸਲੂਕ ਬੰਦ ਕਰਕੇ ਔਖੀ ਘੜੀ ਵਿੱਚ ਉਸ ਦੀ ਬਾਂਹ ਫੜ੍ਹਨੀ ਚਾਹੀਦੀ ਹੈ। ਇਸ ਮੌਕੇ ਸੂਬੇ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਹੜ੍ਹਾਂ ਦੇ ਇਸ ਸੰਕਟ ਵਿੱਚ ਪੰਜਾਬ ਸਰਕਾਰ ਆਪਣੇ ਲੋਕਾਂ ਦੇ ਨਾਲ ਹੈ ਅਤੇ ਇਸ ਸੰਕਟ ਨਾਲ ਨਜਿੱਠਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਸਾਰੀ ਮਸੀਨਰੀ ਆਪਣੀ ਪੂਰੀ ਸਮਰੱਥਾ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ ਵਿੱਚ ਲੱਗੀ ਹੋਈ ਹੈ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਸ੍ਰੀ ਮਨੀਸ ਸਿਸੋਦੀਆ, ਪੰਜਾਬ ਸਰਕਾਰ ਦੇ ਸਾਰੇ ਮੰਤਰੀ ਤੇ ਵਿਧਾਇਕ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਜਿੱਥੇ ਜਮੀਨੀ ਪੱਧਰ 'ਤੇ ਹੋਏ ਨੁਕਸਾਨ ਦਾ ਜਾਇਜਾ ਲੈ ਰਹੇ ਹਨ ਓਥੇ ਰਾਹਤ ਤੇ ਬਚਾਅ ਕਾਰਜਾਂ ਵਿੱਚ ਵੀ ਆਪਣਾ ਯੋਗਦਾਨ ਪਾ ਰਹੇ ਹਨ।




# ਸਕੇ ਭਰਾਵਾਂ ਨੇ ਨਿਸ਼ਾਨੇਬਾਜ਼ੀ 'ਚ ਫੁੰਡੇ ਜਿੱਤੇ ਚਾਂਦੀ ਦੇ ਤਗਮੇ

## ਸੂਬਾਈ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ 'ਚ ਵੱਖ-ਵੱਖ ਵਰਗਾਂ 'ਚ ਮਾਰੀਆਂ ਮੱਲਾਂ



ਤਲਵੰਡੀ ਸਾਬੋ, 5 ਸਤੰਬਰ (ਪੱਤਰ ਪ੍ਰੇਰਕ)ਪਿੰਡ ਮਲਕਾਣਾ ਦੇ ਮੌਜੂਦਾ ਸਰਪੰਚ ਰਾਮਪਾਲ ਸਿੰਘ ਸਿੱਧੂ ਦੇ ਦੋਵੇਂ ਪੁੱਤਰਾਂ ਨੇ ਮੁਹਾਲੀ ਵਿੱਚ ਹੋਈ ਸੂਬਾਈ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ ਦੇ ਵੱਖ-ਵੱਖ ਵਰਗ ਦੇ ਮੁਕਾਬਲਿਆਂ ਵਿੱਚ ਚਾਂਦੀ ਦੇ ਤਗਮੇ ਜਿੱਤ ਕੇ ਪਿੰਡ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਨਿਸ਼ਾਨੇਬਾਜ਼ਾਂ ਦੇ ਪਿਤਾ ਸਰਪੰਚ ਰਾਮਪਾਲ ਸਿੰਘ ਨੇ ਦੱਸਿਆ ਕਿ ਮੁਹਾਲੀ ਵਿਖੇ ਹੋਈ 60ਵੀਂ ਪੰਜਾਬ ਸਟੇਟ ਐੱਨਆਰ ਸ਼ੂਟਿੰਗ ਚੈਂਪੀਅਨਸ਼ਿਪ-2025 ਵਿੱਚ ਉਨ੍ਹਾਂ ਦੇ ਵੱਡੇ ਪੁੱਤਰ ਦਿਲਸ਼ਾਨ ਸਿੰਘ ਸਿੱਧੂ ਨੇ ਅੰਡਰ-17 'ਚ 50 ਮੀਟਰ ਫਰੀ ਪਿਸਟਲ ਨਿਸ਼ਾਨੇਬਾਜ਼ੀ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਹਾਸਲ ਕੀਤਾ। ਇਸੇ ਤਰ੍ਹਾਂ ਛੋਟੇ ਪੁੱਤਰ ਅਭੈ ਪ੍ਰਤਾਪ ਸਿੰਘ ਸਿੱਧੂ ਨੇ ਅੰਡਰ-14 ਦੇ 10 ਮੀਟਰ ਏਅਰ ਪਿਸਟਲ ਨਿਸ਼ਾਨੇਬਾਜ਼ੀ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਜ਼ਿਕਰਯੋਗ ਹੈ ਕਿ ਦਿਲਸ਼ਾਨ ਸਿੰਘ ਸਿੱਧੂ ਨੇ ਪਿਛਲੇ ਸਮੇਂ ਤੋਂ ਕੌਮੀ ਅਤੇ ਸੂਬਾ ਪੱਧਰ ਦੇ ਨਿਸ਼ਾਨੇਬਾਜ਼ੀ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ ਸੋਨੇ ਤੇ ਚਾਂਦੀ ਦੇ ਤਗਮੇ ਹਾਸਲ ਕੀਤੇ ਹਨ ਉੱਥੇ ਅਭੈ ਪ੍ਰਤਾਪ ਸਿੰਘ ਸਿੱਧੂ ਨੇ ਪਹਿਲੀ ਵਾਰ ਕਿਸੇ ਪ੍ਰਤੀਯੋਗਤਾ ਵਿੱਚ ਭਾਗ ਲੈਂਦਿਆਂ ਚਾਂਦੀ ਦਾ ਤਗਮਾ ਹਾਸਲ ਕੀਤਾ ਹੈ।ਰਾਮਪਾਲ ਸਿੰਘ ਮਲਕਾਣਾ ਨੇ ਇਸ ਪ੍ਰਾਪਤੀ ਦਾ ਸਿਹਰਾ ਓਲੰਪੀਅਨ ਸ਼ੂਟਿੰਗ ਅਕੈਡਮੀ ਕਾਲਾਂਵਾਲੀ ਦੇ ਕੋਚ ਸੰਦੀਪ ਕੁਮਾਰ ਅਤੇ ਮਨਜੀਤ ਕੌਰ ਨੂੰ ਦਿੱਤਾ ਹੈ।

# ਡਰੇਨ ਦੀ ਸਫ਼ਾਈ ਨਾ ਹੋਣ ਖ਼ਿਲਾਫ਼ ਨਾਅਰੇਬਾਜ਼ੀ

ਭਦੌੜ, 5 ਸਤੰਬਰ (ਪੱਤਰ ਪ੍ਰੇਰਕ)ਪਿੰਡ ਕੋਠੇ ਖਿਉਣ ਸਿੰਘ ਵਾਲਾ ਵਿੱਚ ਪਿੰਡ ਵਿਧਾਤੇ ਤੋਂ ਭਾਈਰੂਪਾ ਤੱਕ ਜਾਂਦੀ ਡਰੇਨ ਦੀ ਸਫਾਈ ਨਾ ਹੋਣ ਕਾਰਨ ਕਿਸਾਨਾਂ ਨੇ ਨਾਅਰੇਬਾਜ਼ੀ ਕੀਤੀ।ਇਸ ਡਰੇਨ ਕਾਰਨ 200 ਏਕੜ ਦੇ ਕਰੀਬ ਫ਼ਸਲ ਪਾਣੀ ਨਾਲ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਹੈ। ਕਿਸਾਨ ਬਾਘ ਸਿੰਘ ਮਾਨ ਨੰਬਰਦਾਰ, ਬਲਵਿੰਦਰ ਸਿੰਘ, ਕੁਲਵਿੰਦਰ ਸਿੰਘ ਪੰਚ, ਸੁਖਚੈਨ ਸਿੰਘ ਮਾਨ ਨੇ ਕਿਹਾ ਕਿ ਛੰਨਾ ਰੋਡ ਨੇੜੇ ਇਸ ਡਰੇਨ ਵਿਚ ਭਦੌੜ ਦੇ ਸੀਵਰੇਜ ਸਿਸਟਮ ਪਾਣੀ ਵੀ ਪੈਂਦਾ ਹੈ ਜਿਸ ਦੀ ਪਿਛਲੇ 8-10 ਸਾਲਾਂ ਤੋਂ ਸਫਾਈ ਨਹੀਂ ਕੀਤੀ ਗਈ। ਇਸ ਵਕਤ ਇਸ ਡਰੇਨ ਵਿਚਲਾ ਪਾਣੀ ਪੂਰੀ ਤਰਾਂ



ਓਵਰਫਲੋ ਹੋਕੇ ਕਿਸਾਨਾਂ ਦੇ ਖੇਤਾਂ ਅੰਦਰ ਪੈ ਰਿਹਾ ਹੈ ਜਿਸ ਕਾਰਨ ਕਿਸਾਨਾਂ ਦੀ 200 ਏਕੜ ਦੇ ਕਰੀਬ ਇਸ ਪਾਣੀ ਨਾਲ ਪੂਰੀ ਤਰਾਂ ਪ੍ਰਭਾਵਿਤ ਹੋਕੇ ਖਰਾਬ ਹੋਣ ਕਿਨਾਰੇ ਤੇ ਹੈ ਪਰ ਪ੍ਰਸ਼ਾਸਨ ਦਾ ਇਸ ਪਾਸੇ ਉੱਕਾ ਵੀ ਧਿਆਨ ਨਹੀਂ ਦੇ ਰਿਹਾ।

# ਆੜ੍ਹਤੀਆਂ ਵੱਲੋਂ ਹੜ੍ਹ ਪੀੜਤ ਕਿਸਾਨਾਂ ਦੇ ਹੱਕ 'ਚ ਨਿੱਤਰਨ ਦਾ ਐਲਾਨ

## ਪੰਜਾਬ ਸਰਕਾਰ ਨੂੰ ਫੌਰੀ ਮੁਆਵਜ਼ਾ ਦੇਣ; ਕਣਕ ਲਈ ਬੀਜ ਤੇ ਖਾਦ ਮੁਫ਼ਤ ਮੁਹੱਈਆ ਕਰਵਾਉਣ ਦੀ ਮੰਗ



ਮਾਨਸਾ, 5 ਸਤੰਬਰ (ਪੱਤਰ ਪ੍ਰੇਰਕ)ਪੰਜਾਬ ਵਿੱਚ ਹੜ੍ਹਾਂ ਦੀ ਮਾਰ ਹੇਠ ਕਿਸਾਨੀ ਦਾ ਵੱਡਾ ਹਿੱਸਾ ਆਉਣ ਤੋਂ ਬਾਅਦ ਹੁਣ ਆੜ੍ਹਤੀਆ ਐਸੋਸੀਏਸ਼ਨ ਨੇ ਕਿਸਾਨਾਂ ਦੇ ਹੱਕ ਵਿੱਚ ਨਿੱਤਰਨ ਦਾ ਐਲਾਨ ਕੀਤਾ ਹੈ। ਅੱਜ ਇਥੇ ਹੋਏ ਆੜ੍ਹਤੀਆਂ ਦੇ ਵੱਡੇ ਇਕੱਠ ਵਿੱਚ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਵਿਜੈ ਕਾਲੜਾ ਵੱਲੋਂ ਆੜ੍ਹਤੀਆਂ ਨੂੰ ਹੜ੍ਹ ਪੀੜਤ ਲੋਕਾਂ ਦੀ ਹਰ ਸੰਭਵ ਮਦਦ ਕਰਨ ਲਈ ਆਦੇਸ਼ ਦਿੱਤੇ ਗਏ ਹਨ। ਇਨ੍ਹਾਂ ਆਦੇਸ਼ਾਂ ਨੂੰ ਜ਼ਿਲ੍ਹਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਮੁਨੀਸ਼ ਬੱਬੀ ਦਾਨੇਵਾਲੀਆ ਵੱਲੋਂ ਤੁਰੰਤ ਲਾਗੂ ਕਰਨ ਦੀ ਹਾਮੀ ਭਰੀ ਗਈ ਹੈ। ਸ੍ਰੀ ਬੱਬੀ ਦਾਨੇਵਾਲੀਆ ਨੇ ਕਿਹਾ ਕਿ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਹੜ੍ਹਾਂ ਦੀਆਂ ਮਿਲੀਆਂ ਰਿਪੋਰਟਾਂ ਅਨੁਸਾਰ ਹੁਣ ਤੱਕ ਹੜ੍ਹਾਂ ਨਾਲ ਲਗਪਗ 5 ਲੱਖ ਏਕੜ ਰਕਬਾ ਪ੍ਰਭਾਵਤ ਹੋਇਆ ਹੈ ਜਦਕਿ ਕਪਾਹ ਪੱਟੀ ਵਿੱਚ ਨਰਮੇ ਦੀ ਫ਼ਸਲ ਸੌ ਫੀਸਦੀ ਨੁਕਸਾਨੀ ਗਈ ਹੈ। ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਬਰਬਾਦੀ ਨਾਲ ਇਕੱਲਾ ਕਿਸਾਨ ਹੀ ਨਹੀਂ ਮਾਰਿਆ ਜਾਵੇਗਾ, ਸਗੋਂ ਇਸ ਨਾਲ ਮਜ਼ਦੂਰ, ਆੜ੍ਹਤੀਆ, ਦੁਕਾਨਦਾਰ, ਟਰਾਂਸਪੋਰਟਰ ਅਤੇ ਹੋਰ ਕਾਰੋਬਾਰੀ ਵੀ ਬੁਰੀ ਤਰ੍ਹਾਂ ਰਗੜੇ ਜਾਣਗੇ। ਉਨ੍ਹਾਂ ਕਿਹਾ ਕਿ ਕਿਸਾਨ ਅਤੇ ਆੜ੍ਹਤੀ ਦਾ ਨਹੁੰ-ਮਾਸ ਦਾ ਰਿਸ਼ਤਾ ਹੈ, ਉਸ ਨੂੰ ਦੇਖਦੇ ਹੋਏ ਕਿਸਾਨਾਂ ਦੀ ਪੂਰੀ ਮੱਦਦ ਕੀਤੀ ਜਾਵੇਗੀ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਫਟਾਫਟ ਗਿਰਦਾਵਰੀਆਂ ਕਰਵਾ ਕੇ ਕਿਸਾਨਾਂ-ਮਜ਼ਦੂਰਾਂ ਨੂੰ ਬਣਦਾ ਮੁਆਵਜ਼ਾ ਤੁਰੰਤ ਦੇਣ ਦੇ ਨਾਲ-ਨਾਲ ਕਣਕ ਦੀ ਬਿਜਾਈ ਮੁਫ਼ਤ ਡੀਏਪੀ ਅਤੇ ਕਣਕ ਦਾ ਨਵਾਂ ਬੀਜ ਦੇਣ ਦਾ ਹੁਣੇ ਤੋਂ ਹੀ ਪ੍ਰਬੰਧ ਕੀਤਾ ਜਾਵੇ।ਐਸੋਸੀਏਸ਼ਨ ਦੇ ਜਨਰਲ ਸਕੱਤਰ ਰਮੇਸ਼ ਟੋਨੀ ਨੇ ਪੰਜਾਬ ਸਰਕਾਰ ਵੱਲੋਂ ਵਪਾਰੀਆਂ ਉੱਪਰ ਲਾਏ ਗਏ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਦੀ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।

# ਅਕਾਲੀ ਦਲ ਛੱਡ ਕੇ ਚਾਰ ਪਰਿਵਾਰ ਕਾਂਗਰਸ 'ਚ ਸ਼ਾਮਲ



ਲੰਬੀ, 5 ਸਤੰਬਰ (ਪੱਤਰ ਪ੍ਰੇਰਕ)ਪਿੰਡ ਫੱਤਾਕੇਰਾ ਵਿੱਚ ਅੱਜ ਚਾਰ ਪਰਿਵਾਰਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿੰਦੇ ਹੋਏ ਸੀਨੀਅਰ ਕਾਂਗਰਸ ਆਗੂ ਫ਼ਤਹਿ ਸਿੰਘ ਬਾਦਲ ਦੀ ਹਾਜ਼ਰੀ ਵਿੱਚ ਕਾਂਗਰਸ ਪਾਰਟੀ ਦਾ ਹੱਥ ਫੜ ਲਿਆ। ਇਸ ਮੌਕੇ ਸਾਬਕਾ ਸਰਪੰਚ ਪ੍ਰਤੀਨਿਧੀ ਗੁਰਨਾਮ ਸਿੰਘ, ਭੋਲਾ ਸਿੰਘ, ਗੁਰਜੀਤ ਸਿੰਘ ਅਤੇ ਦਲਜੀਤ ਸਿੰਘ ਦੀ ਪ੍ਰੇਰਨਾ ਸਦਕਾ ਜਗਸੀਰ ਸਿੰਘ, ਧਰਮਪਾਲ ਸਿੰਘ, ਲਖਵਿੰਦਰ ਸਿੰਘ ਅਤੇ ਬਨਵਾਰੀ ਸਿੰਘ ਨੇ ਆਪਣੇ ਪਰਿਵਾਰਾਂ ਸਮੇਤ ਕਾਂਗਰਸ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸੀਨੀਅਰ ਕਾਂਗਰਸ ਆਗੂ ਫਤਹਿ ਸਿੰਘ ਬਾਦਲ ਨੇ ਨਵੇਂ ਸ਼ਾਮਲ ਹੋਏ ਪਰਿਵਾਰਾਂ ਨੂੰ ਪਟਕੇ ਪਾ ਕੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਪਿਤਾ ਸਰਦਾਰ ਮਹੇਸ਼ਇੰਦਰ ਸਿੰਘ ਦੀ ਅਗਵਾਈ ਹੇਠ ਇਨ੍ਹਾਂ ਪਰਿਵਾਰਾਂ ਨੂੰ ਕਾਂਗਰਸ ਪਾਰਟੀ ਵਿੱਚ ਪੂਰਾ ਮਾਣ ਅਤੇ ਸਤਿਕਾਰ ਮਿਲੇਗਾ। ਇਸ ਮੌਕੇ ਨਿਹਾਲ ਸਿੰਘ ਬਾਦਲ, ਅਮਰਜੀਤ ਸਿੰਘ, ਬਚਿੱਤਰ ਸਿੰਘ ਹਾਕੂਵਾਲਾ, ਜਸਦੀਪ ਸਿੰਘ ਹਾਕੂਵਾਲਾ, ਰਾਜਾ ਭੁੱਲਰਵਾਲਾ ਅਤੇ ਗੁਰਪ੍ਰੀਤ ਸਿੰਘ ਮਹਿਣਾ ਵੀ ਮੌਜੂਦ ਸਨ।

# ਹੜ੍ਹਾਂ ਦੀ ਮਾਰ: ਟੁੱਟੀਆਂ ਬੇੜੀਆਂ 'ਚ ਗੋਤੇ ਖਾਂਦੀ ਜ਼ਿੰਦਗੀ

## ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਨੇ ਪਾਣੀ 'ਚ ਘਿਰੇ ਲੋਕ; ਡਿਪਟੀ ਕਮਿਸ਼ਨਰ ਵੱਲੋਂ ਬੇੜੀ ਬਦਲਣ ਦਾ ਭਰੋਸਾ

ਫਾਜ਼ਿਲਕਾ, 5 ਸਤੰਬਰ (ਪੱਤਰ ਪ੍ਰੇਰਕ)ਫਾਜ਼ਿਲਕਾ ਦੇ ਸਰਹੱਦੀ ਖੇਤਰ ਵਿੱਚ ਪਿਛਲੇ 15-20 ਦਿਨਾਂ ਤੋਂ ਲਗਾਤਾਰ ਸਤਲੁਜ ਦਰਿਆ 'ਚ ਵੱਧ ਰਹੇ ਪਾਣੀ ਕਾਰਨ ਲੋਕ ਮੁਸ਼ਕਲਾਂ ਵਿੱਚ ਘਿਰੇ ਹੋਏ ਹਨ। ਲੋਕਾਂ ਦੀ ਇੱਕ ਮੁਸੀਬਤ ਮੁੱਕਦੀ ਹੈ ਤੇ ਦੂਸਰੀ ਖੜ੍ਹੀ ਹੋ ਜਾਂਦੀ ਹੈ। ਸਰਹੱਦੀ ਪਿੰਡ ਚੱਕ ਖੀਵਾ ਦੇ ਲੋਕਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਦੀ ਮੰਗ 'ਤੇ ਦੇਰੀ ਨਾਲ ਬੇੜੀ ਮਿਲੀ, ਪ੍ਰੰਤੂ ਉਹ ਵੀ ਟੁੱਟੀ ਹੋਈ ਹੈ। ਇਸ ਬੇੜੀ ਨੂੰ ਚਲਾਉਂਦਿਆਂ ਦੋ ਵਿਅਕਤੀ ਲਗਾਤਾਰ ਇਸ ਵਿੱਚੋਂ ਪਾਣੀ ਕੱਢਣ ਦੀ ਡਿਊਟੀ ਕਰਦੇ ਹਨ ਜੋ ਆਪਣੀ ਜ਼ਿੰਦਗੀ ਜੋਖਮ 'ਚ ਪਾ ਰਹੇ ਹਨ। ਪਿੰਡ ਦੇ ਨੌਜਵਾਨ ਸੁਰਿੰਦਰ ਸਿੰਘ ਨੇ ਦੱਸਿਆ ਕਿ ਇਸ ਲੀਕ ਹੋ ਰਹੀ ਬੇੜੀ 'ਤੇ ਸਫ਼ਰ ਕਰਨ ਮੌਕੇ ਦੋ ਵਿਅਕਤੀ ਡੁੱਬਣ ਲੱਗੇ ਸਨ ਜਿਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਬਚਾਇਆ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਪਿੰਡ ਘੁਰਕਾ ਦੀ ਭਗਵਾਨ ਸਿੰਘ ਦੇ ਵਾਸੀਆਂ ਨੂੰ ਮੰਗ ਕਰਨ ਦੇ 20 ਦਿਨਾਂ ਬਾਅਦ ਇੱਕ ਬੇੜੀ ਮਿਲੀ ਸੀ ਅਤੇ ਉਹ ਵੀ ਬੇੜੀ ਟੁੱਟੀ ਹੋਈ ਸੀ। ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਉਸ ਬੇੜੀ ਨੂੰ ਬਦਲਿਆ ਗਿਆ ਪਰ ਲਗਾਤਾਰ ਇਕ ਹਫ਼ਤਾ ਪਿੰਡ ਘੁਰਕਾ ਦੇ ਲੋਕ ਜਾਨ ਜੋਖਮ ਵਿੱਚ ਪਾ ਕੇ ਆਪਣਾ ਸਫਰ ਕਰਦੇ ਰਹੇ। ਅੱਜ ਜਦੋਂ ਸਰਹੱਦੀ ਪਿੰਡ ਚੱਕ ਖੀਵਾ ਵਿੱਚ ਲੀਕ ਹੋ ਰਹੀ ਬੇੜੀ ਬਾਰੇ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਧਿਆਨ ਵਿੱਚ ਲਿਆਂਦਾ ਗਿਆ ਤਾਂ ਉਨ੍ਹਾਂ ਕਿਹਾ ਕਿ ਉਹ ਤੁਰੰਤ ਐੱਸਡੀਐੱਮ ਜਲਾਲਾਬਾਦ ਨਾਲ ਗੱਲਬਾਤ ਕਰਕੇ ਇਸ ਬੇੜੀ ਬਦਲ ਕੇ ਸਹੀ ਬੇੜੀ ਭੇਜਣ ਦਾ ਪ੍ਰਬੰਧ ਕਰਵਾਉਣਗੇ। ਦੂਜੇ ਪਾਸੇ ਫ਼ਾਜ਼ਿਲਕਾ ਦੇ ਆਖ਼ਰੀ ਸਰਹੱਦ ਤੇ ਵਸੇ ਤਿੰਨ ਪਾਸਿਓਂ ਪਾਕਿਸਤਾਨ ਅਤੇ ਇੱਕ ਪਾਸਿਓਂ ਸਤਲੁਜ ਦਰਿਆ ਨਾਲ ਘਿਰੇ ਪਿੰਡ ਮੁਹਾਰ ਜਮਸ਼ੇਰ ਦੇ ਬਾਸ਼ਿੰਦਿਆਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਨ੍ਹਾਂ ਲਈ ਇੰਜਣ ਵਾਲੀ ਬੇੜੀ ਦਾ ਪ੍ਰਬੰਧ ਕੀਤਾ ਜਾਵੇ, ਕਿਉਂਕਿ ਚੱਪੂ ਵਾਲੀ ਬੇੜੀ ਪਾਣੀ ਦਾ ਵਹਾਅ ਤੇਜ਼ ਹੋਣ ਕਰਕੇ ਉਨ੍ਹਾਂ ਨੂੰ ਕਿਨਾਰੇ ਨਹੀਂ ਲਾਉਂਦੀ।ਪਿੰਡ ਦੇ ਨੌਜਵਾਨ ਸੁੱਖਾ ਸਿੰਘ ਦਾ ਕਹਿਣਾ ਹੈ ਕਿ ਇੰਜਣ ਵਾਲੀ ਬੇੜੀ ਨਾ ਹੋਣ ਕਰਕੇ ਨਾ ਉੱਥੇ ਰਾਸ਼ਨ ਪਹੁੰਚਦਾ ਹੈ ਅਤੇ



ਨਾ ਹੀ ਪਸ਼ੂਆਂ ਲਈ ਚਾਰਾ। ਉਹ ਆਪਣੇ ਘਰ ਵਿੱਚ ਪਏ ਰਾਸ਼ਨ ਅਤੇ ਪਸ਼ੂਆਂ ਦਾ ਸੁੱਕੇ ਚਾਰੇ ਨਾਲ ਹੀ ਗੁਜ਼ਾਰਾ ਕਰ ਰਹੇ ਹਨ ਜਿਹੜਾ ਕਿ ਇੱਕ ਦੋ ਦਿਨ ਤੱਕ ਬਾਕੀ ਬਚਿਆ ਹੈ ਉਹ ਵੀ ਖ਼ਤਮ ਹੋਣ ਕਿਨਾਰੇ ਹੈ। ਰਾਸ਼ਨ ਬੀਐੱਸਐੱਫ ਗੇਟ ਤੱਕ ਹੀ ਪਹੁੰਚਦਾ ਹੈ ਜਿੱਥੋਂ ਉਹ ਲੈਣ ਲਈ ਉਹ ਆ ਨਹੀਂ ਸਕਦੇ। ਸਤਲੁਜ ਦਰਿਆ 'ਤੇ ਬਣੇ ਮੁੱਖ ਬੰਨ੍ਹ ਦਾ ਪਾਣੀ ਹੇਠੋਂ ਲੀਕ ਕਰਨ ਲੱਗ ਗਿਆ ਹੈ ਜਿਸ ਨਾਲ ਕਿਸੇ ਵਕਤ ਵੀ ਵੱਡਾ ਖਤਰਾ ਬਣ ਸਕਦਾ ਹੈ। ਪ੍ਰਸ਼ਾਸਨ ਵੱਲੋਂ ਰਾਹਤ ਕੈਂਪਾਂ ਵਿੱਚ ਕੀਤੀ ਜਾ ਰਹੀ ਅਪੀਲ 'ਤੇ ਵੀ ਘਰ ਛੱਡ ਕੇ ਨਾ ਆਉਣ ਵਾਲੇ ਸਤਲੁਜ ਦਰਿਆ ਪਾਰ ਬੈਠੇ ਪਿੰਡ ਰੇਤੇ ਵਾਲੀ ਦੇ ਨੌਜਵਾਨ ਸੁਰਜੀਤ ਸਿੰਘ ਦਾ ਕਹਿਣਾ ਹੈ ਕਿ ਉਹ ਆਪਣੇ ਪਸ਼ੂਆਂ ਨੂੰ ਛੱਡ ਕੇ ਨਹੀਂ ਆ ਸਕਦੇ, ਕਿਉਂਕਿ ਉਹ ਆਪਣੀ ਤਾਂ ਜਾਨ ਬਚਾ ਲੈਣਗੇ, ਪ੍ਰੰਤੂ ਪਸ਼ੂਆਂ ਦੀ ਜਾਨ ਜੋਖਮ ਵਿੱਚ ਪਾ ਕੇ ਆਉਣਾ ਉਨ੍ਹਾਂ ਦੀ ਆਤਮਾ ਨਹੀਂ ਮੰਨਦੀ। ਕਿਉਂਕਿ ਜੇਕਰ ਉਹ ਆਪਣੇ ਬੱਚਿਆਂ ਸਮੇਤ ਪਰਿਵਾਰ ਨੂੰ ਲੈ ਕੇ ਆ ਜਾਣਗੇ ਤਾਂ ਪਸ਼ੂਆਂ ਨੂੰ ਚਾਰਾ ਜਾਂ ਫਿਰ ਫੀਡ ਕੌਣ ਪਾਊ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੀ ਅਗਵਾਈ ਵਿੱਚ ਬੇੜੀ ਰਾਹੀਂ ਹੜ੍ਹ ਪ੍ਰਭਾਵਿਤ ਪਿੰਡਾਂ ਤੇ ਢਾਣੀਆਂ ਕੋਲ ਪਹੁੰਚ ਕੇ ਉਨ੍ਹਾਂ ਨੂੰ ਸੁਰੱਖਿਤ ਥਾਵਾਂ 'ਤੇ ਲਿਜਾਣ ਦੀ ਹਰ ਸੰਭਵ ਕੋਸ਼ਿਸ਼ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ।

ਫ਼ਿਰੋਜ਼ਪੁਰ/ਮੱਲਾਂਵਾਲਾ (ਪੱਤਰ ਪ੍ਰੇਰਕ)ਜ਼ਿਲ੍ਹਾ ਫ਼ਿਰੋਜ਼ਪੁਰ ਦਾ ਪਿੰਡ ਗੱਟਾ ਬਾਦਸ਼ਾਹ ਇਸ ਵੇਲੇ ਹੜ੍ਹ ਦੇ ਭਿਆਨਕ ਸੰਕਟ ਵਿੱਚੋਂ ਲੰਘ ਰਿਹਾ ਹੈ। ਸਤਲੁਜ ਦਰਿਆ ਦਾ ਪਾਣੀ ਪੂਰੀ ਤੇਜ਼ ਰਫ਼ਤਾਰ ਨਾਲ ਵਗ ਰਿਹਾ ਹੈ। ਤੇਜ਼ ਪਾਣੀ ਦੀਆਂ ਲਹਿਰਾਂ ਬੰਨ੍ਹ ਨਾਲ ਟਕਰਾ ਕੇ ਖ਼ੌਫ਼ ਪੈਦਾ ਕਰ ਰਹੀਆਂ ਹਨ। ਅੱਜ ਇਹ ਮਾਹੌਲ ਵਿੱਚ ਵੀ ਇਲਾਕਾ ਨਿਵਾਸੀ ਆਪਣੇ ਸਾਹਮਣੇ ਡੁੱਬੇ ਹੋਏ ਖੇਤ ਅਤੇ ਘਰਾਂ ਵਿਚ ਭਰੇ ਹੋਏ ਪਾਣੀ ਵੇਖ ਕੇ ਵੀ ਬੁਲੰਦ ਹੌਸਲੇ ਨਾਲ ਬੰਨ੍ਹ ਦੀ ਮਜ਼ਬੂਤੀ ਲਈ ਲਗਾਤਾਰ ਕੰਮ ਕਰ ਰਹੇ ਹਨ। ਪਿੰਡ ਗੱਟਾ ਬਾਦਸ਼ਾਹ ਅਤੇ ਆਸ-ਪਾਸ ਦੀ ਇਲਾਕੇ ਦੇ ਲੋਕ ਦੋ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਬੰਨ੍ਹ ਬਚਾਉਣ ਦੀ ਜੰਗ ਲੜ ਰਹੇ ਹਨ। ਕੋਈ ਮਿੱਟੀ ਨਾਲ ਭਰੀ ਟਰਾਲੀ ਲਿਆ ਰਿਹਾ ਹੈ, ਕੋਈ ਤੋੜੇ ਤੇ ਬੋਰੇ ਬੰਨ੍ਹ ਉੱਤੇ ਰੱਖ ਰਿਹਾ ਹੈ, ਤੇ ਕੋਈ ਪਾਣੀ ਦੇ ਕਿਨਾਰੇ ਖੜ੍ਹ ਕੇ ਹਾਲਾਤਾਂ ਉੱਤੇ ਨਿਗਰਾਨੀ ਕਰ ਰਿਹਾ ਹੈ। ਇਸ ਮੋਰਚੇ ਉੱਤੇ ਨੌਜਵਾਨ, ਬਜ਼ੁਰਗ, ਔਰਤਾਂ ਤੇ ਬੱਚੇ ਸਾਰੇ ਇੱਕਠੇ ਹੋ ਕੇ ਹਾਲਾਤਾਂ ਨਾਲ ਲੜ ਰਹੇ ਹਨ ਪਰ ਉੱਥੇ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਨਜ਼ਰ ਨਹੀਂ ਆਇਆ। ਸਿਰਫ ਤੇ ਸਿਰਫ ਇਲਾਕੇ ਦੇ ਲੋਕ ਅਤੇ ਬਾਹਰੋਂ ਆਏ ਸਮਾਜ ਸੇਵੀ ਸੰਸਥਾਵਾਂ ਦੇ ਲੋਕ ਤੇ ਬੱਚੇ ਵੀ ਬੋਰੇ ਚੁੱਕ ਕੇ ਬੰਨ੍ਹ ਦੀ ਮਜ਼ਬੂਤੀ ਲਈ ਲਗਾ ਰਹੇ ਹਨ। ਜਦਕਿ ਔਰਤਾਂ ਕੰਮ ਕਰ ਰਹੇ ਲੋਕਾਂ ਲਈ ਘਰਾਂ 'ਚੋਂ ਖਾਣਾ ਬਣਾ ਕੇ ਲਿਆ ਰਹੀਆਂ ਹਨ। ਪਿੰਡ ਗੱਟਾ ਬਾਦਸ਼ਾਹ 'ਚ ਹਾਜ਼ਰ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਇਹ ਬੰਨ੍ਹ ਟੁੱਟ ਗਿਆ ਤਾਂ ਸਾਰਾ ਇਲਾਕਾ ਪਾਣੀ ਵਿੱਚ ਡੁੱਬ ਜਾਵੇਗਾ। ਇਸ ਕਰਕੇ ਉਹ ਸਰਕਾਰੀ ਤੰਤਰ ਜਾਂ ਸਹਾਇਤਾ ਦੀ ਉਡੀਕ ਨਹੀਂ ਕਰ ਸਕਦੇ ਅਤੇ ਅਸੀਂ ਆਪ ਹੀ ਆਪਣੀ ਜ਼ਮੀਨ ਤੇ ਘਰ ਬਚਾਉਣ ਲਈ ਲੜਾਂਗੇ। ਦੇਖਣ ਤੋਂ ਇਉਂ ਜਪਦਾ ਹੈ ਕਿ ਜਿਵੇਂ ਇਹ ਲੋਕ ਕੋਈ ਜੰਗ ਲੜ ਰਹੇ ਹੋਣ ਅਤੇ ਇਹਨਾਂ ਦੀ ਲੜਾਈ ਦੁਸ਼ਮਣ ਬਣੇ ਪਾਣੀ ਨਾਲ ਹੈ, ਜਦਕਿ ਮਿੱਟੀ ਦੇ ਬੋਰੇ ਇੱਕ ਹਥਿਆਰ ਵਜੋਂ ਕੰਮ ਕਰ ਰਹੇ ਹਨ।

# ਵਿਧਾਇਕ ਉੱਗੋਕੇ ਤੇ ਡਿਪਟੀ ਕਮਿਸ਼ਨਰ ਵੱਲੋਂ ਪਿੰਡ ਦਰਾਜ ਦਾ ਦੌਰਾ

ਤਪਾ, 5 ਸਤੰਬਰ (ਪੱਤਰ ਪ੍ਰੇਰਕ)ਹਲਕਾ ਵਿਧਾਇਕ ਲਾਭ ਸਿੰਘ ਉੱਗੋਕੇ ਅਤੇ ਡਿਪਟੀ ਕਮਿਸ਼ਨਰ ਟੀ ਬੈਨਿਥ ਵੱਲੋਂ ਅੱਜ ਵਰ੍ਹਦੇ ਮੀਂਹ ਦੌਰਾਨ ਪਿੰਡ ਦਰਾਜ ਦਾ ਦੌਰਾ ਕੀਤਾ ਗਿਆ ਅਤੇ ਮੀਂਹ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਵਿਧਾਇਕ ਲਾਭ ਸਿੰਘ ਉੱਗੋਕੇ ਨੇ ਕਿਹਾ ਕਿ ਜਿੱਥੇ ਜਿੱਥੇ ਛੱਤਾਂ ਡਿੱਗਣ ਕਾਰਨ ਮੰਦਭਾਗੀਆਂ ਘਟਨਾਵਾਂ ਵਾਪਰੀਆਂ ਹਨ, ਉਥੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਵਲੋਂ ਮੁਆਵਜ਼ਾ ਦਿੱਤਾ ਜਾ ਰਿਹਾ ਹੈ ਅਤੇ ਸਾਰੇ ਪਿੰਡਾਂ ਵਿਚ ਅਧਿਕਾਰੀਆਂ ਵਲੋਂ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਜਿੱਥੇ ਜਿੱਥੇ ਪਾਣੀ ਦੀ ਸਮੱਸਿਆ ਹੈ, ਓਥੇ ਨਿਕਾਸੀ ਕਾਰਵਾਈ ਜਾ ਰਹੀ ਹੈ। ਜਿਹੜੇ ਪਰਿਵਾਰ ਅਣਸੁਰੱਖਿਅਤ ਜਾਂ ਕੱਚੇ ਘਰਾਂ ਵਿੱਚ ਰਹਿ ਰਹੇ ਹਨ, ਉਹਨਾਂ ਲਈ ਰਾਹਤ ਕੈਂਪ ਸਥਾਪਿਤ ਕੀਤੇ ਗਏ ਹਨ। ਇਸ ਮੌਕੇ ਉਨ੍ਹਾਂ ਡਿਪਟੀ ਕਮਿਸ਼ਨਰ ਸਮੇਤ ਨੁਕਸਾਨੇ ਘਰਾਂ ਦਾ ਵੀ ਦੌਰਾ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਟੀ. ਬੈਨਿਥ ਵੱਲੋਂ ਘੁੰਨਸ ਡਰੇਨ ਵਿੱਚ ਵੀ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ ਗਿਆ ਅਤੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਸਮੇਂ ਸਮੇਂ @ਤੇ ਰਿਪੋਰਟ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਣਸੁਰੱਖਿਅਤ ਘਰਾਂ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਵੱਲੋਂ ਬਣਾਏ ਰਾਹਤ ਕੈਂਪਾਂ ਵਿੱਚ ਬਸੇਰਾ ਕਰਨ ਜਿੱਥੇ ਉਨ੍ਹਾਂ ਲਈ ਸਾਰੀਆਂ ਸਹੂਲਤਾਂ ਦਾ ਪ੍ਰਬੰਧ ਹੈ।

# ਹੜ੍ਹ ਕਾਰਨ ਪੰਜਾਬ ਤੇ ਜੰਮੂ 'ਚ 90 ਬੀਐੱਸਐੱਸ ਚੌਕੀਆਂ ਡੁੱਬੀਆਂ

## 110 ਕਿਲੋਮੀਟਰ ਕੌਮਾਂਤਰੀ ਸਰਹੱਦ ਪ੍ਰਭਾਵਿਤ

ਨਵੀਂ ਦਿੱਲੀ, 5 ਸਤੰਬਰ (ਪੱਤਰ ਪ੍ਰੇਰਕ)ਜੰਮੂ ਅਤੇ ਪੰਜਾਬ ਦੇ ਖੇਤਰਾਂ ਵਿੱਚ ਹੜ੍ਹਾਂ ਕਾਰਨ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ (92) ਦੀ 110 ਕਿਲੋਮੀਟਰ ਤੋਂ ਵੱਧ ਕੰਡਿਆਲੀ ਤਾਰ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਲਗਭਗ 90 ਬੀਐੱਸਐੱਫ ਪੋਸਟਾਂ ਡੁੱਬ ਗਈਆਂ ਹਨ। ਦੇਸ਼ ਦੇ ਪੱਛਮੀ ਪਾਸੇ ਰਾਜਸਥਾਨ ਅਤੇ ਗੁਜਰਾਤ ਰਾਜਾਂ ਦੇ ਨਾਲ ਲੱਗਣ ਵਾਲੀ 2,289 ਕਿਲੋਮੀਟਰ ਅੰਤਰਰਾਸ਼ਟਰੀ ਸਰਹੱਦ ਵਿੱਚੋਂ ਸਰਹੱਦੀ ਬਲ ਜੰਮੂ ਵਿੱਚ ਲਗਭਗ 192 ਕਿਲੋਮੀਟਰ ਅਤੇ ਪੰਜਾਬ ਵਿੱਚ 553 ਕਿਲੋਮੀਟਰ ਦੀ ਰਾਖੀ ਕਰਦਾ ਹੈ। ਪੰਜਾਬ ਵਿੱਚ ਕੌਮਾਂਤਰੀ ਸਰਹੱਦ 'ਤੇ ਕੰਡਿਆਲੀ ਤਾਰ ਦਾ ਲਗਭਗ 80 ਕਿਲੋਮੀਟਰ ਅਤੇ ਜੰਮੂ ਵਿੱਚ ਇਸ ਦਾ ਲਗਭਗ 30 ਕਿਲੋਮੀਟਰ ਹਿੱਸਾ ਹੜ੍ਹਾਂ ਕਾਰਨ ਨੁਕਸਾਨਿਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਥਾਵਾਂ 'ਤੇ ਕੰਡਿਆਲੀ ਤਾਰ ਜਾਂ ਤਾਂ ਡੁੱਬ ਗਈ ਹੈ, ਜੜ੍ਹੋਂ ਉਖੜ ਗਈ ਹੈ ਜਾਂ ਟੇਢੀ ਹੋ ਗਈ ਹੈ। ਹੜ੍ਹਾਂ ਨੇ ਜੰਮੂ ਵਿੱਚ ਲਗਭਗ 20 ਅਤੇ ਪੰਜਾਬ ਵਿੱਚ 65-67 ਸੀਮਾ ਸੁਰੱਖਿਆ ਬਲ (ਬੀਐੱਸਐੱਫ) ਦੀਆਂ ਪੋਸਟਾਂ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਫੋਰਸ ਦੇ ਕਈ ਫਾਰਵਰਡ ਡਿਫੈਂਸ ਪੁਆਇੰਟ (64ੂਤ) ਜਾਂ ਉੱਚ-ਜ਼ਮੀਨ 'ਤੇ



ਸਥਿਤ ਨਿਗਰਾਨੀ ਪੋਸਟਾਂ ਵੀ ਪ੍ਰਭਾਵਿਤ ਹੋਈਆਂ ਹਨ। ਇੱਕ ਅਧਿਕਾਰੀ ਨੇ ਦੱਸਿਆ ਕਿ ਫੋਰਸ ਨੇ ਹੁਣ ਇਨ੍ਹਾਂ ਦੋਵਾਂ ਖੇਤਰਾਂ ਵਿੱਚ ਕੰਡਿਆਲੀ ਤਾਰ ਅਤੇ ਸਰਹੱਦੀ ਚੌਕੀਆਂ (2ੂਤ) ਨੂੰ ਬਹਾਲ ਕਰਨ ਲਈ ਇੱਕ 'ਮੈਗਾ ਮੁਹਿੰਮ' ਸ਼ੁਰੂ ਕਰ ਦਿੱਤੀ ਹੈ ਤਾਂ ਜੋ ਫ਼ੌਜਾਂ ਉਨ੍ਹਾਂ 'ਤੇ ਦੁਬਾਰਾ ਕਬਜ਼ਾ ਕਰ ਸਕਣ। ਇਨ੍ਹਾਂ ਪ੍ਰਭਾਵਿਤ ਖੇਤਰਾਂ ਵਿੱਚ 92 ਨੂੰ ਡਰੋਨ ਨਿਗਰਾਨੀ, ਵੱਡੀਆਂ ਸਰਚਲਾਈਟਾਂ ਦੀ ਵਰਤੋਂ, ਕਿਸ਼ਤੀ ਗਸ਼ਤ ਅਤੇ ਇਲੈਕਟ੍ਰਾਨਿਕ ਨਿਗਰਾਨੀ ਦੁਆਰਾ ਸੁਰੱਖਿਅਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਣੀ ਘਟ ਰਿਹਾ ਹੈ ਅਤੇ ਬੀਐੱਸਐੱਫ ਜਲਦੀ ਹੀ ਆਪਣੀ ਸਥਿਤੀ 'ਤੇ ਵਾਪਸ ਆ ਜਾਵੇਗਾ। ਪੰਜਾਬ 1988 ਤੋਂ ਬਾਅਦ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਿਹਾ ਹੈ, ਜਦੋਂ ਕਿ ਜੰਮੂ ਰਿਕਾਰਡ ਤੋੜ ਮੀਂਹ ਕਾਰਨ ਪ੍ਰਭਾਵਿਤ ਹੋਇਆ ਹੈ ਕਿਉਂਕਿ ਤਵੀ ਨਦੀ, ਜਿਸ ਨੂੰ ਸੂਰਿਆ ਪੁੱਤਰੀ ਵਜੋਂ ਜਾਣਿਆ ਜਾਂਦਾ ਹੈ, ਵਿੱਚ ਵਾਧੂ ਪਾਣੀ ਆਉਣ ਕਾਰਨ ਸੈਂਕੜੇ ਘਰ ਅਤੇ ਕਈ ਹੈਕਟੇਅਰ ਖੇਤੀਯੋਗ ਜ਼ਮੀਨ ਡੁੱਬ ਗਈ ਹੈ।

# ਘੱਗਰ 'ਚ ਪਾਣੀ ਡੇਢ ਫੁੱਟ ਹੋਰ ਵਧਿਆ

## ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਚੌਕਸ ਰਹਿਣ ਦੇ ਹੁਕਮ; ਬੰਨ੍ਹਾਂ ਦੀ ਮਜ਼ਬੂਤੀ ਦਾ ਕੰਮ ਜਾਰੀ

ਮਾਨਸਾ, 5 ਸਤੰਬਰ (ਪੱਤਰ ਪ੍ਰੇਰਕ)ਮੀਂਹ ਨੇ ਘੱਗਰ ਕਿਨਾਰੇ ਵਸਦੇ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ। ਮੀਂਹ ਪੈਣ ਕਾਰਨ ਘੱਗਰ ਵਿਚ ਪਾਣੀ ਡੇਢ ਫੁੱਟ ਹੋਰ ਵਧ ਗਿਆ ਹੈ ਤੇ ਪ੍ਰਸ਼ਾਸਨ ਨੇ ਘੱਗਰ ਕਿਨਾਰੇ ਵਸਦੇ ਲੋਕਾਂ ਨੂੰ ਚੌਕਸ ਕਰ ਦਿੱਤਾ ਹੈ। ਘੱਗਰ ਵਿੱਚ ਪਿੱਛੋਂ ਲਗਾਤਾਰ ਆ ਰਹੇ ਪਾਣੀ ਦੀ ਮਾਰ ਤੋਂ ਬਚਾਉਣ ਲਈ 500 ਤੋਂ ਵੱਧ ਟਰੈਕਟਰ ਬੰਨ੍ਹਾਂ ਦੀ ਮਜ਼ਬੂਤੀ ਲਈ ਦਿਨ-ਰਾਤ ਜੁਟੇ ਹੋਏ ਹਨ, ਪਰ ਅੱਜ ਦੇ ਮੀਂਹ ਨੇ ਉਨ੍ਹਾਂ ਦਾ ਕੰਮ ਨਹੀਂ ਚੱਲਣ ਦਿੱਤਾ ਹੈ। ਇਸ ਦੇ ਨਾਲ ਚਾਂਦਪੁਰਾ ਬੰਨ, ਖਨੌਰੀ ਆਦਿ ਵਿਚ ਪਾਣੀ ਦਾ ਪੱਧਰ ਧੀਮੀ ਗਤੀ ਨਾਲ ਵੱਧਣ ਨੂੰ ਲੈਕੇ ਲੋਕਾਂ ਨੂੰ ਥੋੜ੍ਹਾ ਧਰਵਾਸ ਜ਼ਰੂਰ ਹੈ, ਪਰ ਇਹ ਵੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਸੁਖਨਾ ਝੀਲ ਵਿਚੋਂ ਛੱਡੇ ਜਾ ਰਹੇ ਪਾਣੀ ਅਤੇ ਹਰਿਆਣਾ ਦੀਆਂ ਟਾਂਗਰੀ ਅਤੇ ਮਾਰਕੰਡਾ ਵਰਗੀਆਂ ਵੱਡੀਆਂ ਡਰੇਨਾਂ ਦਾ ਬੇਮੁਹਾਰਾ ਪਾਣੀ ਘੱਗਰ ਲਈ ਖਤਰਾ ਖੜ੍ਹਾ ਕਰ ਸਕਦਾ ਹੈ। ਅੱਜ ਪੰਜਾਬ ਵਿੱਚ ਪਏ ਮੋਹਲੇਧਾਰ ਮੀਂਹਾਂ ਦਾ ਪਾਣੀ ਵੀ ਡਰੇਨਾਂ ਰਾਹੀਂ ਘੱਗਰ ਵਿੱਚ ਹੀ ਡਿੱਗਣਾ ਹੈ, ਜਿਸ ਤੋਂ ਪਾਣੀ ਹੋਰ ਵੱਧਣ ਦਾ ਖਦਸ਼ਾ ਖੜ੍ਹਾ ਹੋਣ ਲੱਗਿਆ ਹੈ। ਮੌਸਮ ਵਿਭਾਗ ਦੇ ਅਨੁਸਾਰ ਇੰਨੀ ਦਿਨੀਂ ਪਹਾੜਾਂ ਵਿਚ ਵਰਖਾ ਘੱਟ ਹੋਣ ਦੀ ਸੂਚਨਾ ਹੈ, ਪਰ ਇਹ ਚਿੰਤਾ ਵੀ ਜ਼ਰੂਰ ਹੈ ਕਿ ਜੇਕਰ ਮੀਂਹ ਹੋਰ ਥਾਵਾਂ 'ਤੇ ਇਸੇ ਤਰ੍ਹਾਂ ਪੈਂਦਾ ਰਿਹਾ ਤਾਂ ਘੱਗਰ ਲਈ ਖ਼ਤਰਨਾਕ ਸਥਿਤੀ ਬਣ ਸਕਦੀ ਹੈ। ਸਰਦੂਲਗੜ੍ਹ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਕਿਹਾ ਕਿ ਘੱਗਰ ਦਾ ਪਾਣੀ ਅਜੇ ਖ਼ਤਰੇ ਦੇ ਨਿਸ਼ਾਨ ਤੋਂ ਥੱਲੇ ਹੈ, ਪਰ ਪਾਣੀ ਵੱਧ ਰਿਹਾ ਹੈ, ਪ੍ਰੰਤੂ ਮੀਂਹ ਠੱਲਦੇ ਹੀ ਇਹ ਪਾਣੀ ਥੱਲੇ ਚਲਾ



ਜਾਵੇਗਾ। ਜ਼ਿਲ੍ਹਾਂ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਬਿਕਰਮ ਮੋਫ਼ਰ ਨੇ ਕਿਹਾ ਕਿ ਘੱਗਰ ਦਾ ਪਾਣੀ ਖਤਰੇ ਦੇ ਨਿਸ਼ਾਨ ਦੇ ਨੇੜੇ ਜਾ ਰਿਹਾ ਹੈ, ਪਰ ਸਰਕਾਰ ਫਿਰ ਲੋਕਾਂ ਨੂੰ ਝੂਠੀ ਤਸੱਲੀ ਦੇਣ ਵਿਚ ਲੱਗੀ ਹੈ,ਜਦੋਂ ਕਿ ਇਸ ਲਈ ਕੀਤਾ ਕੁੱਝ ਨਹੀਂ ਗਿਆ। ਮਾਨਸਾ ਦੇ ਡਿਪਟੀ ਕਮਿਸ਼ਨਰ ਨਵਜੋਤ ਕੌਰ ਨੇ ਘੱਗਰ ਦਰਿਆ ਨੇੜਲੇ ਵਸਦੇ ਪਿੰਡਾਂ ਦੀਆਂ ਪੰਚਾਇਤਾਂ ਤੋਂ ਲੋਕਾਂ ਦੇ ਰਹਿਣ-ਸਹਿਣ ਦਾ ਹਾਲ ਜਾਣਦਿਆਂ ਪ੍ਰਸ਼ਾਸਨਿਕ ਅਧਿਕਾਰੀਆਂ ਲਗਾਤਾਰ ਪਿੰਡਾਂ ਦੀ ਪੁਜੀਸ਼ਨ ਨੂੰ ਸਮਝਦਿਆਂ ਲੋਕਾਂ ਦੀਆਂ ਲੋੜਾਂ ਤੁਰੰਤ ਪੂਰੀਆਂ ਕਰਨ ਦੇ ਨਿਰਦੇਸ਼ ਦਿੱਤੇ ਹਨ।

ਸਿਰਸਾ/ਕਾਲਾਂਵਾਲੀ (ਪੱਤਰ ਪ੍ਰੇਰਕ)ਘੱਗਰ 'ਚ ਲਗਾਤਾਰ ਵਧ ਰਹੇ ਪਾਣੀ ਦੇ ਪੱਧਰ ਕਾਰਨ ਕੰਢੇ ਵਸੇ ਪਿੰਡਾਂ ਦੇ ਲੋਕਾਂ ਵਿੱਚ ਭੈਅ ਦਾ ਮਾਹੌਲ ਬਣਿਆ ਹੋਇਆ ਹੈ। ਘੱਗਰ 'ਚ ਵਧ ਰਹੇ ਪਾਣੀ ਦੇ ਪੱਧਰ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ। ਸਿਰਸਾ ਖੇਤਰ ਵਿੱਚੋਂ ਲੰਘਦੇ ਘੱਗਰ ਦੇ ਪਾਣੀ ਦਾ ਪੱਧਰ ਪਿਛਲੇ ਤਿੰਨ ਦਿਨਾਂ ਤੋਂ ਵੱਧ ਰਿਹਾ ਹੈ। ਘੱਗਰ ਦੇ ਕੰਢੇ ਰਹਿਣ ਵਾਲੇ ਪਿੰਡਾਂ ਦੇ ਵਾਸੀ ਪਾਣੀ ਦੇ ਪੱਧਰ ਨੂੰ ਲੈ ਕੇ ਚਿੰਤਤ ਹੋਣ ਲੱਗੇ ਹਨ। ਸਿੰਚਾਈ ਵਿਭਾਗ ਦੀ ਟੀਮ ਦਿਨ-ਰਾਤ ਨਿਗਰਾਨੀ ਕਰ ਰਹੀ ਹੈ, ਜਦੋਂ ਕਿ ਐਸਡੀਐਮ, ਤਹਿਸੀਲਦਾਰ, ਨਾਇਬ ਤਹਿਸੀਲਦਾਰ ਅਤੇ ਬੀਡੀਪੀਓ ਦੀ ਟੀਮ ਵੀ ਰਾਤ ਨੂੰ ਲਗਾਤਾਰ ਮੌਕੇ ਦਾ ਨਿਰੀਖਣ ਕਰ ਰਹੀ ਹੈ ਅਤੇ ਸਥਿਤੀ ਦਾ ਜਾਇਜ਼ਾ ਲੈ ਰਹੀ ਹੈ ਅਤੇ ਠੋਸ ਪ੍ਰਬੰਧਾਂ ਨੂੰ ਯਕੀਨੀ ਬਣਾ ਰਹੀ ਹੈ। ਬੀਤੀ ਰਾਤ ਐਸਡੀਐਮ ਡੱਬਵਾਲੀ ਅਰਪਿਤ ਸੰਗਲ, ਐਸਡੀਐਮ ਐਲਨਾਬਾਦ ਪਾਰਸ ਭਗੋਰੀਆ, ਰਾਣੀਆ ਤਹਿਸੀਲਦਾਰ ਸ਼ੁਭਮ ਸ਼ਰਮਾ, ਨਾਇਬ ਤਹਿਸੀਲਦਾਰ ਸੁਭਾਸ਼, ਬੀਡੀਪੀਓ ਸਟਾਲਿਨ ਸਿਧਾਰਥ ਸਚਦੇਵਾ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਘੱਗਰ ਨਦੀ ਦੇ ਬੰਨ੍ਹਾਂ ਅਤੇ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਡਿਊਟੀ 'ਤੇ ਮੌਜੂਦ ਅਧਿਕਾਰੀਆਂ ਨੂੰ ਬੰਨ੍ਹਾਂ ਦੀ ਸੁਰੱਖਿਆ ਸਬੰਧੀ ਜ਼ਰੂਰੀ ਨਿਰਦੇਸ਼ ਦਿੱਤੇ। ਵੀਰਵਾਰ ਦੁਪਹਿਰ 2 ਵਜੇ ਤੱਕ ਸਰਦੂਲਗੜ੍ਹ ਪੁਆਇੰਟ 'ਤੇ 40 ਹਜ਼ਾਰ 300 ਕਿਊਸਿਕ ਪਾਣੀ ਵਗ ਰਿਹਾ ਹੈ ਅਤੇ ਓਟੂ ਵੀਅਰ ਵਿੱਚ 21 ਹਜ਼ਾਰ ਕਿਊਸਿਕ ਪਾਣੀ ਹੇਠਾਂ ਵੱਲ ਵਹਿ ਰਿਹਾ ਹੈ। ਭਾਰੀ ਬਾਰਿਸ਼ ਦੇ ਮੱਦੇਨਜ਼ਰ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ 5 ਅਤੇ 6 ਸਤੰਬਰ ਨੂੰ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਜੇਕਰ ਮੌਸਮ ਆਮ ਰਿਹਾ ਤਾਂ 8 ਸਤੰਬਰ ਨੂੰ ਸਕੂਲ ਸੁਚਾਰੂ ਢੰਗ ਨਾਲ ਖੁੱਲ੍ਹਣਗੇ। ਡਿਪਟੀ ਕਮਿਸ਼ਨਰ ਸ਼ਾਂਤਨੂ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਨਜ਼ਰ ਰੱਖ ਰਿਹਾ ਹੈ। ਘੱਗਰ ਦੇ ਪਾਣੀ ਦੇ ਪੱਧਰ ਨੂੰ ਲੈ ਕੇ ਬੰਨ੍ਹਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਦੌਰਾਨ ਅੱਜ ਕਾਲਾਂਵਾਲੀ ਦੇ ਕਾਂਗਰਸੀ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ ਆਪਣੇ ਵਿਧਾਨ ਸਭਾ ਹਲਕੇ ਦੇ ਪਿੰਡ ਰੰਗਾ, ਲਹਿੰਗੇਵਾਲਾ ਤੇ ਮੱਤੜ ਆਦਿ ਪਹੁੰਚੇ ਜਿੱਥੇ ਉਨ੍ਹਾਂ ਨੇ ਘੱਗਰ ਦੇ ਬੰਨ੍ਹਾਂ ਦਾ ਨਿਰੀਖਣ ਕੀਤਾ ਅਤੇ ਲੋਕਾਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਘੱਗਰ ਦੇ ਪਾਣੀ ਤੋਂ ਬਚਾਉਣ ਲਈ ਮਿੱਟੀ ਦੇ ਬੰਨ੍ਹ ਬਣਾ ਰਹੇ ਪਿੰਡਾਂ ਦੇ ਲੋਕਾਂ ਤੋਂ ਘੱਗਰ ਨਦੀ 'ਚ ਵਧ ਰਹੇ ਪਾਣੀ ਦੀ ਸਥਿਤੀ ਬਾਰੇ ਪੁੱਛਗਿੱਛ ਕੀਤੀ ਅਤੇ ਮੌਕੇ 'ਤੇ ਹੀ ਡਿਪਟੀ ਕਮਿਸ਼ਨਰ ਸਿਰਸਾ ਨਾਲ ਫੋਨ 'ਤੇ ਸੰਪਰਕ ਕਰਕੇ ਉਨ੍ਹਾਂ ਨੂੰ ਟਰੈਕਟਰ, ਟਰਾਲੀਆਂ ਅਤੇ ਜੇ.ਸੀ.ਬੀ. ਆਦਿ ਨਾਲ ਪਿੰਡਾਂ ਦੇ ਲੋਕਾਂ ਦੀ ਮਦਦ ਕਰਨ ਦੀ ਅਪੀਲ ਕੀਤੀ।

# ਐੱਨਆਈਆਰਐੱਫ ਰੈਂਕਿੰਗ 'ਚ ਪੰਜਾਬ ਕੇਂਦਰੀ ਯੂਨੀਵਰਸਿਟੀ ਦਾ 77ਵਾਂ ਸਥਾਨ

ਬਠਿੰਡਾ, 5 ਸਤੰਬਰ (ਪੱਤਰ ਪ੍ਰੇਰਕ)ਸਿੱਖਿਆ ਤੇ ਖੋਜ ਦੇ ਖੇਤਰ ਵਿੱਚ ਆਪਣੀ ਵਿਸ਼ੇਸ਼ ਭੱਲ ਬਣਾ ਰਹੀ ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ ਨੇ ਇਸ ਸਾਲ ਨੈਸ਼ਨਲ ਇੰਸਟੀਚਿਊਟਨਲ ਰੈਂਕਿੰਗ ਫਰੇਮਵਰਕ (ਐੱਨਆਈਆਰਐੱਫ) ਇੰਡੀਆ ਰੈਂਕਿੰਗਜ਼ 2025 ਵਿੱਚ ਯੂਨੀਵਰਸਿਟੀ ਸ਼੍ਰੇਣੀ ਵਿੱਚ 77ਵਾਂ ਸਥਾਨ ਹਾਸਲ ਕੀਤਾ ਹੈ। ਦੱਸਣਯੋਗ ਹੈ ਕਿ 'ਵਰਸਟੀ ਪਿਛਲੇ ਸਾਲ 83ਵੇਂ ਸਥਾਨ ਸੀ ਜੋ ਐਤਕੀ 6 ਸਥਾਨ ਅੱਗੇ ਹੋ ਗਈ ਹੈ। ਬੁਲਾਰੇ ਨੇ ਦੱਸਿਆ ਕਿ ਫਾਰਮੇਸੀ ਸ਼੍ਰੇਣੀ ਵਿੱਚ 20ਵਾਂ ਅਤੇ ਕਾਨੂੰਨ ਸ਼੍ਰੇਣੀ ਵਿੱਚ 40ਵਾਂ ਸਥਾਨ ਪ੍ਰਾਪਤ ਕਰਕੇ ਵਿਦਿਅਕ ਖੇਤਰ ਵਿੱਚ ਆਪਣੀ ਅਗਵਾਈ ਨੂੰ ਹੋਰ ਮਜ਼ਬੂਤ ਕੀਤਾ ਹੈ। ਇਸ ਦੇ ਨਾਲ ਹੀ ਸੀਯੂ ਪੰਜਾਬ ਨੇ ਸਮੁੱਚੀ ਸ਼੍ਰੇਣੀ ਵਿੱਚ ÷ਰੈਂਕ ਬੈਂਡ 100-150÷ ਵਿੱਚ ਜਗ੍ਹਾ ਬਣਾਈ ਹੈ। ਗੌਰਤਲਬ ਹੈ ਕਿ ਲਗਾਤਾਰ ਸੱਤ ਸਾਲਾਂ ਤੋਂ ਯੂਨੀਵਰਸਿਟੀ ਭਾਰਤ ਦੀਆਂ ਚੋਟੀ ਦੀਆਂ 100 ਯੂਨੀਵਰਸਿਟੀਆਂ ਵਿੱਚ ਸ਼ਾਮਲ ਰਹੀ ਹੈ।

# ਗਬਨ: ਪੀੜਤ ਕਿਸਾਨਾਂ ਨੂੰ ਤਿੰਨ ਸਾਲ ਬਾਅਦ ਵੀ ਨਾ ਮਿਲਿਆ ਇਨਸਾਫ਼

## ਮਰਹੂਮ ਸੈਕਟਰੀ ਦੇ ਪਰਿਵਾਰ ਦੀ ਜ਼ਮੀਨ ਦੀ ਨਿਲਾਮੀ ਦਾ ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ



ਮਹਿਲ ਕਲਾਂ, 5 ਸਤੰਬਰ (ਪੱਤਰ ਪ੍ਰੇਰਕ)ਪਿੰਡ ਪੱਖੋਕੇ ਅਤੇ ਮੱਲ੍ਹੀਆਂ ਦੀ ਸਾਂਝੀ ਸਹਿਕਾਰੀ ਸਭਾ ਦਾ ਗਬਨ ਮਾਮਲਾ ਤਿੰਨ ਵਰ੍ਹਿਆਂ ਬਾਅਦ ਵੀ ਕਿਸੇ ਤਣ ਪੱਤਣ ਨਹੀ ਲੱਗਿਆ। ਉਥੇ ਅੱਜ ਗਬਨ ਮਾਮਲੇ 'ਚ ਨਾਮਜ਼ਦ ਮਰਹੂਮ ਸੈਕਟਰੀ ਦੇ ਪਰਿਵਾਰ ਦੇ ਜ਼ਮੀਨ ਦੀ ਇੱਕ ਪਰਿਵਾਰ ਵੱਲੋਂ ਅਦਾਲਤ ਰਾਹੀਂ ਨਿਲਾਮੀ ਲਿਆਂਦੀ ਗਈ ਸੀ, ਜਿਸ ਨੂੰ ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਕਰਕੇ ਰੋਕਿਆ ਗਿਆ। ਇਸ ਮੌਕੇ ਐਕਸ਼ਨ ਕਮੇਟੀ ਆਗੂ ਬੂਟਾ ਸਿੰਘ ਸਿੱਧੂ, ਗੁਰਚਰਨ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਸੁਸਾਇਟੀ 'ਚ ਕਰੋੜਾਂ ਦਾ ਘਪਲਾ ਕਰਨ ਵਾਲੇ ਸੈਕਟਰੀ ਦੇ ਪਰਿਵਾਰ ਦੀ ਜ਼ਮੀਨ ਮਾਲ ਮਹਿਕਮੇ ਵੱਲੋਂ ਸੁਸਾਇਟੀ ਦੇ ਨਾਮ ਅਟੈਚ ਕਰ ਦਿੱਤੀ ਗਈ ਸੀ ਪਰ ਹੁਣ ਇਸੇ ਜ਼ਮੀਨ ਦੀ ਇੱਕ ਵਿਅਕਤੀ ਵੱਲੋਂ ਅਦਾਲਤ ਰਾਹੀਂ ਨਿਲਾਮੀ ਲਿਆਂਦੀ ਗਈ। ਉਨ੍ਹਾਂ ਕਿਹਾ ਕਿ ਕਰੋੜਾਂ ਰੁਪਈਏ ਦੀ ਠੱਗੀ ਮਾਰਨ ਵਾਲੇ ਸੈਕਟਰੀ ਦਾ ਪਰਿਵਾਰ ਆਪਣੀ ਜ਼ਮੀਨ ਚੋਰ-ਮੋਰੀ ਰਾਹੀਂ ਵੇਚਣਾ ਚਾਹੁੰਦਾ ਹੈ, ਪਰ ਉਹ ਕਿਸੇ ਵੀ ਵਿਅਕਤੀ ਦੇ ਨਿੱਜੀ ਹਿਤਾਂ ਲਈ ਇਹ ਨਿਲਾਮੀ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਇਸਦੀ ਕਾਨੂੰਨੀ ਲੜਾਈ ਵੀ ਅਦਾਲਤ ਰਾਹੀਂ ਲੜਨ ਦਾ ਫ਼ੈਸਲਾ ਲਿਆ ਹੈ। ਉਧਰ ਅੱਜ ਇਸ ਨਿਲਾਮੀ ਲਈ ਪਹੁੰਚੇ ਪਟਵਾਰੀ ਵਿਸ਼ਾਲ ਮੋਰਿਆ ਅਤੇ ਨਾਇਬ ਤਹਿਸੀਲਦਾਰ ਦੇ ਰੀਡਰ ਯਾਦਵਿੰਦਰ ਸਿੰਘ ਨੇ ਕਿਹਾ ਕਿ ਉਹ ਅਦਾਲਤ ਦੇ ਹੁਕਮਾਂ ਅਨੁਸਾਰ ਹੀ ਪਿੰਡ ਪੱਖੋਕੇ ਵਿਖੇ ਜ਼ਮੀਨ ਦੀ ਨਿਲਾਮੀ ਲਈ ਪਹੁੰਚੇ ਸਨ, ਜਿੱਥੇ ਕਿਸਾਨ ਜੱਥੇਬੰਦੀਆਂ ਤੇ ਲੋਕਾਂ ਦੇ ਵਿਰੋਧ ਕਾਰਨ ਨਿਲਾਮੀ ਨਹੀਂ ਹੋ ਸਕੀ।

# ਮੋਗਾ ਦੇ ਡੀ ਸੀ ਤੇ ਐੱਸ ਐੱਸ ਪੀ ਵੱਲੋਂ ਕਿਸ਼ਤੀ ਰਾਹੀਂ ਪਿੰਡਾਂ ਦਾ ਦੌਰਾ



ਮੋਗਾ, 5 ਸਤੰਬਰ (ਪੱਤਰ ਪ੍ਰੇਰਕ)ਕੁਦਰਤੀ ਆਫ਼ਤ ਸਮੇਂ ਪੰਜਾਬੀ ਹਮੇਸ਼ਾ ਸੰਕਟ ਮੋਚਨ ਬਣਦੇ ਹਨ। ਇਥੋਂ ਤੱਕ ਕਿ ਸੰਸਾਰ ਵਿੱਚ ਜੇਕਰ ਕਿਤੇ ਵੀ ਕੋਈ ਕੁਦਰਤੀ ਆਫ਼ਤ ਆਉਂਦੀਹੈ ਤਾਂ ਪੰਜਾਬੀ ਹਮੇਸ਼ਾ ਸੇਵਾ ਭਾਵਨਾ ਨਾਲ ਯਤਨਸ਼ੀਲ ਰਹਿੰਦੇ ਹਨ। ਇਸ ਤਾਜ਼ਾ ਮਿਸਾਲ ਪੰਜਾਬ ਵਿੱਚ ਆਏ ਹੜ੍ਹਾਂ ਤੋਂ ਮਿਲਦੀ ਹੈ ਜਿਥੇ ਲੋਕ ਪਾਣੀ 'ਚ ਘਿਰੇ ਲੋਕਾਂ ਨੂੰ ਰਾਹਤ ਸਮੱਗਰੀ ਵੰਡ ਰਹੇ ਹਨ। ਇਸੇ ਤਰ੍ਹਾਂ ਡੀਸੀ ਅੰਮ੍ਰਿਤਸਰ ਸਾਕਸ਼ੀ ਸਾਹਨੀ ਦੀਆਂ ਸੋਸ਼ਲ ਮੀਡੀਆ ਉੱਤੇ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਪਹੁੰਚ ਕਰਨ ਤੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਹਮਦਰਦੀ ਦੇ ਇਜ਼ਹਾਰ ਦੀ ਦੁਨੀਆਂ ਭਰ ਵਿੱਚ ਸ਼ਲਾਘਾ ਹੋ ਰਹੀ ਹੈ। ਹੁਣ ਹੋਰਨਾਂ ਜ਼ਿਲ੍ਹਿਆਂ ਦੇ ਡੀਸੀਜ਼ ਵੀ ਪ੍ਰਭਾਵਿਤ ਲੋਕਾਂ ਦੀ ਸਾਰ ਲੈਣ ਲਈ ਕਿਸ਼ਤੀਆਂ ਵਿਚ ਚੜ੍ਹ ਗਏ ਹਨ। ਇਥੇ ਅੱਜ ਡੀਸੀ ਸਾਗਰ ਸੇਤੀਆ ਅਤੇ ਐੱਸਐੱਸਪੀ ਅਜੈ ਗਾਂਧੀ, ਏਡੀਸੀ ਚਾਰੂਮਿਤਾ, ਐੱਸਡੀਐੱਮ ਹਿਤੇਸ਼ਵੀਰ ਗੁਪਤਾ, ਥਾਣਾ ਧਰਮਕੋਟ ਮੁਖੀ ਇੰਸਪੈਕਟਰ ਗੁਰਮੇਲ ਸਿੰਘ ਚਾਹਲ ਤੇ ਹੋਰ ਅਧਿਕਾਰੀਆਂ ਨੇ ਕਿਸ਼ਤੀ ਰਾਹੀਂ ਪਿੰਡ ਰੇੜਵਾਂ, ਸੈਦ ਜਲਾਲਪੁਰ, ਸ਼ੇਰਪੁਰ ਤਾਇਬਾਂ, ਸ਼ੇਰੇਵਾਲਾ, ਮੰਦਰ ਕਲਾਂ, ਰਾਊਵਾਲਾ, ਸੰਘੇੜਾ ਆਦਿ ਵਿੱਚ ਪਾਣੀ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਪ੍ਰਭਾਵਿਤ ਲੋਕਾਂ ਦੇ ਘਰਾਂ ਤੱਕ ਪਹੁੰਚ ਕਰ ਕੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਸਥਾਪਤ ਰਾਹਤ ਕੈਂਪਾਂ ਵਿੱਚ ਜਾਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਪਾਣੀ ਦਾ ਵਹਾਅ ਬਹੁਤ ਤੇਜ਼ ਹੈ ਪਰ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ। ਪ੍ਰਸ਼ਾਸਨ ਵੱਲੋਂ 9 ਰਾਹਤ ਕੈਂਪ ਰਾਊਵਾਲਾ, ਮੰਦਰ ਕਲਾਂ, ਖੰਬਾ, ਅੰਮੀਵਾਲਾ, ਢੋਲੇਵਾਲਾ, ਭੈਣੀ, ਰੇਹੜਵਾਂ, ਕਿਸ਼ਨਪੁਰਾ ਕਲਾਂ, ਫਤਹਿਗੜ੍ਹ ਪੰਜਤੂਰ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਟੀਮਾਂ ਪਹਿਲਾਂ ਹੀ ਬੰਨ੍ਹ ਨੂੰ ਲਗਾਤਾਰ ਮਜ਼ਬੂਤ ਕਰਨ ਲਈ ਕੰਮ ਕਰ ਰਹੀਆਂ ਹਨ। ਰਾਹਤ ਕੈਂਪਾਂ ਵਿੱਚ 150 ਤੋਂ ਵਧੇਰੇ ਲੋਕਾਂ ਨੂੰ ਪ੍ਰਸ਼ਾਸਨਿਕ ਟੀਮਾਂ ਵੱਲੋਂ ਪਹੁੰਚਾਇਆ ਗਿਆ ਹੈ।

# ਅਗਨੀਵੀਰ ਜਸ਼ਨਦੀਪ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

## ਇਨਫੈਕਸ਼ਨ ਕਰ ਕੇ ਦਿੱਲੀ 'ਚ ਹੋਈ ਸੀ ਮੌਤ; ਕੈਂਸਰ ਨਾਲ ਜੂਝ ਰਿਹੈ ਮ੍ਰਿਤਕ ਦਾ ਪਿਤਾ



ਲੰਬੀ, 5 ਸਤੰਬਰ (ਪੱਤਰ ਪ੍ਰੇਰਕ)ਪਿੰਡ ਬਾਦਲ ਦੇ ਭਾਰਤੀ ਫੌਜ ਦੇ ਅਗਨੀਵੀਰ ਜਸ਼ਨਦੀਪ ਸਿੰਘ (23) ਦੀ ਸੰਖੇਪ ਬਿਮਾਰੀ ਕਾਰਨ ਮੌਤ ਹੋ ਗਈ। ਉਹ ਪਿਛਲੇ ਡੇਢ ਸਾਲ ਤੋਂ 18 ਪੰਜਾਬ ਬਟਾਲੀਅਨ ਅੰਮ੍ਰਿਤਸਰ ਵਿੱਚ ਤਾਇਨਾਤ ਸੀ। ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਉਨ੍ਹਾਂ ਨੂੰ ਬੁਖਾਰ ਹੋਇਆ, ਜਿਸ ਤੋਂ ਬਾਅਦ ਸਰੀਰ ਵਿੱਚ ਇਨਫੈਕਸ਼ਨ ਫੈਲ ਗਿਆ। ਪਹਿਲਾਂ ਉਨ੍ਹਾਂ ਨੂੰ ਬਠਿੰਡਾ ਮਿਲਟਰੀ ਹਸਪਤਾਲ ਦਾਖ਼ਲ ਕਰਵਾਇਆ ਗਿਆ, ਪਰ ਹਾਲਤ ਗੰਭੀਰ ਹੋਣ 'ਤੇ ਹਵਾਈ ਜਹਾਜ਼ ਰਾਹੀਂ ਦਿੱਲੀ ਦੇ ਮਿਲਟਰੀ ਹਸਪਤਾਲ ਭੇਜਿਆ ਗਿਆ ਪਰ ਇਲਾਜ ਦੌਰਾਨ ਪਰਸੋਂ ਰਾਤ ਉਨ੍ਹਾਂ ਨੇ ਦਮ ਤੋੜ ਦਿੱਤਾ। ਅੱਜ ਜਸ਼ਨਦੀਪ ਸਿੰਘ ਦੀ ਮ੍ਰਿਤਕ ਦੇਹ ਨੂੰ ਬਟਾਲੀਅਨ ਅਧਿਕਾਰੀ ਮਿਹਿਰ ਵਿਸ਼ਵਾਸ ਦੇਸਾਈ ਤੇ ਸਤਨਾਮ ਸਿੰਘ ਦੀ ਅਗਵਾਈ ਹੇਠ ਪਿੰਡ ਬਾਦਲ ਲਿਆਂਦਾ ਗਿਆ। ਅੰਤਿਮ ਸਸਕਾਰ ਸਮੇਂ ਬਟਾਲੀਅਨ ਵੱਲੋਂ ਗਾਰਡ ਆਫ ਆਨਰ ਦਿੱਤਾ ਗਿਆ। ਇਸ ਮੌਕੇ ਮਲੋਟ ਦੇ ਐੱਸਡੀਐੱਮ ਜਸਪਾਲ ਸਿੰਘ, ਸੀਨੀਅਰ ਕਾਂਗਰਸ ਆਗੂ ਫ਼ਤਹਿ ਸਿੰਘ ਬਾਦਲ, ਤਹਿਸੀਲਦਾਰ ਗੁਰਪ੍ਰੀਤ ਸਿੰਘ, ਡੀਐੱਸਪੀ ਜਸਪਾਲ ਸਿੰਘ, ਬੀਡੀਪੀਓ ਰਾਕੇਸ਼ ਬਿਸ਼ਨੋਈ, ਥਾਣਾ ਮੁਖੀ ਗੁਰਵਿੰਦਰ ਸਿੰਘ ਸਮੇਤ ਕਈ ਅਧਿਕਾਰੀ ਤੇ ਆਗੂ ਮੌਜੂਦ ਸਨ। ਪਿੰਡ ਵਾਸੀਆਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਜ਼ਿਕਰਯੋਗ ਹੈ ਕਿ ਜਸ਼ਨਦੀਪ ਸਿੰਘ ਇਕ ਮਿਹਨਤੀ ਮਜ਼ਦੂਰ ਪਰਿਵਾਰ ਨਾਲ ਸਬੰਧਤ ਸਨ। ਉਨ੍ਹਾਂ ਦੇ ਪਿਤਾ ਪਰਮਜੀਤ ਸਿੰਘ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਹਨ। ਦੋਵੇਂ ਭਰਾ ਵੀ ਮਜ਼ਦੂਰੀ ਕਰਕੇ ਹੀ ਘਰ ਦਾ ਗੁਜ਼ਾਰਾ ਚਲਾਉਂਦੇਹਨ। ਜਸ਼ਨਦੀਪ ਦੀ ਅਗਨੀਵੀਰ ਵਜੋਂ ਨੌਕਰੀ ਨਾਲ ਪਰਿਵਾਰ ਦੀ ਆਰਥਿਕਤਾ ਕੁਝ ਬਿਹਤਰ ਹੋਈ ਸੀ, ਪਰ ਅਚਾਨਕ ਹੋਈ ਮੌਤ ਨੇ ਪੂਰੇ ਪਿੰਡ ਨੂੰ ਸੋਗ ਦਾ ਮਾਹੌਲ ਹੈ।

# ਹੜ੍ਹ ਪੀੜਤਾਂ ਲਈ ਬਿਜਲੀ ਮੁਲਾਜਮ ਤੇ ਪੈਨਸ਼ਨਰ ਦੇਣਗੇ ਤਨਖਾਹ ਤੇ ਪੈਨਸ਼ਨ



ਲੁਧਿਆਣਾ, 5 ਸਤੰਬਰ (ਪੱਤਰ ਪ੍ਰੇਰਕ)- ਬਿਜਲੀ ਮੁਲਾਜਮਾਂ ਅਤੇ ਪੈਨਸ਼ਨਰਜ਼ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਅਧਾਰਤ ਪੀਐੱਸਈਬੀ ਇੰਪਲਾਇਜ਼ ਜੁਆਇੰਟ ਫੋਰਮ, ਬਿਜਲੀ ਮੁਲਾਜਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ: 24), ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਪੰਜਾਬ, ਪੈਨਸ਼ਨਰਜ਼ ਵੈੱਲਫੇਅਰ ਫੈਡਰੇਸ਼ਨ( ਪਹਿਲਵਾਨ) ਦੇ ਸੂਬਾ ਪੱਧਰ ਦੇ ਆਗੂਆਂ ਦੀ ਹੰਗਾਮੀ ਆਨਲਾਈਨ ਮੀਟਿੰਗ ਰਤਨ ਸਿੰਘ ਮਜਾਰੀ ਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਆਗੂਆਂ ਨੇ ਦੱਸਿਆ ਕਿ ਪੰਜਾਬ ਵਿਚ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਬਿਜਲੀ ਮੁਲਾਜਮਾਂ ਅਤੇ ਪੈਨਸ਼ਨਰਾਂ ਨੇ ਇਕ ਦਿਨ ਦੀ ਤਨਖਾਹ ਅਤੇ ਪੈਨਸਨ ਮੁੱਖ ਮੰਤਰੀ ਰਾਹਤ ਫੰਡ ਵਿਚ ਭੇਜਣ ਦਾ ਫੈਸਲਾ ਕੀਤਾ ਹੈ। ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਸਤੰਬਰ ਮਹੀਨੇ ਦੀ ਤਨਖਾਹ ਵਿੱਚੋਂ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਦੀ ਇਕ ਦਿਨ ਦੀ ਤਨਖਾਹ ਦੀ ਕਟੌਤੀ ਕਰਵਾ ਕੇ ਮੁੱਖ ਮੰਤਰੀ ਰਾਹਤ ਫੰਡ ਵਿਚ ਦੇਣਗੇ। ਇਹ ਫੈਸਲਾ ਵੀ ਕੀਤਾ ਗਿਆ ਕਿ ਜਥੇਬੰਦੀਆਂ ਵਲੋਂ ਹੜ੍ਹ ਪ੍ਰਭਾਵਤ ਇਲਾਕਿਆਂ ਵਿਚ ਆਉਣ ਵਾਲੇ ਸਮੇਂ ਵਿਚ ਮੈਡੀਕਲ ਕੈਂਪ ਲਗਵਾਉਣ ਤੋਂ ਇਲਾਵਾ ਬਿਪਤਾ ਮਾਰੇ ਲੋਕਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਉਣ ਲਈ ਜਮੀਨੀ ਪੱਧਰ 'ਤੇ ਯਤਨ ਕੀਤੇ ਜਾਣਗੇ। ਮੀਟਿੰਗ ਵਿਚ ਮੁਲਾਜਮ ਤੇ ਪੈਨਸਨਰ ਆਗੂਆਂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਕੁਲਵਿੰਦਰ ਸਿੰਘ ਢਿੱਲੋਂ, ਸਰਿੰਦਰਪਾਲ ਲਾਹੌਰੀਆ, ਗੁਰਭੇਜ ਸਿੰਘ ਢਿੱਲੋਂ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਦੇਵਿੰਦਰ ਸਿੰਘ ਪਿਸ਼ੌਰ, ਰਣਜੀਤ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਚਾਹਲ, ਜਸਵੀਰ ਸਿੰਘ ਆਂਡਲੂ, ਇੰਜੀਨੀਅਰ ਹਰਮਨਦੀਪ ਕੌਰ ਸਿੰਘ ਸੋਹੀ, ਮਨਜੀਤ ਸਿੰਘ ਚਾਹਲ, ਰਾਧੇ ਸ਼ਿਆਮ ਪਵਨਪ੍ਰੀਤ ਸਿੰਘ, ਗੁਰਪਿਆਰ ਸਿੰਘ, ਦਲੀਪ ਕੁਮਾਰ, ਬੀ ਐਸ ਸੇਖੋਂ, ਚਮਕੌਰ ਸਿੰਘ, ਬਾਬਾ ਅਮਰਜੀਤ ਸਿੰਘ, ਸਰਬਜੀਤ ਸਿੰਘ ਭਾਣਾ, ਮਹਿੰਦਰ ਸਿੰਘ ਰੂੜਕੇ, ਤੇਜਿੰਦਰ ਸਿੰਘ ਸੇਖੋਂ, ਸੁਖਵਿੰਦਰ ਸਿੰਘ ਦੁੱਮਣਾ ਆਦਿ ਆਗੂਆਂ ਨੇ ਹਿੱਸਾ ਲਿਆ।

# ਜੀ.ਐੱਸ.ਟੀ. 'ਚ ਕਟੌਤੀ ਦੇਸ਼ ਲਈ ਵੱਡਾ ਤੋਹ.ਫ਼ਾ: ਰੇਖਾ ਗੁਪਤਾ

## ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਅਤੇ ਕੇਂਦਰੀ ਵਿੱਤ ਮੰਤਰੀ ਦਾ ਕੀਤਾ ਧੰਨਵਾਦ

ਨਵੀਂ ਦਿੱਲੀ, 5 ਸਤੰਬਰ (ਪੱਤਰ ਪ੍ਰੇਰਕ) ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਵੀਰਵਾਰ ਨੂੰ ਕਿਹਾ ਕਿ ਵਸਤੂਆਂ ਅਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ਦਰਾਂ ਵਿੱਚ ਕਟੌਤੀ ਦੇਸ਼ ਲਈ ਇੱਕ ਵੱਡਾ ਤੋਹਫ਼ਾ ਹੈ ਅਤੇ ਇਹ ਭਾਰਤੀ ਅਰਥਵਿਵਸਥਾ ਲਈ ਇੱਕ ਮੀਲ ਪੱਥਰ ਸਾਬਤ ਹੋਵੇਗੀ। ਮੁੱਖ ਮੰਤਰੀ ਬੁੱਧਵਾਰ ਨੂੰ ਆਪਣੀ ਪਹਿਲੀ ਜੀ.ਐੱਸ.ਟੀ. ਕੌਂਸਲ ਦੀ ਮੀਟਿੰਗ ਵਿੱਚ ਸ਼ਾਮਲ ਹੋਈ ਸੀ।

ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦਾ ਵੀ ਧੰਨਵਾਦ ਕੀਤਾ, ਕਿਹਾ ਕਿ ਇਸ ਕਦਮ ਨਾਲ ਦੇਸ਼ ਵਿੱਚ ਵਪਾਰ ਅਤੇ ਕਾਰੋਬਾਰ ਮਜ਼ਬੂਤ ਹੋਣਗੇ। ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਦੇਸ਼ ਲਈ ਇੱਕ ਬਹੁਤ ਵੱਡਾ ਤੋਹਫ਼ਾ ਹੈ। ਉਨ੍ਹਾਂ ਕਿਹਾ ਕਿ ਸਿਹਤ ਬੀਮਾ ਅਤੇ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਦੀਆਂ ਦਰਾਂ ਵਿੱਚ ਕਟੌਤੀ ਦੇਸ਼ ਦੇ ਕਰੋੜਾਂ ਲੋਕਾਂ ਲਈ ਇੱਕ ਵੱਡੀ ਰਾਹਤ ਹੈ। ਉਨ੍ਹਾਂ ਕਿਹਾ ਕਿ ਜੀ.ਐੱਸ.ਟੀ. ਕੌਂਸਲ ਨੇ ਜੀ.ਐੱਸ.ਟੀ. ਵਿੱਚ ਦਰ ਸੋਧ ਨੂੰ ਭਾਰੀ ਸਮਰਥਨ ਨਾਲ ਪਾਸ ਕੀਤਾ। ਇਹ ਵਪਾਰ ਅਤੇ



ਕਾਰੋਬਾਰਾਂ ਨੂੰ ਹੁਲਾਰਾ ਦੇਣ ਵਾਲਾ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਭਾਰਤੀ ਅਰਥਵਿਵਸਥਾ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਦਿੱਲੀ ਬਹੁਤ ਖੁਸ਼ ਹੈ, ਉਨ੍ਹਾਂ ਸਿਹਤ ਬੀਮਾ ਅਤੇ ਵਿਦਿਅਕ ਵਸਤੂਆਂ 'ਤੇ ਜੀ.ਐੱਸ.ਟੀ. ਦੀ ਕਮੀ ਲਈ ਦਿੱਲੀ ਦੇ ਨਾਗਰਿਕਾਂ ਵੱਲੋਂ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਜੀ.ਐੱਸ.ਟੀ. ਕੌਂਸਲ ਨੇ ਬੁੱਧਵਾਰ ਨੂੰ ਆਪਣੀ ਮੀਟਿੰਗ ਵਿੱਚ, ਜੀ.ਐੱਸ.ਟੀ. ਨੂੰ ਮੌਜੂਦਾ ਚਾਰ ਸਲੈਬਾਂ ਤੋਂ ਦੋ-ਦਰ ਢਾਂਚੇ 5 ਅਤੇ 18 ਫ਼ੀਸਦ ਵਿੱਚ ਸਰਲ ਬਣਾਇਆ ਹੈ। ਕੁਝ ਚੋਣਵੀਆਂ ਚੀਜ਼ਾਂ ਜਿਵੇਂ ਕਿ ਮਹਿੰਗੀਆਂ ਕਾਰਾਂ, ਤੰਬਾਕੂ ਅਤੇ ਸਿਗਰਟ ਲਈ ਇੱਕ ਵਿਸ਼ੇਸ਼ 40 ਪ੍ਰਤੀਸ਼ਤ ਸਲੈਬ ਦਾ ਪ੍ਰਸਤਾਵ ਵੀ ਹੈ।

ਵਾਲਾਂ ਦੇ ਤੇਲ ਤੋਂ ਲੈ ਕੇ ਮੱਕੀ ਦੇ ਫਲੇਕਸ, ਟੀਵੀ ਅਤੇ ਨਿੱਜੀ ਸਿਹਤ ਅਤੇ ਜੀਵਨ ਬੀਮਾ ਪਾਲਿਸੀਆਂ ਤੱਕ ਆਮ ਵਰਤੋਂ ਵਾਲੀਆਂ ਚੀਜ਼ਾਂ 'ਤੇ ਜੀ.ਐੱਸ.ਟੀ. ਟੈਕਸ ਦਰਾਂ ਨੂੰ ਘਟਾ ਦਿੱਤਾ ਗਿਆ ਹੈ। ਜੀਵਨ ਅਤੇ ਸਿਹਤ ਬੀਮੇ ਨੂੰ ਜੀ.ਐੱਸ.ਟੀ. ਤੋਂ ਛੋਟ ਦਿੱਤੀ ਗਈ ਹੈ, ਜਿਸ 'ਤੇ ਪਹਿਲਾਂ 18 ਫ਼ੀਸਦ ਟੈਕਸ ਲੱਗਦਾ ਸੀ। ਦਵਾਈਆਂ ਅਤੇ ਮੈਡੀਕਲ ਉਪਕਰਣਾਂ 'ਤੇ ਜੀ.ਐੱਸ.ਟੀ. ਘਟਾਉਣ ਦੇ ਸਰਕਾਰ ਦੇ ਕਦਮ ਨਾਲ ਲੋਕਾਂ ਨੂੰ ਸਿੱਧੀ ਰਾਹਤ ਮਿਲੇਗੀ।

# ਆਨਲਾਈਨ ਗੇਮਿੰਗ ਖ਼ਿਲਾਫ਼ ਪੈਂਡਿੰਗ ਪਟੀਸ਼ਨਾਂ ਸੁਪਰੀਮ ਕੋਰਟ ਵਿੱਚ ਤਬਦੀਲ ਕਰਨ ਦੀ ਮੰਗ

ਨਵੀਂ ਦਿੱਲੀ, 5 ਸਤੰਬਰ (ਪੱਤਰ ਪ੍ਰੇਰਕ) ਕੇਂਦਰ ਸਰਕਾਰ ਨੇ ਅੱਜ ਸੁਪਰੀਮ ਕੋਰਟ ਵਿੱਚ ਇਕ ਟਰਾਂਸਫਰ ਪਟੀਸ਼ਨ ਦਾਇਰ ਕਰ ਕੇ ਆਨਲਾਈਨ ਗੇਮਿੰਗ ਐਕਟ 2025 ਦੀ ਰੈਗੂਲੇਸ਼ਨ ਨੂੰ ਚੁਣੌਤੀ ਦੇਣ ਸਬੰਧੀ ਤਿੰਨ ਵੱਖ-ਵੱਖ ਹਾਈ ਕੋਰਟਾਂ 'ਚ ਪੈਂਡਿੰਗ ਪਟੀਸ਼ਨਾਂ ਨੂੰ ਸਿਖ਼ਰਲੀ ਅਦਾਲਤ ਵਿੱਚ ਤਬਦੀਲ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਵਿਰੋਧੀ ਫੈਸਲਿਆਂ ਤੋਂ ਬਚਿਆ ਜਾ ਸਕੇ। ਚੀਫ ਜਸਟਿਸ ਬੀ ਆਰ ਗਵਈ ਅਤੇ ਜਸਟਿਸ ਕੇ ਵਿਨੋਦ ਚੰਦਰਨ ਦੇ ਇਕ ਬੈਂਚ ਨੇ ਇਸ ਨੂੰ ਅਗਲੇ ਹਫ਼ਤੇ ਸੁਣਵਾਈ ਲਈ ਸੂਚੀਬੱਧ ਕਰਨ ਦੀ ਹਾਮੀ ਭਰ ਦਿੱਤੀ ਹੈ। ਕੇਂਦਰ ਸਰਕਾਰ ਦੇ ਵਕੀਲ ਨੇ ਕਿਹਾ, "ਆਨਲਾਈਨ ਗੇਮਿੰਗ ਰੈਗੂਲੇਸ਼ਨ ਐਕਟ ਨੂੰ ਤਿੰਨ ਵੱਖ-ਵੱਖ ਹਾਈ ਕੋਰਟਾਂ ਵਿੱਚ ਚੁਣੌਤੀ ਦਿੱਤੀ ਗਈ ਹੈ। ਇਹ ਕਰਨਾਟਕ ਹਾਈ ਕੋਰਟ ਕੋਲ ਅੰਤਰਿਮ ਹੁਕਮਾਂ ਲਈ ਸੂਚੀਬੱਧ ਹੈ, ਇਸ ਵਾਸਤੇ ਕੀ ਇਸ ਨੂੰ ਸੋਮਵਾਰ ਨੂੰ ਸੁਣਵਾਈ ਲਈ ਸੂਚੀਬੱਧ ਕੀਤਾ ਜਾ ਸਕਦਾ ਹੈ।" ਕੇਂਦਰ ਵੱਲੋਂ ਵੱਖ-ਵੱਖ ਹਾਈ ਕੋਰਟਾਂ ਵਿੱਚ ਪੈਂਡਿੰਗ ਪਟੀਸ਼ਨਾਂ ਨੂੰ ਸੁਪਰੀਮ ਕੋਰਟ ਵਿੱਚ ਤਬਦੀਲ ਕਰਨ ਤੋਂ ਇਲਾਵਾ ਇਸ ਟਰਾਂਸਫਰ ਪਟੀਸ਼ਨ ਦੇ ਨਿਬੇੜੇ ਤੱਕ ਬਾਕੀ ਸਾਰੀਆਂ ਰਿੱਟ ਪਟੀਸ਼ਨਾਂ ਦੀ ਸੁਣਵਾਈ 'ਤੇ ਰੋਕ ਲਗਾਉਣ ਦੀ ਮੰਗ ਵੀ ਕੀਤੀ ਹੈ।

# ਵਿਧਾਇਕਾ ਛੀਨਾ ਨੇ ਨਿਗਮ ਅਧਿਕਾਰੀਆਂ ਨਾਲ ਕੀਤੀ ਮੀਟਿੰਗ

ਲੁਧਿਆਣਾ, 5 ਸਤੰਬਰ (ਪੱਤਰ ਪ੍ਰੇਰਕ)- ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਦੀ ਪ੍ਰਧਾਨਗੀ ਹੇਠ ਨਗਰ ਨਿਗਮ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਜਿੱਥੇ ਵਿਕਾਸ ਪ੍ਰੋਜੈਕਟਾਂ ਤੋਂ ਇਲਾਵਾ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਵਟਾਂਦਰੇ ਕੀਤੇ ਗਏ। ਮੀਟਿੰਗ ਦੌਰਾਨ ਨਗਰ ਨਿਗਮ ਕਮਿਸਨਰ ਆਦਿੱਤਿਆ ਡੇਚਲਵਾਲ ਤੋਂ ਇਲਾਵਾ ਜੋਨ-ਸੀ ਨਾਲ ਸਬੰਧਤ ਸਮੂਹ ਐਸ.ਸੀ., ਐਕਸੀਐਨ, ਐਸਡੀਓ, ਜੇਈ. ਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਰਹੇ ਜ਼ਿਕਰਯੋਗ ਹੈ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਨੂੰ ਖੁਸ਼ਹਾਲ ਬਣਾਉਣ ਦੇ ਮੰਤਵ ਨਾਲ ਨਿਰੰਤਰ ਵਿਕਾਸ ਪ੍ਰੋਜੈਕਟਾਂ ਨੂੰ ਹਰੀ ਝੰਡੀ ਦਿੱਤੀ ਜਾ ਰਹੀ ਹੈ। ਸੜਕਾਂ, ਸੀਵਰੇਜ ਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਹੱਲ ਕਰਾਉਣ ਲਈ ਹਲਕਾ ਵਿਧਾਇਕਾਂ ਵੱਲੋਂ ਉੱਚ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਲਈ ਵੀ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਹਲਕਾ ਲੁਧਿਆਣਾ ਦੱਖਣੀ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਨੇ ਦਫ਼ਤਰ ਨਗਰ ਨਿਗਮ ਕਮਿਸ਼ਨਰ ਜੋਨ-ਏ ਵਿਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਵਿਧਾਇਕ ਛੀਨਾ ਵੱਲੋਂ ਹਲਕਾ ਲੁਧਿਆਣਾ ਦੱਖਣੀ ਅਧੀਨ ਵੱਖ-ਵੱਖ ਇਲਾਕਿਆਂ ਵਿਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਨੂੰ ਲੈ ਕੇ ਲੋੜੀਂਦੇ ਸੁਧਾਰਾਂ ਬਾਰੇ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਆਗਾਮੀ ਵਿਕਾਸ ਕਾਰਜਾਂ ਨੂੰ ਤੈਅ ਸਮਾਂ ਸੀਮਾ ਅੰਦਰ ਮੁਕੰਮਲ ਕਰਨ ਦੇ ਸਖਤ ਨਿਰਦੇਸ ਜਾਰੀ ਕੀਤੇ। ਉਨ੍ਹਾਂ ਸਹਿਰ ਵਿਚ ਨਾਗਰਿਕ ਸਹੂਲਤਾਂ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ 'ਤੇ ਜੋਰ ਦਿੱਤਾ। ਉਨ੍ਹਾਂ ਦੁਹਰਾਇਆ ਕਿ ਸੂਬਾ ਸਰਕਾਰ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ।

# ਮੀਂਹ ਕਾਰਨ ਸਬਜੀਆਂ ਦੀਆਂ ਕੀਮਤਾਂ 'ਚ ਭਾਰੀ ਵਾਧਾ

ਜਲੰਧਰ, 5 ਸਤੰਬਰ (ਪੱਤਰ ਪ੍ਰੇਰਕ)- ਪਿਛਲੇ ਕਈ ਦਿਨਾਂ ਤੋਂ ਪੈ ਰਹੇ ਮੀਂਹ ਤੇ ਹੜ੍ਹ ਨੇ ਸਬਜੀਆਂ ਦੇ ਭਾਅ ਤੇ ਗਹਿਰਾ ਪ੍ਰਭਾਵ ਪਾਇਆ ਹੈ। ਅਗਸਤ ਮਹੀਨੇ ਦੇ ਮੱਧ ਤੱਕ ਜੋ ਹਰੀਆਂ ਫਲੀਆਂ 80 ਤੋਂ 100 ਰੁਪਏ ਕਾਪੀ ਕਿਲੋ ਵੇਚੀਆਂ ਜਾ ਰਹੀਆਂ ਸਨ, ਉਹ ਹੁਣ 160 ਰੁਪਏ ਕਾਪੀ ਕਿਲੋ ਤੱਕ ਪਹੁੰਚ ਗਈਆਂ ਹਨ। ਇਸੇ ਤਰ੍ਹਾਂ 50 ਤੋਂ 60 ਰੁਪਏ ਫ੍ਰਤੀ ਕਿਲੋ ਵਿਚ ਵੇਚੀ ਜਾਣ ਵਾਲੀ ਸ਼ਿਮਲਾ ਮਿਰਚ ਦੇ ਭਾਅ ਵੀ ਹੁਣ 120 ਰੁਪਏ ਕਾਪੀ ਕਿਲੋ ਤੱਕ ਵਧ ਗਏ ਹਨ। ਵਪਾਰੀਆਂ ਅਨੁਸਾਰ ਆਉਣ ਵਾਲੇ ਦਿਨਾਂ 'ਚ ਭਾਅ 'ਚ ਹੋਰ ਵਾਧਾ ਹੋ ਸਕਦਾ ਹੈ। ਬਲਕਿ, ਲੋਕਲ ਸਬਜੀਆਂ ਪੱਕਣ ਤੋਂ ਪਹਿਲਾਂ ਹੀ ਕਈ ਇਲਾਕਿਆਂ 'ਚ ਹੜ੍ਹ ਦਾ ਸ਼ਿਕਾਰ ਹੋ ਗਈਆਂ ਹਨ, ਜਿਸ ਨਾਲ ਲੋਕਲ ਸਬਜੀਆਂ ਦੀ ਆਮਦ ਤੇ ਨਿਸਚਿਤ ਤੌਰ ਤੇ ਪ੍ਰਭਾਵ ਪਵੇਗਾ। ਅਸਲ 'ਚ ਸਤੰਬਰ ਮਹੀਨੇ ਦੇ ਬਾਅਦ ਲੋਕਲ ਸਬਜੀਆਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ ਤੇ ਮੰਡੀਆਂ 'ਚ ਆਮਦ ਸੁਰੂ ਹੋ ਜਾਂਦੀ ਹੈ। ਇਸ ਲਈ ਤਦ ਤੱਕ ਮੰਡੀਆਂ ਵਿਚ ਸਬਜੀਆਂ ਦੀ ਸਪਲਾਈ ਲਈ ਦੂਜੇ ਰਾਜਾਂ ਤੇ ਨਿਰਭਰ ਹੋਣਾ ਪੈਂਦਾ ਹੈ। ਖਾਸ ਕਰ ਕੇ ਹਿਮਾਚਲ ਤੇ ਰਾਜਸਥਾਨ ਤੋਂ ਫਲਾਸਫੀਨ ਫਲੀਆਂ, ਗੋਭੀ, ਗਾਜਰ ਸਮੇਤ ਸਬਜੀਆਂ ਮੰਗਵਾਈਆਂ ਜਾ ਰਹੀਆਂ ਹਨ ਪਰ ਹਿਮਾਚਲ ਤੋਂ ਕਈ ਰਸਤੇ ਪ੍ਰਭਾਵਿਤ ਹੋਣ ਕਾਰਨ ਦੂਜੇ ਰਾਜਾਂ ਤੋਂ ਆਉਣ ਵਾਲੀਆਂ ਸਬਜੀਆਂ ਦੇ ਆਵਾਜਾਈ ਖਰਚ ਤੇ ਵੇਸਟੇਜ ਨੂੰ ਮਿਲਾ ਕੇ ਸਬਜੀਆਂ ਦੇ ਭਾਅ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੇ ਹਨ। ਤਿਉਹਾਰ ਦੇ ਮੌਕੇ ਤੇ ਖਰੀਦਣੀਆਂ ਪੈਣਗੀਆਂ ਮਹਿੰਗੀਆਂ ਸਬਜੀਆਂ ਸ੍ਰੀ ਗਣੇਸ ਚਤੁਰਥੀ ਦੇ ਨਾਲ ਹੀ ਤਿਉਹਾਰਾਂ ਦਾ ਮੌਸਮ ਸੁਰੂ ਹੋ ਜਾਂਦਾ ਹੈ। ਦੂਜੇ ਪਾਸੇ, ਫਸਲ ਦੇ ਖਰਾਬ ਹੋਣ ਤੇ ਦੂਜੇ ਰਾਜਾਂ ਤੇ ਨਿਰਭਰ ਹੋ ਕੇ ਸਬਜੀਆਂ ਦੀ ਸਪਲਾਈ ਕਰਨ ਦੇ ਕਾਰਨ ਤਿਉਹਾਰ ਦੇ ਮੌਕੇ ਤੇ ਲੋਕਾਂ ਨੂੰ ਨਿਸਚਿਤ ਤੌਰ ਤੇ ਮਹਿੰਗੀਆਂ ਸਬਜੀਆਂ ਖਰੀਦਣੀਆਂ ਪੈਣਗੀਆਂ। ਇਸ ਬਾਰੇ ਸਬਜੀ ਦੇ ਥੋਕ ਅਤੇ ਰਿਟੇਲ ਵਿਕਰੇਤਾ ਵਿਸ਼ਾਲ ਗੁਲਾਟੀ ਦੱਸਦੇ ਹਨ ਕਿ ਇਸ ਸਮੇਂ ਰਾਜ ਦੇ ਕਈ ਸਬਜੀ ਉਤਪਾਦਕ ਖੇਤਰਾਂ ਵਿਚ ਹੜ੍ਹ ਆਉਣ ਕਾਰਨ ਸਬਜੀਆਂ ਦੀ ਫਸਲ ਖਰਾਬ ਹੋ ਗਈ ਹੈ।

# ਮੀਂਹ ਨੇ ਦਿੱਲੀ ਵਿੱਚ ਪ੍ਰਦੂਸ਼ਣ ਘਟਾਇਆ

ਨਵੀਂ ਦਿੱਲੀ, 5 ਸਤੰਬਰ (ਪੱਤਰ ਪ੍ਰੇਰਕ) ਕੌਮੀ ਰਾਜਧਾਨੀ ਦੇ ਕੁਝ ਇਲਾਕਿਆਂ ਵਿੱਚ ਕਈ ਦਿਨਾਂ ਤੋਂ ਪੈ ਰਹੇ ਮੀਂਹ ਤੋਂ ਹਾਲਾਂਕਿ ਲੋਕਾਂ ਨੂੰ ਪ੍ਰੇਸ਼ਾਨੀ ਹੋਈ ਹੈ ਪਰ ਇਸ ਮੀਂਹ ਨੇ ਦਿੱਲੀ ਦੇ ਅਸਮਾਨ ਉੱਪਰੋਂ ਪ੍ਰਦੂਸ਼ਣ ਨੂੰ ਸਾਫ਼ ਕਰ ਦਿੱਤਾ ਹੈ। ਅੱਜ ਮੌਸਮ ਵਿੱਚ ਠੰਡਕ ਮਹਿਸੂਸ ਕੀਤੀ ਗਈ ਤੇ ਤਾਪਮਾਨ 24 ਡਿਗਰੀ ਤੋਂ 32 ਡਿਗਰੀ ਦੇ ਵਿਚਕਾਰ ਰਿਹਾ। ਸ਼ਹਿਰ ਦੀ ਹਵਾ ਦੀ ਗੁਣਵੱਤਾ ਵਿੱਚ ਕਾਫ਼ੀ ਸੁਧਾਰ ਹੋਇਆ ਹੈ, ਕੱਲ੍ਹ ਦਾ ਹਵਾ ਗੁਣਵੱਤਾ ਸੂਚਕਾਂਕ 43 'ਤੇ ਹੈ, ਜੋ 'ਚੰਗੀ' ਸ਼੍ਰੇਣੀ ਵਿੱਚ ਮੰਨਿਆ ਜਾਂਦਾ ਹੈ, ਜਦੋਂ ਕਿ ਮੌਸਮ ਬਾਰੇ ਅੱਜ ਦਾ ਅਨੁਮਾਨ ਦਿਨ ਭਰ ਦਰਮਿਆਨਾ ਮੀਂਹ ਅਤੇ ਬੱਦਲਵਾਈ ਦਾ ਸੰਕੇਤ ਦਿੰਦਾ ਹੈ। ਹਵਾ ਦੀ ਗਤੀ 14.4 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਮੱਧਮ ਹੁੰਦੀ ਹੈ। ਕੱਲ੍ਹ ਨਵੀਂ ਦਿੱਲੀ ਵਿੱਚ ਹਫ਼ਤੇ ਦਾ ਸਭ ਤੋਂ ਸਾਫ਼ ਹਵਾ ਵਾਲਾ ਦਿਨ ਸੀ। ਪਿਛਲੇ ਕੁਝ ਦਿਨਾਂ ਦੌਰਾਨ ਦਿੱਲੀ ਅਤੇ ਨੇੜਲੇ ਇਲਾਕਿਆਂ ਵਿੱਚ ਰੁਕ ਰੁਕ ਰੇ ਪੈ ਰਹੇ ਮੀਂਹ ਕਾਰਨ ਕੌਮੀ ਰਾਜਧਾਨੀ ਦੀ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਹੋਇਆ।

# ਕੇਜਰੀਵਾਲ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਦੀ ਅਪੀਲ

## ਦਿੱਲੀ ਵਿੱਚ 'ਆਪ' ਵਰਕਰ ਹੜ੍ਹ ਪੀੜਤਾਂ ਦੀ ਸੇਵਾ ਕਰਨ: ਕੇਜਰੀਵਾਲ

ਨਵੀਂ ਦਿੱਲੀ, 5 ਸਤੰਬਰ (ਪੱਤਰ ਪ੍ਰੇਰਕ) ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਾਰੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਯਮੁਨਾ ਦੇ ਵਧਦੇ ਪਾਣੀ ਦੇ ਪੱਧਰ ਕਾਰਨ ਦਿੱਲੀ ਵਿੱਚ ਆਏ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਦੀ ਸੇਵਾ ਵਿੱਚ ਸ਼ਾਮਲ ਹੋਣ। ਵੀਰਵਾਰ ਨੂੰ ਉਨ੍ਹਾਂ ਨੇ ਐਕਸ 'ਤੇ ਕਿਹਾ ਦਿੱਲੀ ਵਿੱਚ ਯਮੁਨਾ ਦੇ ਵਧਦੇ ਪਾਣੀ ਦੇ ਪੱਧਰ ਕਾਰਨ ਕਈ ਨੀਵੇਂ ਇਲਾਕੇ ਪਾਣੀ ਵਿੱਚ ਡੁੱਬ ਗਏ ਹਨ। ਮੈਂ 'ਆਪ' ਦੇ ਸਾਰੇ ਵਰਕਰਾਂ ਨੂੰ ਪ੍ਰਸ਼ਾਸਨ ਦੇ ਨਾਲ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਸ਼ਾਮਲ ਹੋਣ ਅਤੇ ਹਰ ਲੋੜਵੰਦ ਨੂੰ ਮਦਦ ਪ੍ਰਦਾਨ ਕਰਨ ਦੀ ਅਪੀਲ ਕਰਦਾ ਹਾਂ। ਅਰਵਿੰਦ ਕੇਜਰੀਵਾਲ ਦੇ ਸੱਦੇ ਤੋਂ ਬਾਅਦ, 'ਆਪ' ਵਰਕਰ ਜ਼ਮੀਨ 'ਤੇ ਉਤਰ ਆਏ ਹਨ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਹੈ। ਬੁਰਾੜੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸੰਜੀਵ ਝਾਅ ਨੇ ਜਹਾਂਗੀਰਪੁਰੀ ਦੀਆਂ ਝੁੱਗੀਆਂ ਵਿੱਚ ਯਮੁਨਾ ਦਾ ਪਾਣੀ ਭਰਨ ਕਾਰਨ ਐੱਮ ਸੀ ਡੀ ਸਕੂਲਾਂ ਵਿੱਚ ਬੇਘਰ



ਹੋਏ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਪ੍ਰਭਾਵਿਤ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਹੜ੍ਹ ਪੀੜਤਾਂ ਨੇ ਸੰਜੀਵ ਝਾਅ ਨੂੰ ਦੱਸਿਆ ਕਿ ਟਾਇਲਟ, ਭੋਜਨ, ਪਾਣੀ, ਮੱਛਰ ਭਜਾਉਣ ਵਾਲੀ ਦਵਾਈ ਦੀ ਸਮੱਸਿਆ ਹੈ। ਸੰਜੀਵ ਝਾਅ ਨੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਸਮੱਸਿਆ ਦਾ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਦੂਜੇ ਪਾਸੇ, 'ਆਪ' ਦੇ ਦਿੱਲੀ ਰਾਜ ਕਨਵੀਨਰ ਸੌਰਭ ਭਾਰਦਵਾਜ ਨੇ ਕਿਹਾ ਕਿ ਭਾਵੇਂ ਦਿੱਲੀ ਹੋਵੇ ਜਾਂ ਪੰਜਾਬ, ਆਮ ਆਦਮੀ ਪਾਰਟੀ ਦੇ ਵਿਧਾਇਕ ਹੜ੍ਹ ਰਾਹਤ ਕਾਰਜਾਂ ਵਿੱਚ ਦਿਨ-ਰਾਤ ਸੇਵਾ ਕਰ ਰਹੇ ਹਨ। ਬੁਰਾੜੀ ਦੇ ਵਿਧਾਇਕ ਸੰਜੀਵ ਝਾਅ ਨੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਲਈ ਆਪਣੀ ਪੂਰੀ ਟੀਮ ਤਾਇਨਾਤ ਕੀਤੀ ਹੈ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਵਿਧਾਇਕ ਸੰਜੀਵ ਝਾਅ ਨੇ ਕਿਹਾ ਕਿ ਰਾਹਤ ਕੈਂਪ ਵਿੱਚ ਜ਼ਿਆਦਾਤਰ ਲੋਕ ਜਹਾਂਗੀਰਪੁਰੀ ਦੀਆਂ ਝੁੱਗੀਆਂ-ਝੌਂਪੜੀਆਂ ਵਿੱਚ ਰਹਿਣ ਵਾਲੇ ਲੋਕ ਹਨ। ਜਹਾਂਗੀਰਪੁਰੀ ਦੀਆਂ ਝੁੱਗੀਆਂ ਹਾਲੇ ਵੀ ਗੋਡਿਆਂ ਤੋਂ ਉੱਪਰ ਪਾਣੀ ਨਾਲ ਭਰੀਆਂ ਹੋਈਆਂ ਹਨ। ਸੰਜੀਵ ਝਾਅ ਨੇ ਕਿਹਾ ਕਿ ਰਾਹਤ ਕੈਂਪ ਵਿੱਚ ਇਸ ਸਮੇਂ ਲਗਭਗ 70-80 ਪਰਿਵਾਰ ਹਨ, ਪਰ ਇਹ ਗਿਣਤੀ ਵਧ ਸਕਦੀ ਹੈ ਅਤੇ ਹੋਰ ਲੋਕ ਇੱਥੇ ਆ ਰਹੇ ਹਨ।

# ਵਿਧਾਇਕ ਸੰਗੋਵਾਲ ਨੇ ਕੀਤਾ ਸਤਲੁਜ ਦਰਿਆ ਨੇੜਲੇ ਪਿੰਡਾਂ ਦਾ ਦੌਰਾ



ਲੁਧਿਆਣਾ, 5 ਸਤੰਬਰ (ਪੱਤਰ ਪ੍ਰੇਰਕ)- ਵਿਧਾਨ ਸਭਾ ਹਲਕਾ ਗਿੱਲ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਸਤਲੁਜ ਦਰਿਆ ਨਜਦੀਕ ਪੈਂਦੇ ਇਲਾਕਿਆਂ ਵਿਚ ਦੌਰਾ ਕਰ ਕੇ ਲੋਕਾਂ ਨਾਲ ਗੱਲਬਾਤ ਕਰਦਿਆਂ ਜ਼ਮੀਨੀ ਪੱਧਰ ਤੇ ਸਥਿਤੀ ਦੀ ਸਮੀਖਿਆ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਪ੍ਰਸ਼ਾਸ਼ਨ ਤੇ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ। ਵਿਧਾਇਕ ਸੰਗੋਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਹਰੇਕ ਨਾਜ਼ੁਕ ਸਥਿਤੀ ਵਿਚ ਲੋਕਾਂ ਦੇ ਨਾਲ ਖੜ੍ਹਾ ਹੈ ਅਤੇ ਕਿਸੇ ਨੂੰ ਵੀ ਘਬਰਾਉਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਨੇ ਸਤਲੁਜ ਦਰਿਆ ਦੇ ਕੰਢੇ ਲੱਗਦੇ ਪਿੰਡਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਰੱਬ ਦੀ ਮਿਹਰ ਨਾਲ ਹਾਲੇ ਪਾਣੀ ਦਾ ਪੱਧਰ ਘੱਟ ਹੈ ਅਤੇ ਉਨ੍ਹਾਂ ਸਮਾਜ ਵਿਰੋਧੀ ਅਨਸਰਾਂ ਵੱਲੋਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਤੋਂ ਬਚਣ ਦੀ ਵੀ ਅਪੀਲ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਦੀ ਹਰੇਕ ਪੱਖ ਤੋਂ ਮਦਦ ਕੀਤੀ ਜਾ ਰਹੀ ਹੈ ਅਤੇ ਇਹ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਹਾਲਾਤ ਸਥਿਰ ਨਹੀਂ ਹੋ ਜਾਂਦੇ। ਉਨ੍ਹਾਂ ਕਿਹਾ ਕਿ ਇਸ ਮੁਸ਼ਕਿਲ ਦੀ ਘੜੀ ਨਾਲ ਨਜਿੱਠਣ ਲਈ ਸੰਭਾਵੀ ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕ, ਪ੍ਰਸ਼ਾਸਨ ਦਾ ਸਾਥ ਦੇਣ ਕਿਉਂਕਿ ਪੰਜਾਬ ਸਰਕਾਰ ਉਹਨਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਰਿਆ ਸਤਲੁਜ ਨਾਲ ਲੱਗਦੇ ਖੇਤਰਾਂ ਵਿੱਚ ਹਾਲਾਤਾਂ 'ਤੇ 24 ਘੰਟੇ ਚੌਕਸੀ ਨਾਲ ਨਿਗਰਾਨੀ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਵੱਲੋਂ ਕਿਸੇ ਵੀ ਅਣ-ਸੁਖਾਵੇਂ ਹਾਲਾਤਾਂ ਨਾਲ ਨਜਿੱਠਣ ਲਈ ਲੋੜੀਂਦੇ ਪੁਖਤਾ ਪ੍ਰਬੰਧ ਵੀ ਕੀਤੇ ਗਏ ਹਨ।

# ਐੱਨ ਆਈ ਆਰ ਐੱਫ ਦਰਜਾਬੰਦੀ: ਪੀਜੀਆਈ ਦੂਜੇ ਤੇ ਪੰਜਾਬ ਯੂਨੀਵਰਸਿਟੀ ਤੀਜੇ ਸਥਾਨ 'ਤੇ

## ਯੂਨੀਵਰਸਿਟੀਆਂ 'ਚੋਂ ਆਈ ਆਈ ਐੱਸ ਬੰਗਲੂਰੂ ਸਰਵੋਤਮ

ਨਵੀਂ ਦਿੱਲੀ, 5 ਸਤੰਬਰ (ਪੱਤਰ ਪ੍ਰੇਰਕ) ਭਾਰਤੀ ਤਕਨੀਕੀ ਸੰਸਥਾ (ਆਈ ਆਈ ਟੀ) ਮਦਰਾਸ ਨੇ ਲਗਾਤਾਰ ਸੱਤਵੇਂ ਸਾਲ ਨੈਸ਼ਨਲ ਇੰਸਟੀਚਿਊਸ਼ਨਲ ਰੈਂਕਿੰਗ ਫਰੇਮਵਰਕ (ਐੱਨ ਆਈ ਆਰ ਐੱਫ) ਦਰਜਾਬੰਦੀ 'ਚ ਸਿਖਰਲਾ ਸਥਾਨ ਹਾਸਲ ਕੀਤਾ ਹੈ, ਜਦਕਿ ਭਾਰਤੀ ਵਿਗਿਆਨ ਸੰਸਥਾ (ਆਈ ਆਈ ਐੱਸ) ਬੰਗਲੂਰੂ ਲਗਾਤਾਰ 10ਵੇਂ ਸਾਲ ਸਰਵੋਤਮ ਯੂਨੀਵਰਸਿਟੀ ਬਣਿਆ। ਮੈਡੀਕਲ ਸੰਸਥਾਵਾਂ 'ਚ ਪੀਜੀਆਈ ਚੰਡੀਗੜ੍ਹ ਦੂਜੇ ਤੇ ਫਾਰਮੇਸੀ ਸੰਸਥਾਵਾਂ 'ਚ ਪੰਜਾਬ ਯੂਨੀਵਰਸਿਟੀ ਤੀਜੇ ਸਥਾਨ 'ਤੇ ਰਹੇ। ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਅੱਜ ਦਰਜਾਬੰਦੀ ਦੇ ਦਸਵੇਂ ਐਡੀਸ਼ਨ ਦਾ ਐਲਾਨ ਕੀਤਾ ਹੈ। ਆਈ ਆਈ ਐੱਸ ਬੰਗਲੂਰੂ ਨੇ 'ਓਵਰਆਲ' ਵਰਗ 'ਚ ਦੂਜਾ ਸਥਾਨ ਬਰਕਰਾਰ ਰੱਖਿਆ ਹੈ ਜਿਸ ਮਗਰੋਂ ਆਈ ਆਈ ਟੀ ਬੰਬੇ ਤੇ ਆਈ ਆਈ ਟੀ ਦਿੱਲੀ ਵੀ ਆਪੋ-ਆਪਣੇ ਸਥਾਨ 'ਤੇ ਬਰਕਰਾਰ ਰਹੇ। ਯੂਨੀਵਰਸਿਟੀਆਂ ਵਿਚੋਂ ਆਈ ਆਈ ਐੱਸ ਬੰਗਲੂਰੂ ਨੇ ਪਹਿਲਾ, ਜਵਾਹਰ ਲਾਲ ਨਹਿਰੂ ਯੂਨਵਰਸਿਟੀ ਦਿੱਲੀ ਨੇ ਦੂਜਾ ਤੇ ਕਰਨਾਟਕ ਦੀ



ਮਨੀਪਾਲ ਅਕੈਡਮੀ ਆਫ ਹਾਇਰ ਐਜੂਕੇਸ਼ਨ ਨੇ ਤੀਜਾ ਸਥਾਨ ਹਾਸਲ ਕੀਤਾ। ਮਨੀਪਾਲ ਅਕੈਡਮੀ ਐੱਨ ਆਈ ਆਰ ਐੱਫ ਰੈਂਕਿੰਗ ਦੇ ਸਿਖਰਲੇ ਤਿੰਨ 'ਚ ਸ਼ਾਮਲ ਪਹਿਲੀ ਪ੍ਰਾਈਵੇਟ ਸੰਸਥਾ ਹੈ। ਕਾਲਜਾਂ ਦੇ ਵਰਗ 'ਚ ਦਿੱਲੀ ਯੂਨੀਵਰਸਿਟੀ ਦੇ ਹਿੰਦੂ ਕਾਲਜ ਤੇ ਮਿਰਾਂਡਾ ਹਾਊਸ ਪਹਿਲੇ ਤੇ ਦੂਜੇ ਜਦਕਿ ਹੰਸਰਾਜ ਕਾਲਜ ਤੇ ਕਿਰੋੜੀ ਮੱਲ ਕਾਲਜ ਤੀਜੇ ਤੇ ਚੌਥੇ ਸਥਾਨ ਰਹੇ। ਸੇਂਟ ਸਟੀਫਨ'ਜ਼ ਕਾਲਜ ਤੀਜੇ ਤੋਂ ਪੰਜਵੇਂ ਸਥਾਨ 'ਤੇ ਖਿਸਕ ਗਿਆ ਹੈ। ਇੰਜਨੀਅਰਿੰਗ ਕਾਲਜਾਂ ਦੇ ਸਿਖਰਲੇ 10 ਦੀ ਸੂਚੀ ਵਿੱਚ ਨੌਂ ਆਈ ਆਈ ਟੀ ਸ਼ਾਮਲ ਹਨ ਜਿਨ੍ਹਾਂ ਵਿਚੋਂ ਆਈ ਆਈ ਟੀ ਮਦਰਾਸ ਪਹਿਲੇ, ਆਈ ਆਈ ਟੀ ਦਿੱਲੀ ਦੂਜੇ ਤੇ ਆਈ ਆਈ ਟੀ ਬੰਬੇ ਤੀਜੇ ਸਥਾਨ 'ਤੇ ਹਨ। ਮੈਨਜਮੈਂਟ ਕਾਲਜਾਂ ਵਿੱਚੋਂ ਆਈ ਆਈ ਐੱਮ ਅਹਿਮਦਾਬਾਦ, ਆਈ ਆਈ ਐੱਮ ਬੰਗਲੌਰ ਤੇ ਆਈ ਆਈ ਐੱਮ ਕੋਜ਼ੀਕੋੜ ਪਹਿਲੇ ਤਿੰਨ ਸਥਾਨਾਂ 'ਤੇ ਹਨ। ਫਾਰਮੇਸੀ 'ਚ ਜਾਮੀਆ ਹਮਦਰਦ ਜਦਕਿ ਕਾਨੂੰਨ 'ਚ ਨੈਸ਼ਨਲ ਲਾਅ ਸਕੂਲ ਆਫ ਯੂਨੀਵਰਸਿਟੀ, ਬੰਗਲੂਰੂ ਪਹਿਲੇ ਸਥਾਨ 'ਤੇ ਰਹੇ। ਮੈਡੀਕਲ ਕਾਲਜਾਂ 'ਚ ਏਮਸ ਨਵੀਂ ਦਿੱਲੀ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ ਜਿਸ ਮਗਰੋਂ ਪੀ ਜੀ ਆਈ ਐੱਮ ਆਰ ਚੰਡੀਗੜ੍ਹ ਦੂਜੇ ਅਤੇ ਸੀ ਐੱਮ ਸੀ ਵੈਲੋਰ ਤੀਜੇ ਸਥਾਨ 'ਤੇ ਰਹੇ। ਓਪਨ ਯੂਨੀਵਰਸਿਟੀਆਂ ਵਿਚੋਂ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਪਹਿਲੇ ਤੇ ਕਰਨਾਟਕ ਸਟੇਟ ਓਪਨ ਯੂਨੀਵਰਸਿਟੀ, ਮੈਸੂਰ ਦੂਜੇ ਸਥਾਨ 'ਤੇ ਹੈ।

# ਪੰਜਾਬ ਦੇ ਨੌਜਵਾਨ ਦੀ ਆਸਟਰੇਲੀਆ 'ਚ ਮੌਤ

ਮਾਲੇਰਕੋਟਲਾ, 5 ਸਤੰਬਰ (ਪੱਤਰ ਪ੍ਰੇਰਕ) ਨੇੜਲੇ ਪਿੰਡ ਚੱਕ ਸ਼ੇਖ਼ੂਪੁਰ ਕਲਾਂ ਦੇ ਨੌਜਵਾਨ ਜਗਸੀਰ ਸਿੰਘ ਬੋਪਾਰਾਏ (37) ਪੁੱਤਰ ਕੁਲਵਿੰਦਰ ਸਿੰਘ ਦੀ ਸਾਊਥ ਆਸਟਰੇਲੀਆ ਦੀ ਰਾਜਧਾਨੀ ਐਡੀਲੇਡ ਦੇ ਨੌਰਥ ਇਲਾਕੇ 'ਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਉਹ ਅੱਠ ਵਰ੍ਹੇ ਪਹਿਲਾਂ ਆਸਟਰੇਲੀਆ ਗਿਆ ਸੀ। ਪਰਿਵਾਰ ਵੱਲੋਂ ਜਗਸੀਰ ਸਿੰਘ ਦਾ ਦਸੰਬਰ 'ਚ ਵਿਆਹ ਸੀ। ਟਰੱਕ ਡਰਾਈਵਰ ਜਗਸੀਰ ਸਿੰਘ ਲੰਘੇ ਐਤਵਾਰ ਦੀ ਰਾਤ 2 ਵਜੇ ਜਦੋਂ ਆਪਣੀ ਕਾਰ ਰਾਹੀਂ ਡਿਊਟੀ 'ਤੇ ਜਾ ਰਿਹਾ ਸੀ। ਉਸ ਦੌਰਾਨ ਉਸ ਦੀ ਕਾਰ ਐਡੀਲੇਡ ਦੀ ਸੇਲਸਬਰੀ ਕਰਾਸ ਰੋਡ 'ਤੇ ਮੀਂਹ ਤੇ ਗੜਿਆਂ ਕਾਰਨ ਗਿੱਲੀ ਸੜਕ ਤੋਂ ਤਿਲਕ ਕੇ ਬੇਕਾਬੂ ਹੁੰਦਿਆਂ ਦਰੱਖਤ ਤੇ ਬੱਸ ਸ਼ੈਲਟਰ 'ਚ ਵੱਜਣ ਮਗਰੋਂ ਬਿਜਲੀ ਦੇ ਖੰਭੇ ਨਾਲ ਜਾ ਟਕਰਾਈ। ਟੱਕਰ ਐਨੀ ਭਿਆਨਕ ਸੀ ਕਿ ਜਗਸੀਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਦੇ ਪਿੱਛੇ ਪਰਿਵਾਰ 'ਚ ਵਿਧਵਾ ਮਾਂ ਅਤੇ ਭੈਣ ਹੈ। ਪਰਿਵਾਰ ਵੱਲੋਂ ਜਗਸੀਰ ਸਿੰਘ ਦੇ 14 ਦਸੰਬਰ ਨੂੰ ਰੱਖੇ ਵਿਆਹ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ ਅਤੇ ਉਸ ਨੇ ਅਗਲੇ ਮਹੀਨੇ ਪਰਤਣਾ ਸੀ। ਪਰਿਵਾਰਕ ਸੂਤਰਾਂ ਮੁਤਾਬਕ ਜਗਸੀਰ ਸਿੰਘ ਦਾ ਸਸਕਾਰ ਆਸਟਰੇਲੀਆ ਵਿਚ ਹੀ ਕੀਤਾ ਜਾਵੇਗਾ ਤੇ ਸਸਕਾਰ ਲਈ ਉਸ ਦੀ ਮਾਤਾ ਸਮੇਤ ਪਰਿਵਾਰਕ ਮੈਂਬਰ ਆਸਟਰੇਲੀਆ ਜਾ ਰਹੇ ਹਨ।

# ਆਰਟੀਓ ਦਫਤਰ, ਤਹਿਸੀਲ ਕੰਪਲੈਕਸ ਤੇ ਪਟਵਾਰਖਾਨੇ ਦੀਆਂ ਛੱਤਾਂ ਤੋਂ ਟਪਕ ਰਿਹਾ ਪਾਣੀ

ਅੰਮ੍ਰਿਤਸਰ, 5 ਸਤੰਬਰ (ਪੱਤਰ ਪ੍ਰੇਰਕ)- ਕਈ ਦਿਨਾਂ ਤੋਂ ਹੋ ਰਹੀ ਤੇਜ ਬਾਰਿਸ਼ ਕਾਰਨ ਆਰਟੀਓ ਦਫਤਰ, ਤਹਿਸੀਲ ਕੰਪਲੈਕਸ ਤੇ ਪਟਵਾਰਖਾਨੇ ਦੀਆਂ ਤੋਂ ਪਾਣੀ ਟਪਕ ਰਿਹਾ ਹੈ। ਅਧਿਕਾਰੀ ਤੇ ਕਰਮਚਾਰੀ ਛੱਤਾਂ ਤੋਂ ਟੱਪਕ ਰਹੇ ਬਾਰਿਸ਼ ਦੇ ਪਾਣੀ ਹੇਠ ਕਰ ਕੰਮ ਰਹੇ ਹਨ। ਰਾਮਤੀਰਥ ਰੋਡ ਤੇ ਆਰਟੀਓ ਦਫਤਰ ਦੀ ਬਿਲਡਿੰਗ ਭਾਵੇਂ ਕਿ ਖਸਤਾ ਹਾਲਾਤ ਵਿਚ ਹੈ ਕਿਉਂਕਿ ਇਹ ਬਿਲਡਿੰਗ 70 ਤੋਂ ਵੀ ਵੱਧ ਸਾਲ ਪੁਰਾਣੀ ਬਣੀ ਹੋਈ ਹੈ। ਵਿਭਾਗ ਵੱਲੋਂ ਇਸ ਦਾ ਨਵੀਨੀਕਰਨ ਕਰਕੇ ਕੰਮ ਜਰੂਰ ਚਲਾਇਆ ਜਾ ਰਿਹਾ ਹੈ, ਪਰ ਕਈ ਦਿਨਾਂ ਤੋਂ ਹੋ ਰਹੀ ਤੇਜ਼ ਬਾਰਿਸ਼ ਕਾਰਨ ਦਫਤਰ ਦੀਆਂ ਛੱਤਾਂ ਤੋਂ ਬਾਰਿਸ਼ ਦਾ ਪਾਣੀ ਟੱਪਕ ਰਿਹਾ ਹੈ, ਜਿਸ ਕਾਰਨ ਅਧਿਕਾਰੀਆਂ ਦਾ ਬੈਠਣਾ ਵੀ ਔਖਾ ਹੋਇਆ ਹੈ। ਬਾਰਿਸ਼ ਦੇ ਪਾਣੀ ਕਾਰਨ ਕਰਮਚਾਰੀਆਂ ਦੇ ਕੰਪਿਊਟਰ ਵੀ ਖਰਾਬ ਹੋ ਗਏ, ਜਿਸ ਕਾਰਨ ਲੋਕਾਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਕਿ ਵਿਭਾਗ ਵੱਲੋਂ ਦਫਤਰ ਸ਼ਿਫਟ ਕਰਨ ਲਈ ਚਿੱਠੀਆਂ ਵੀ ਲਿਖੀਆਂ ਗਈਆਂ ਹਨ, ਪਰ ਅਜੇ ਤੱਕ ਇਸ ਨੂੰ ਸ਼ਿਫਟ ਨਹੀਂ ਕੀਤਾ ਗਿਆ। ਤਹਿਸੀਲ ਕੰਪਲੈਕਸ ਦੀ ਗੱਲ ਕੀਤੀ ਜਾਵੇ ਤਾਂ ਖਜ਼ਾਨਾ ਦਫਤਰ ਦੀ ਛੱਤ ਤੋਂ ਲੈ ਕੇ ਸਬ ਰਜਿਸਟਰਾਰਾਂ ਦੇ ਦਫਤਰਾਂ ਤੱਕ ਬਾਰਿਸ਼ ਦਾ ਪਾਣੀ ਆ ਰਿਹਾ ਹੈ ਤੇ ਅਧਿਕਾਰੀ ਤੇ ਕਰਮਚਾਰੀ ਟੱਪਕ ਰਹੇ ਬਾਰਿਸ਼ ਦੇ ਪਾਣੀ ਹੇਠ ਬੈਠ ਕੇ ਲੋਕਾਂ ਦੇ ਕੰਮ ਕਰ ਰਹੇ ਹਨ। ਦੱਸਣਯੋਗ ਹੈ ਕਿ ਲੱਖਾਂ ਰੁਪਏ ਲਗਾ ਕੇ ਖਜ਼ਾਨਾ ਦਫਤਰ ਦਾ ਨਵੀਨੀਕਰਨ ਕੀਤਾ ਗਿਆ, ਪਰ ਕਈ ਦਿਨਾਂ ਤੋਂ ਹੋਰ ਇਹ ਤੇਜ਼ ਬਾਰਿਸ਼ ਨੇ ਕੀਤੇ ਗਏ ਨਵੀਨੀਕਰਨ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ ਕਿ ਲੱਖਾਂ ਰੁਪਏ ਲਗਾ ਕੇ ਵੀ ਛੱਤਾਂ ਤੋਂ ਬਾਰਿਸ਼ ਦਾ ਪਾਣੀ ਟਪਕ ਰਿਹਾ ਹੈ ਤੇ ਕੀਤੀ ਗਈ ਪੀਵੀਸੀ ਵੀ ਕਈ ਕਮਰਿਆਂ ਤੋਂ ਟੁੱਟ ਗਈ ਹੈ। ਸਬ ਰਜਿਸਟਰਾਰ ਹਿਮਾਂਸ਼ੂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਭਾਗ ਨੂੰ ਲਿਖ ਕੇ ਭੇਜਿਆ ਗਿਆ ਹੈ ਬਾਰਿਸ਼ ਬੰਦ ਹੋਣ ਉਪਰੰਤ ਹੀ ਇਸ ਨੂੰ ਸਹੀ ਕਰਵਾਇਆ ਜਾ ਸਕਦਾ ਹੈ। ਬਾਕਸ ਤੇਜ ਬਾਰਿਸ਼ ਨੇ ਪਟਵਾਰਖਾਨੇ ਦੇ ਕਈ ਕਮਰਿਆਂ ਦੀਆਂ ਛੱਤਾਂ ਤੋਂ ਬਾਰਿਸ਼ ਦਾ ਪਾਣੀ ਟਪਕ ਰਿਹਾ ਹੈ ਤੇ ਅੰਦਰ ਪਿਆ ਰਿਕਾਰਡ ਬਾਰਿਸ਼ ਦੇ ਪਾਣੀ ਕਾਰਨ ਭਿੱਜ ਕੇ ਖਰਾਬ ਹੋ ਰਿਹਾ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਹ ਬਿਲਡਿੰਗ ਵੀ ਬਹੁਤ ਪੁਰਾਣੀ ਹੈ ਤੇ ਇਸ ਬਿਲਡਿੰਗ ਵਿਚ ਤਹਿਸੀਲ ਨੰਬਰ ਇਕ ਤੇ ਤਹਿਸੀਲ ਨੰਬਰ ਦੋ ਦੇ ਪਟਵਾਰੀ ਬੈਠ ਕੇ ਲੋਕਾਂ ਦੇ ਕੰਮ ਕਰਦੇ ਹਨ। ਡੀਸੀ ਦਫਤਰ ਦੀ ਬਿਲਡਿੰਗ ਵਿਚ ਤਕਰੀਬਨ ਜਿਆਦਾਤਰ ਵਿਭਾਗੀ ਦਫਤਰ ਚਲੇ ਗਏ ਹਨ, ਪਰ ਪਟਵਾਰਖਾਨੇ ਨੂੰ ਅਜੇ ਤੱਕ ਸ਼ਿਫਟ ਨਹੀਂ ਕੀਤਾ ਗਿਆ। ਦੱਸਣਯੋਗ ਹੈ ਕਿ ਪਟਵਾਰਖਾਨਾ ਵੀ ਡੀਸੀ ਦਫਤਰ ਦੇ ਬਿਲਕੁਲ ਨਜ਼ਦੀਕ ਹੈ ਹੁਣ ਅਧਿਕਾਰੀ ਇਨ੍ਹਾਂ ਦਫਤਰਾਂ ਨੂੰ ਸ਼ਿਫਟ ਕਰਦੇ ਹਨ ਕਿ ਨਹੀਂ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਕੈਪਸ਼ਨ ਤਹਿਸੀਲ ਕੰਪਲੈਕਸ ਦੀ ਛੱਤ ਤੋਂਟਪਕ ਰਹੇਪਾਣੀ ਦੀ ਤਸਵੀਰ।ਪਟਵਾਰਖਾਨੇ ਦੀ ਛੱਤ ਖਸਤਾ ਹਾਲਾਤ ਬਣਿਆ ਬਨੇਗਾ।

# ਸੜਕਾਂ ਨਹੀਂ ਝਲ ਸਕੀਆਂ ਅਸਮਾਨੀ ਆਫਤ ਦੀ ਮਾਰ



ਲੁਧਿਆਣਾ, 5 ਸਤੰਬਰ (ਪੱਤਰ ਪ੍ਰੇਰਕ)- ਪਿਛਲੇ ਤਿੰਨ ਦਿਨਾਂ ਤੋਂ ਬਰਸਾਤੀ ਪਾਣੀ ਦੀ ਮਾਰ ਝੱਲ ਰਹੇ ਲੁਧਿਆਣਾ ਵਾਸੀਆਂ ਨੂੰ ਇਕ ਹੋਰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰੀ ਬਰਸਾਤ ਦੇ ਪਾਣੀ ਨੇ ਜਿੱਥੇ ਲੋਕਾਂ ਦੀਆਂ ਦੁਕਾਨਾਂ ਤੇ ਘਰਾਂ ਦੇ ਸਮਾਨ ਨੂੰ ਤਹਿਸਨਹਿਸ ਕੀਤਾ ਹੈ। ਉੱਥੇ ਸ਼ਹਿਰ ਦੀਆਂ ਸੜਕਾਂ ਨੂੰ ਨੁਕਸਾਨ ਪੁਹੰਚਾਇਆ ਹੈ। ਦੱਸ ਦਈਏ ਕਿ ਲੁਧਿਆਣਾ ਦੇ ਜਿਆਦਾਤਰ ਖੇਤਰਾਂ ਦੀਆਂ ਸੜਕਾਂ ਗਿਆਸਪੁਰਾ ਤੋਂ ਸੇਰਪੁਰ ਚੌਂਕ, ਸਮਰਾਲਾ ਚੌਂਕ ਤੋਂ ਸ਼ਿਵ ਚੌਂਕ, ਰੇਲਵੇ ਮਾਲ ਗੋਦਾਮ ਦੋ ਘੰਟਾ ਘਰ ਹੁੰਦੇ ਜਲੰਧਰ ਬਾਈਪਾਸ ਭੀੜ ਭਾੜ ਵਾਲੇ ਰਾਹਗੀਰਾਂ ਦੇ ਰੂਟਾਂ ਦੀਆਂ ਸੜਕਾਂ ਮੀਂਹ ਦੇ ਪਾਣੀ ਨਾਲ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ। ਇਨ੍ਹਾਂ ਰੂਟਾਂ ਦੀਆਂ ਸੜਕਾਂ ਤੇ ਵੱਡੇ ਵੱਡੇ ਟੋਏ ਪੈ ਗਏ ਹਨ, ਜਿਨਾਂ ਵਿੱਚੋਂ ਨਿਕਲਣਾ ਲਗਭਗ ਨਾ-ਮੁਮਕਿਨ ਨਜ਼ਰ ਆਉਂਦਾ ਹੈ, ਈ-ਰਿਕਸਾ ਅਤੇ ਦੋ ਪਹੀਆ ਵਾਹਨ ਇਨ੍ਹਾਂ ਸੜਕਾਂ ਤੇ ਲਗਾਤਾਰ ਪਲਟ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਮੰਗਲਵਾਰ ਨੂੰ ਇਨ੍ਹਾਂ ਰੂਟਾਂ ਤੋਂ ਗੁਜਰ ਰਹੇ ਰਾਹਗੀਰਾਂ ਨੇ ਪ੍ਰਸਾਸਨ ਨੂੰ ਜਲਦ ਤੋਂ ਜਲਦ ਉਕਤ ਸਮੱਸਿਆ ਵੱਲ ਧਿਆਨ ਦੇ ਕੇ ਨੁਕਸਾਨੀਆਂ ਸੜਕਾਂ ਦੀ ਮੁਰੰਮਤ ਦਾ ਕੰਮ ਸੂਰੂ ਕਰਨ ਦੀ ਅਪੀਲ ਕੀਤੀ ਹੈ।

### ਰਾਹਗੀਰਾਂ ਨੇ ਕੱਢੀ ਸਰਕਾਰ 'ਤੇ ਭੜਾਸ

ਜਿਕਰਯੋਗ ਹੈ ਕਿ ਉਕਤ ਰੂਟ ਲੁਧਿਆਣਾ ਦੇ ਪਹਿਲਾਂ ਹੀ ਸਭ ਤੋਂ ਭੀੜ ਭਾੜ ਵਾਲੇ ਇਲਾਕੇ ਹਨ, ਲੁਧਿਆਣਾ ਵਿਚ ਤਿੰਨ ਦਿਨ ਹੋਈ ਭਾਰੀ ਬਰਸਾਤ ਕਾਰਨ ਇਨ੍ਹਾਂ ਰੂਟਾਂ ਦੀਆਂ ਸੜਕਾਂ ਬੁਰੀ ਤਰ੍ਹਾਂ ਟੁੱਟ ਚੁੱਕੀਆਂ ਹਨ, ਜਿਸ ਕਾਰਨ ਇਥੋਂ ਲੰਘਣ ਵਾਲੀ ਟਰੈਫਿਕ ਦੀ ਰਫਤਾਰ ਨਾਂ ਦੇ ਬਰਾਬਰ ਹੋ ਗਈ ਹੈ, ਜਿਸ ਚਲਦੇ ਰਾਹਗੀਰਾਂ ਨੂੰ ਆਪਣੀ ਮੰਜਿਲ ਤੱਕ ਪਹੁੰਚਣ ਲਈ ਲੰਬੇ ਟਰੈਫਿਕ ਜਾਮ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕਾਂ ਤੇ ਭਾਰੀ ਚਿੱਕੜ ਫੈਲਣ ਦੀ ਸਮੱਸਿਆ ਬਣੇ ਹੋਣ ਕਾਰਨ ਦੋ ਅਤੇ ਤਿੰਨ ਪਹੀਆ ਵਾਹਨ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਮੌਕੇ ਰਾਹਗੀਰ ਕਰਤਾਰ ਸਿੰਘ ਨੇ ਪ੍ਰਸਾਸਨ ਉੱਤੇ ਰੱਜ ਕੇ ਭੜਾਸ ਕੱਢੀ ਤੇ ਕਿਹਾ ਕਿ ਲੋਕਾਂ ਕੋਲੋਂ ਏਨਾ ਟੈਕਸ ਵਸੂਲਣ ਤੋਂ ਬਾਅਦ ਵੀ ਸਰਕਾਰ ਵੱਲੋਂ ਸੜਕਾਂ ਦਾ ਨਿਰਮਾਣ ਏਨੇ ਹਲਕੇ ਮਟੀਰੀਅਲ ਨਾਲ ਕੀਤਾਗ ਹੈ ਕਿ ਉਹ ਬਰਸਾਤ ਦੀ ਇਕ ਮਾਰ ਨਹੀਂ ਝੱਲ ਰਹੀਆਂ।

# ਯਮੁਨਾ 'ਚ ਪਾਣੀ ਦਾ ਪੱਧਰ 207 ਮੀਟਰ ਤੋਂ ਟੱਪਿਆ

## ਨੀਵੇਂ ਇਲਾਕਿਆਂ 'ਚ ਭਰਿਆ ਪਾਣੀ; ਕਈ ਰਾਹਤ ਕੈਂਪ ਵੀ ਡੁੱਬੇ

ਨਵੀਂ ਦਿੱਲੀ, 5 ਸਤੰਬਰ (ਪੱਤਰ ਪ੍ਰੇਰਕ) ਦਿੱਲੀ ਦੇ ਪੁਰਾਣੇ ਰੇਲਵੇ ਪੁਲ 'ਤੇ ਯਮੁਨਾ ਵਿੱਚ ਪਾਣੀ ਦਾ ਪੱਧਰ 207.46 ਮੀਟਰ 'ਤੇ ਰਿਹਾ। ਅਧਿਕਾਰੀਆਂ ਨੇ ਦੱਸਿਆ ਕਿ ਪਾਣੀ ਦਾ ਪੱਧਰ ਹੌਲੀ-ਹੌਲੀ ਘੱਟਣਾ ਸ਼ੁਰੂ ਹੋਣ ਦੀ ਉਮੀਦ ਹੈ, ਹਾਲਾਂਕਿ ਹੜ੍ਹ ਦਾ ਪਾਣੀ ਕਾਰਨ ਨੇੜਲੇ ਖੇਤਰ ਤੇ ਰਾਹਤ ਕੈਂਪ ਡੁੱਬ ਰਹੇ ਹਨ। ਸਰਕਾਰੀ ਅੰਕੜਿਆਂ ਮੁਤਾਬਕ ਸਵੇਰੇ 11:00 ਵਜੇ ਤੱਕ ਪਾਣੀ ਦਾ ਪੱਧਰ 207.46 ਮੀਟਰ ਸੀ। ਇਸ ਤੋਂ ਪਹਿਲਾਂ ਇਹ ਸਵੇਰੇ 6 ਵਜੇ ਤੋਂ 7 ਵਜੇ ਦੇ ਵਿਚਕਾਰ 207.48 ਮੀਟਰ ਸੀ। ਹੜ੍ਹ ਦਾ ਪਾਣੀ ਦਿੱਲੀ ਸਕੱਤਰੇਤ ਨੇੜੇ ਪਹੁੰਚ ਗਿਆ ਹੈ, ਜਿੱਥੇ ਮੁੱਖ ਮੰਤਰੀ, ਕੈਬਨਿਟ ਮੰਤਰੀਆਂ ਅਤੇ ਮੁੱਖ ਨੌਕਰਸ਼ਾਹਾਂ ਦੇ ਦਫ਼ਤਰ ਹਨ। ਵਾਸੂਦੇਵ ਘਾਟ ਨੇੜਲੇ ਇਲਾਕੇ ਵੀ ਪਾਣੀ ਵਿੱਚ ਡੁੱਬ ਗਏ। ਮਯੂਰ ਵਿਹਾਰ ਫੇਜ਼-9 ਵਰਗੇ ਨੀਵੇਂ ਇਲਾਕਿਆਂ ਵਿੱਚ ਕੁਝ ਰਾਹਤ ਕੈਂਪ ਵੀ ਪਾਣੀ ਵਿੱਚ ਡੁੱਬ ਗਏ ਹਨ। ਮੱਠ ਬਾਜ਼ਾਰ ਅਤੇ ਯਮੁਨਾ ਬਾਜ਼ਾਰ ਪਾਣੀ ਵਿੱਚ ਡੁੱਬੇ ਰਹੇ। ਹਾਲਾਂਕਿ ਵਸਨੀਕਾਂ ਨੂੰ ਉਮੀਦ ਸੀ ਕਿ ਪਾਣੀ ਘਟ ਜਾਵੇਗਾ ਅਤੇ ਆਮ ਸਥਿਤੀ ਬਹਾਲ ਹੋ ਜਾਵੇਗੀ। ਹੜ੍ਹ ਦਾ ਪਾਣੀ ਕਸ਼ਮੀਰੀ ਗੇਟ ਨੇੜੇ ਸ੍ਰੀ



ਮਾਰਗਟ ਵਾਲੇ ਹਨੂੰਮਾਨ ਬਾਬਾ ਮੰਦਰ ਤੱਕ ਵੀ ਪਹੁੰਚ ਗਿਆ। ਇੱਕ ਸ਼ਰਧਾਲੂ ਨੇ ਕਿਹਾ, "ਹਰ ਸਾਲ ਜਦੋਂ ਯਮੁਨਾ 'ਚ ਪਾਣੀ ਦਾ ਪੱਧਰ ਵਧਦਾ ਹੈ ਤਾਂ ਇਹ ਭਗਵਾਨ ਹਨੂੰਮਾਨ ਦੀ ਮੂਰਤੀ ਨੂੰ ਇਸ਼ਨਾਨ ਕਰਵਾਉਂਦਾਹੈ। ਇਹ ਪਵਿੱਤਰ ਪਾਣੀ ਹੈ। ਅਸੀਂ ਇਸ ਦਾ ਸਤਿਕਾਰ ਕਰਦੇ ਹਾਂ।" ਨਿਗਮਬੋਧ ਘਾਟ ਬੁੱਧਵਾਰ ਨੂੰ ਡੁੱਬ ਗਿਆ ਸੀ, ਜਿਸ ਨਾਲ ਕੰਮ ਰੁਕ ਗਿਆ ਸੀ। ਗੀਤਾ ਕਲੋਨੀ ਸ਼ਮਸ਼ਾਨਘਾਟ ਵੀ ਪਾਣੀ ਵਿੱਚ ਡੁੱਬ ਗਿਆ ਸੀ। ਹਾਲਾਂਕਿ ਸ਼ਮਸ਼ਾਨਘਾਟ ਦੇ ਮੁਖੀ ਸੰਜੇ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਕੰਮ ਬੰਦ ਨਹੀਂ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ, "2023 ਵਿੱਚ ਸ਼ਮਸ਼ਾਨਘਾਟ 'ਚ ਪਾਣੀ ਦਾਖ਼ਲ ਹੋ ਗਿਆ ਸੀ ਅਤੇ ਅੱਜ ਫਿਰ ਇਹ ਲਗਭਗ 10 ਫੁੱਟ ਪਾਣੀ ਨਾਲ ਭਰਿਆ ਹੋਇਆ ਹੈ। ਨੁਕਸਾਨ ਬਹੁਤ ਜ਼ਿਆਦਾ ਹੈ ਕਿਉਂਕਿ ਬਾਹਰ ਸਟੋਰ ਕੀਤੀ ਸਾਰੀ ਲੱਕੜ ਬਰਬਾਦ ਹੋ ਗਈ ਹੈ। ਸਾਨੂੰ ਪ੍ਰਸ਼ਾਸਨ ਤੋਂ ਕੋਈ ਮਦਦ ਨਹੀਂ ਮਿਲ ਰਹੀ ਹੈ।" ਉਨ੍ਹਾਂ ਕਿਹਾ ਕਿ ਕੁਝ ਸ਼ਮਸ਼ਾਨਘਾਟ ਪਹਿਲਾਂ ਹੀ ਬੰਦ ਹੋ ਚੁੱਕੇ ਹਨ, ਇਸ ਲਈ ਦੂਰ-ਦੁਰੇਡੀਆਂ ਥਾਵਾਂ ਤੋਂ ਲੋਕ ਗੀਤਾ ਕਲੋਨੀ ਸ਼ਮਸ਼ਾਨਘਾਟ ਵਿੱਚ ਆ ਰਹੇ ਹਨ। ਉਨ੍ਹਾਂ ਕਿਹਾ, "ਅਸੀਂ ਕਿਸੇ ਤਰ੍ਹਾਂ ਅੰਤਿਮ ਸੰਸਕਾਰ ਦਾ ਪ੍ਰਬੰਧ ਕਰ ਰਹੇ ਹਾਂ ਪਰ ਸਿਰਫ ਸ਼ਮਸ਼ਾਨਘਾਟ ਦੇ ਅੰਦਰ ਵਾਲੀ ਸੜਕ ਵਰਤੋਂ ਯੋਗ ਹੈ। ਇਸ ਸਮੇਂ ਅਸੀਂ ਸੜਕ 'ਤੇ ਹੀ ਸਸਕਾਰ ਕਰ ਰਹੇ ਹਾਂ ਪਰ ਜੇਕਰ ਪਾਣੀ ਦਾ ਪੱਧਰ ਹੋਰ ਵਧਦਾ ਹੈ ਤਾਂ ਉਹ ਵੀ ਬੰਦ ਹੋ ਸਕਦਾ ਹੈ।" ਇਹ ਦਿੱਲੀ ਵਾਸੀਆਂ ਲਈ ਦੋਹਰੀ ਮੁਸੀਬਤ ਹੈ ਕਿਉਂਕਿ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਮੀਂਹ ਕਾਰਨ ਪਾਣੀ ਭਰਨ ਅਤੇ ਯਮੁਨਾ ਵਿੱਚ ਹੜ੍ਹ ਆਉਣ ਕਾਰਨ ਆਵਾਜਾਈ ਪ੍ਰਭਾਵਿਤ ਹੋਈ ਹੈ। ਚਾਂਦਗੀ ਰਾਮ ਅਖਾੜੇ ਨੇੜੇ ਸਿਵਲ ਲਾਈਨਜ਼ ਵਿੱਚ ਭਾਰੀ ਪਾਣੀ ਭਰਨ ਦੀ ਰਿਪੋਰਟ ਕੀਤੀ ਗਈ। ਸਥਾਨਕ ਲੋਕਾਂ ਨੇ ਦੋਸ਼ ਲਗਾਇਆ ਕਿ ਹਰ ਵਾਰ ਮੀਂਹ ਪੈਣ 'ਤੇ ਅਜਿਹਾ ਪਾਣੀ ਭਰ ਜਾਂਦਾ ਹੈ ਪਰ ਅਧਿਕਾਰੀ ਸਥਿਤੀ ਨੂੰ ਸੁਧਾਰਨ ਵਿੱਚ ਅਸਫ਼ਲ ਰਹੇ ਹਨ। ਬੁੱਧਵਾਰ ਸ਼ਾਮ ਨੂੰ ਜਾਰੀ ਕੀਤੇ ਗਏ ਹੜ੍ਹ ਕੰਟਰੋਲ ਬੁਲੇਟਿਨ ਵਿੱਚ ਕਿਹਾ ਗਿਆ ਕਿ ਪੁਰਾਣੇ ਰੇਲਵੇ ਪੁਲ 'ਤੇ ਯਮੁਨਾ ਦਾ ਪੱਧਰ ਸਵੇਰੇ 8 ਵਜੇ 207.48 ਮੀਟਰ ਹੋਵੇਗਾ ਅਤੇ ਇਸ ਤੋਂ ਬਾਅਦ ਇਸ ਦੇ ਡਿੱਗਣ ਦੀ ਸੰਭਾਵਨਾ ਹੈ।

# ਡੀਏਵੀ 'ਚ ' ਸੰਡੇ ਓਨ ਸਾਈਕਲ' ਮੁਹਿੰਮ ਦੀ ਸ਼ੁਰੂ



ਅੰਮ੍ਰਿਤਸਰ, 5 ਸਤੰਬਰ (ਪੱਤਰ ਪ੍ਰੇਰਕ)- ਡੀਏਵੀ ਕਾਲਜ ਅੰਮ੍ਰਿਤਸਰ ਵਿਖੇ ਰਾਸ਼ਟਰੀ ਖੇਡ ਦਿਵਸ ਮਨਾਉਣ ਲਈ ਆਯੋਜਿਤ ਇਕ ਪ੍ਰੋਗਰਾਮ ਵਿਚ ਫਿੱਟ ਇੰਡੀਆ ਸੰਡੇ ਓਨ ਸਾਈਕਲ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਰਦੀਪ ਗੁਪਤਾ ਨੇ ਐਨਐਸਐਸ ਵਲੰਟੀਅਰਾਂ ਤੇ ਵਿਦਿਆਰਥੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਕਾਲਜ ਪ੍ਰਿੰਸੀਪਲ ਡਾ. ਅਮਰਦੀਪ ਗੁਪਤਾ ਨੇ ਸਾਈਕਲਿੰਗ ਨੂੰ ਆਤਮਨਿਰਭਰ ਭਾਰਤ ਅਤੇ ਫਿੱਟ ਇੰਡੀਆ ਅੰਦੋਲਨ ਦਾ ਪ੍ਰਤੀਕ ਦੱਸਿਆ। ਡਾ. ਗੁਪਤਾ ਨੇ ਕਿਹਾ ਕਿ ਸਾਈਕਲਿੰਗ ਸਾਨੂੰ ਸਾਡੀ ਮਿੱਟੀ ਨਾਲ ਜੋੜਦੀ ਹੈ ਅਤੇ ਆਤਮਨਿਰਭਰ ਭਾਰਤ ਦਾ ਸੰਦੇਸ਼ ਦਿੰਦੀ ਹੈ। ਸਭ ਤੋਂ ਵੱਧ, ਸਾਨੂੰ ਫਿੱਟ ਇੰਡੀਆ ਅੰਦੋਲਨ ਦੀ ਪਾਲਣਾ ਕਰਨ ਲਈ ਸਾਈਕਲਿੰਗ ਜਾਰੀ ਰੱਖਣੀ ਚਾਹੀਦੀ ਹੈ। ਸਾਈਕਲਿੰਗ ਸਰੀਰਕ ਤੰਦਰੁਸਤੀ ਤੇ ਮਾਨਸਿਕ ਸੰਤੁਲਨ ਦੋਵਾਂ ਲਈ ਬਹੁਤ ਫਾਇਦੇਮੰਦ ਹੈ। ਇਸ ਮੌਕੇ ਐੱਨਐੱਸਐੱਸ ਅਧਿਕਾਰੀ ਡਾ. ਸਮ੍ਰਿਤੀ ਅਗਰਵਾਲ ਨੇ ਕਿਹਾ ਕਿ ਸਾਈਕਲਿੰਗ ਨਾ ਸਿਰਫ਼ ਸਿਹਤ ਨੂੰ ਲਾਭ ਪਹੁੰਚਾਏਗੀ, ਸਗੋਂ ਇਹ ਪ੍ਰਦੂਸ਼ਣ ਅਤੇ ਟ੍ਰੈਫਿਕ ਸਮੱਸਿਆਵਾਂ ਤੋਂ ਵੀ ਕਾਫ਼ੀ ਹੱਦ ਤੱਕ ਬਚਣ ਵਿੱਚ ਮਦਦ ਕਰ ਸਕਦੀ ਹੈ।

## ਜਨ ਜਾਗਰਣ

### ਹੜ੍ਹ ਪੀੜ੍ਹਤਾਂ ਨਾਲ ਡਟ ਕੇ ਖੜ੍ਹੇ ਰਹਿਣ ਦੀ ਲੋੜ

ਪੰਜਾਬ ਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਹੜ੍ਹਾਂ ਨੇ ਹਾਹਾਕਾਰ ਮਚਾਈ ਹੋਈ ਹੈ। ਕੋਈ ਇਸ ਆਫਤ ਨੂੰ ਕੁਦਰਤ ਦੀ ਕਰੋਪੀ ਕਹਿ ਰਿਹਾ ਹੈ, ਕੋਈ ਮਨੁੱਖ ਦੇ ਕਰਮਾਂ ਦਾ ਫਲ ਤੇ ਕੋਈ ਸਰਕਾਰ ਦੀਆਂ ਨਾਕਾਮਯਾਬੀਆਂ ਦੱਸ ਰਿਹਾ ਹੈ ਜਿਸ ਨੇ ਹੜ੍ਹ ਆਉਣ ਤੋਂ ਪਹਿਲਾਂ ਕਿਸੇ ਤਰ੍ਹਾਂ ਦੇ ਪੁਖਤਾ ਪ੍ਰਬੰਧ ਕਰਨੇ ਜਰੂਰੀ ਨਾ ਸਮਝੇ। ਮੀਡੀਆ ਤੇ ਸੋਸਲ ਮੀਡੀਆ ਇਸ ਤ੍ਰਾਸਦੀ ਦਾ ਸ਼ਿਕਾਰ ਹੋਏ ਲੋਕਾਂ ਦੀ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਕਾਫੀ ਜਾਣਕਾਰੀ ਦੇ ਰਿਹਾ ਹੈ। ਅੰਕੜਿਆਂ ਅਨੁਸਾਰ ਪੰਜਾਬ ਦੇ 12 ਜਿਲ੍ਹੇ, 1044 ਪਿੰਡ ਹੜ੍ਹਾਂ ਤੋਂ ਪ੍ਰਭਾਵਿਤ ਹਨ ਤੇ 256107 ਲੋਕ ਇਨ੍ਹਾਂ ਤੋਂ ਪੀੜਤ ਹਨ। ਉਣੱਤੀ ਤੋਂ ਵੱਧ ਅਜਿਹੇ ਲੋਕ ਹਨ ਜੋ ਹੁਣ ਤੱਕ ਹੜ੍ਹਾਂ ਕਾਰਨ ਜਾਨਾਂ ਗੁਆ ਚੁੱਕੇ ਹਨ। ਲਗਪਗ 94061 ਏਕੜ ਖੇਤੀਯੋਗ ਜਮੀਨ ਹੜ੍ਹਾਂ ਦੀ ਮਾਰ ਹੇਠ ਆ ਚੁੱਕੀ ਹੈ। ਪਸ਼ੂਧਨ ਦਾ ਜੋ ਨੁਕਸਾਨ ਹੋਇਆ, ਉਸ ਦੀ ਤਾਂ ਜਾਣਕਾਰੀ ਅਜੇ ਇਕੱਠੀ ਹੋ ਰਹੀ ਹੈ। ਹੜ੍ਹਾਂ ਕਾਰਨ ਲੋਕਾਂ ਦੇ ਹੋਏ ਭਾਰੀ ਨੁਕਸਾਨ ਨੂੰ ਦੇਖ-ਸੁਣ ਤੇ ਅੱਜ ਹੜ੍ਹਾਂ ਤੋਂ ਬਹੁਤ ਦੂਰ ਬੈਠਾ ਹਰ ਵਿਅਕਤੀ ਵੀ ਬਹੁਤ ਜਿਆਦਾ ਚਿੰਤਤ ਹੈ।ਇਹ ਚਿੰਤਾ ਜਾਇਜ ਵੀ ਹੈ ਕਿਉਂਕਿ ਜੇਕਰ ਅਸੀਂ ਆਪਣੇ-ਆਪ ਨੂੰ ਉਸ ਜਗ੍ਹਾ 'ਤੇ ਰੱਖ ਕੇ ਸੋਚ ਰਹੇ ਹਾਂ ਤਾਂ ਹੀ ਅਸੀਂ ਉਨ੍ਹਾਂ 'ਤੇ ਆਈ ਇਸ ਕੁਦਰਤੀ ਆਫਤ ਦਾ ਅਹਿਸਾਸ ਕਰ ਪਾ ਰਹੇ ਹਾਂ। ਕਿੰਨੇ ਹੀ ਲੋਕ ਘਰਾਂ ਤੋਂ ਬੇਘਰ ਹੋ ਗਏ ਹਨ। ਜਿਵੇਂ ਚਿੜੀ ਤਿਣਕਾ-ਤਿਣਕਾ ਇਕੱਠਾ ਕਰ ਕੇ ਆਪਣਾ ਘਰ ਬਣਾਉਂਦੀ ਹੈ, ਉਸੇ ਤਰ੍ਹਾਂ ਹੀ ਲੋਕਾਂ ਨੇ ਆਪਣੀ ਮਿਹਨਤ ਦੀ ਕਮਾਈ ਨਾਲ ਘਰ ਬਣਾਏ ਪਰ ਅੱਜ ਸਭ ਪਾਣੀ ਦੀ ਲਪੇਟ ਵਿਚ ਆ ਗਏ।ਕਿੰਨੇ ਹੀ ਦੁਧਾਰੂ ਪਸ਼ੂ ਪਾਣੀ ਦੀਆਂ ਲਹਿਰਾਂ ਵਿਚ ਰੁੜ੍ਹ ਗਏ। ਸਕੂਲਾਂ ਵਿਚ ਪਾਣੀ ਭਰ ਜਾਣ ਨਾਲ ਬੱਚੇ ਸਿੱਖਿਆ ਨਾਲੋਂ ਚਾਹੇ ਕੁਝ ਸਮੇਂ ਲਈ ਹੀ ਸਹੀ ਪਰ ਟੁੱਟ ਗਏ। ਮੈਂ ਸੋਚਦੀ ਹਾਂ ਕਿ ਇਹ ਪੰਜਾਬੀਆਂ ਦੀ ਜਿੰਦਾਦਿਲੀ ਹੈ ਕਿ ਉਹ ਇਸ ਕੁਦਰਤੀ ਆਫਤ ਦਾ ਹਰ ਪੱਖ ਤੋਂ ਸਾਹਮਣਾ ਕਰਨ ਲਈ ਜੂਝ ਰਹੇ ਹਨ। ਸਾਡੇ ਬਹੁਤ ਸਾਰੇ ਸਮਾਜ ਸੇਵੀ ਹੜ੍ਹਾਂ ਦੀ ਮਾਰ ਹੇਠ ਆਏ ਇਨ੍ਹਾਂ ਪਰਿਵਾਰਾਂ ਕੋਲ ਪਹੁੰਚ ਰਹੇ ਹਨ। ਉਨ੍ਹਾਂ ਲਈ ਖਾਣ-ਪੀਣ ਤੇ ਹੋਰ ਜਰੂਰੀ ਚੀਜਾਂ ਦਾ ਪ੍ਰਬੰਧ ਕਰ ਰਹੇ ਹਨ, ਗਹਿਰੇ ਪਾਣੀਆਂ ਵਿਚ ਫਸੇ ਲੋਕਾਂ ਨੂੰ ਰੈਸਕਿਊ ਕਰ ਰਹੇ ਹਨ।ਇਨ੍ਹਾਂ ਤੋਂ ਇਲਾਵਾ ਪੰਜਾਬੀ ਕਲਾਕਾਰ, ਪੰਜਾਬ ਦੇ ਸਿਰਕੱਢ ਗਾਇਕ ਤੇ ਗਾਇਕਾਵਾਂ ਵੀ ਪੰਜਾਬ ਦੀ ਇਸ ਜਦੋਜਹਿਦ ਭਰੀ ਹਾਲਤ ਨੂੰ ਸੁਧਾਰਨ ਲਈ ਆਪਣਾ ਯੋਗਦਾਨ ਦੇ ਰਹੇ ਹਨ। ਇੱਥੇ ਇਕ ਗੱਲ ਤਾਂ ਸਾਫ ਹੋ ਜਾਂਦੀ ਹੈ ਕਿ ਹਰ ਉਹ ਪੰਜਾਬੀ ਜਿਹੜਾ ਪੰਜਾਬ ਨੂੰ ਪਿਆਰ ਕਰਦਾ ਹੈ ਤੇ ਉਹ ਦੁਨੀਆ ਦੇ ਭਾਵੇਂ ਕਿਸੇ ਵੀ ਹਿੱਸੇ ਵਿਚ ਕਿਉਂ ਨਾ ਰਹਿੰਦਾ ਹੋਵੇ, ਉਸ ਅੰਦਰ ਪੰਜਾਬੀਅਤ ਅੱਜ ਵੀ ਜਿੰਦਾ ਹੈ। ਬਹੁਤ ਸਾਰੇ ਅਧਿਆਪਕ, ਯੂਟਿਊਬਰ ਤੇ ਬਲੌਗਰ ਵੀ ਹੜ੍ਹ ਪੀੜਤ ਪੰਜਾਬੀਆਂ ਲਈ ਬਹੁਤ ਕੁਝ ਕਰ ਰਹੇ ਹਨ। ਐੱਨਡੀਆਰਐੱਫ, ਐੱਸਬੀਐੱਸਐੱਫ, ਏਅਰ ਫੋਰਸ, ਨੇਵੀ ਅਤੇ ਆਰਮੀ ਦੀਆਂ ਟੀਮਾਂ ਵੀ ਪੰਜਾਬ ਦੇ ਹਰ ਜਿਲ੍ਹੇ ਵਿਚ ਮੌਜੂਦ ਹਨ ਤੇ ਕੋਸ਼ਿਸ਼ ਸਭ ਦੀ ਇਹੀ ਹੈ ਕਿ ਹਰ ਹੜ੍ਹ ਪੀੜਤ ਪੰਜਾਬੀ ਕਿਸੇ ਵੀ ਤਰ੍ਹਾਂ ਦੀ ਮਦਦ ਤੋਂ ਵਾਂਝਾ ਨਾ ਰਹਿ ਜਾਵੇ। ਇਹ ਬਿਪਤਾ ਦੇ ਦਿਨ ਬੀਤ ਜਾਣ ਤੋਂ ਬਾਅਦ ਵੀ ਹੜ੍ਹ ਪੀੜਤ ਪਰਿਵਾਰਾਂ ਨੂੰ ਸਾਡੀ ਹੋਰ ਵੀ ਜਿਆਦਾ ਸਹਾਇਤਾ ਤੇ ਹੌਸਲੇ ਦੀ ਲੋੜ ਹੋਵੇਗੀ। ਇਹ ਸਮੇਂ ਦੀ ਲੋੜ ਹੈ ਕਿ ਅਸੀਂ ਸਾਰੇ ਹੜ੍ਹ ਪੀੜਤਾਂ ਨਾਲ ਇਸੇ ਤਰ੍ਹਾਂ ਡਟ ਕੇ ਖੜ੍ਹੇ ਰਹੀਏ। ਸਰਕਾਰ ਵੱਲੋਂ ਪੀੜਤਾਂ ਲਈ ਮੁਆਵਜੇ ਦਾ ਇੰਤਜਾਮ ਕੀਤਾ ਜਾਵੇ।

Editor - Deepika Sharma, Printer and Publisher Ravi Bhardwaj for M/s RR Multimedia Private Limited, Printed from Marutinandan Printers and Publishers, Shakti Complex, 6/18, Samaypur Industrial Area, Delhi-110042, Published from Action Balaji House, B-244, Majlis Park, Lane-3, Delhi-110033.

( RNI No- DELPUN/2015/65303)

**Chandigarh Head Office -** Jan Jagran Office, Deshsewak Building, First Floor, Baba Sohan Singh Bhakna Bhawan, Sec -29D, Chandigarh

**Punjab Office -** Monica Tower, 7/2, 3rd Floor, Pacca Bagh, Milap Chowk, Jalandhar, Punjab

**Delhi Office -** Shakti Complex, 6/18, Samaypur Industrial Area, Delhi-110042

# ਤਲਬ ਤਾਂ ਹੋਣੀ ਹੀ ਚਾਹੀਦੀ ਐ

ਤਲਬ, ਤਾਂਘ, ਤਮੰਨਾ ਤੇ ਤੜਫ਼, ਇਹ ਸਭ ਮਨ ਵਿੱਚ ਪਨਪਦਾ ਇੱਕ ਅਹਿਸਾਸ ਹੈ। ਚਿੱਤ ਵਿੱਚ ਆਸ ਰੱਖਣੀ ਅਤੇ ਇਸ ਨੂੰ ਪੂਰਾ ਕਰਨ ਲਈ ਅਭਿਆਸ ਕੀਤਾ ਜਾਂਦਾ ਹੈ। ਤਲਬਗਾਰੀ ਮਨੁੱਖੀ ਫਿਤਰਤ ਹੈ। ਇਹ ਜਿਊਣ ਦਾ ਉਸਾਰੂ ਅੰਦਾਜ ਹੈ। ਇਸ ਨਾਲ ਬੰਦੇ ਨੂੰ ਪਰਵਾਜ਼ ਮਿਲਦੀ ਹੈ। ਇਹ ਆਪਣਾ ਅੰਬਰ ਗਾਹੁਣ ਦਾ ਰਿਆਜ ਹੈ। ਮਨੁੱਖ ਦਾ ਸਮੁੱਚ ਹੀ ਅਜਿਹਾ ਸਾਜ ਬਣ ਜਾਂਦਾ ਹੈ ਕਿ ਜਿਸ ਵਿੱਚੋਂ ਪੈਦਾ ਹੁੰਦਾ ਨਾਦ ਹੀ ਜ਼ਿੰਦਗੀ ਦਾ ਰਾਜ ਬਣ ਜਾਂਦਾ ਹੈ। ਤਲਬ ਰੱਖਣਾ, ਜਿਉਂਦੇ ਹੋਣ ਦੀ ਨਿਸਾਨੀ ਹੈ। ਕੁਝ ਖਾਸ ਕਰਨ ਦਾ ਚਾਅ ਹੈ। ਨਿਵੇਕਲੀਆਂ ਰਾਹਾਂ ਸਿਰਜਣ ਦਾ ਉਮਾਹ ਹੈ। ਮਨ ਦੀਆਂ ਤਮੰਨਾਵਾਂ ਨੂੰ ਇੱਕ ਖਾਸ ਦਿਸਾ ਵੱਲ ਸੇਧਤ ਕਰਨ ਦਾ ਅਹਿਦ ਹੈ। ਇਸ ਦੀ ਪੂਰਤੀ ਲਈ ਆਖਰੀ ਦਮ ਤੀਕ ਜੱਦੋਜਹਿਦ ਕੀਤੀ ਜਾਂਦੀ ਹੈ। ਖੁਦ ਨੂੰ ਟੀਚੇ ਪ੍ਰਤੀ ਅਰਪਿਤ ਕਰਨ ਦਾ ਸੁਦਾਅ ਹੁੰਦਾ ਹੈ। ਤਲਬਗਾਰੀ ਸੁਭਾਅ ਬੰਦੇ ਦਾ ਮੀਰੀ ਗੁਣ ਹੈ। ਇਹ ਵਿਅਕਤੀਤਵ ਦਾ ਬਹੁਤ ਸੂਖਮ ਤੇ ਸਹਿਜ ਸਰੂਪ ਹੈ। ਤਲਬ, ਤ੍ਰੇਹ, ਤੜਫ਼ ਅਤੇ ਤ੍ਰਿਪਤੀ ਵੱਖ-ਵੱਖ ਪੜਾਅ ਹਨ। ਇਨ੍ਹਾਂ ਥੀਂ ਗੁਜਰਦਿਆਂ ਹੀ ਮਨੁੱਖ ਸੰਤੁਸਟਤਾ ਵੱਲ ਪਲੇਠਾ ਕਦਮ ਉਠਾਉਂਦਾ ਹੈ। ਤਲਬਗਾਰੀ ਮਨ ਦੇ ਭਾਵਾਂ ਦਾ ਉਬਾਲ, ਮਨ ਚਾਹਿਆ ਪ੍ਰਾਪਤ ਕਰਨ ਦਾ ਖਿਆਲ, ਆਪਣੇ ਦੀ ਬੁੱਕਲ ਵਿੱਚ ਸਮਾ ਜਾਣ ਦਾ ਮਲਾਲ ਹੈ। ਤਲਬਗਾਰੀ ਸੁਪਨਿਆਂ ਦੇ ਸੱਚ ਤੋਂ ਉਨ੍ਹਾਂ ਦੇ ਭਸਮ ਹੋ ਜਾਣ ਦੀ ਤਵਾਰੀਖ਼ ਹੈ। ਮਿਲਣੀਆਂ ਤੋਂ ਵਿਛੋੜੇ ਤੀਕ ਦਾ ਇਤਿਹਾਸ ਹੈ। ਤਲਬਗਾਰੀ ਦੇ ਰੂਪ ਬਹੁਤ ਹਨ ਤੇ ਇਸ ਦਾ ਅਸੀਮ ਪਾਸਾਰ ਹੈ। ਇਸ ਦੀਆਂ ਤਹਿਆਂ ਤੇ ਬਾਰੀਕੀਆਂ ਨੂੰ ਸਮਝ ਕੇ ਹੀ ਅਸੀਂ ਆਪਣੀ ਤਲਬਗਾਰੀ ਨੂੰ ਖਾਸ ਅਹਿਮੀਅਤ ਦੇ ਕੇ, ਇਸ ਦੀ ਪੂਰਨਤਾ ਦਾ ਰੰਗ ਮਾਣ ਸਕਦੇ ਹਾਂ। ਸਿਰਫ ਤਲਬਗਾਰ ਹੋਣਾ ਹੀ ਕਾਫੀ ਨਹੀਂ। ਸਗੋਂ ਸਾਨੂੰ ਮਨਚਾਹੀ ਤਲਬ ਦੀ ਹਾਸਲਤਾ ਲਈ ਇਸ ਦੇ ਹਾਣ ਦਾ ਹੋਣਾ ਵੀ ਚਾਹੀਦਾ ਹੈ। ਮੰਜਲਾਂ ਸਿਰਫ ਉਨ੍ਹਾਂ ਦੇ ਪੈਰਾਂ ਵਿੱਚ ਵਿਛਦੀਆਂ ਹਨ ਜਿਨ੍ਹਾਂ ਦੇ ਮਨਾਂ ਵਿੱਚ ਮੰਜਲਾਂ ਨੂੰ ਮਿੱਥਣ ਅਤੇ ਇਨ੍ਹਾਂ 'ਤੇ ਪਹੁੰਚਣ ਦੀ ਤੜਫ ਉਨ੍ਹਾਂ ਨੂੰ ਅੱਖ ਨਹੀਂ ਲਾਉਣ ਦਿੰਦੀ।ਤਲਬਗਾਰੀ ਸਿਰਫ ਉਸ ਵਿਅਕਤੀ ਦਾ ਹਾਸਲ ਹੈ ਜਿਸ ਦੇ ਮਨ ਵਿੱਚ ਮੁਸਕਿਲਾਂ ਨਾਲ ਖਹਿਣ ਦਾ ਦਮ ਹੋਵੇ, ਖੱਡੇ ਅਤੇ ਖਾਈਆਂ ਨੂੰ ਪੂਰਨ ਦਾ ਹੁਨਰ ਹੋਵੇ, ਪਰਬਤੀ ਟੀਸੀਆਂ ਨੂੰ ਸਰ ਕਰਨ ਦਾ ਗੁਣ ਹੋਵੇ, ਝੱਖੜਾਂ ਨਾਲ ਮੱਥਾ ਲਾ ਕੇ ਹਰਾਉਣ ਦਾ ਜੋਸ, ਜਜਬਾ ਅਤੇ ਜਨੂੰਨ ਹੋਵੇ। ਕਈ ਵਾਰ ਬੰਦਾ ਮਨ ਵਿੱਚ ਕੁਝ ਪ੍ਰਾਪਤ ਕਰਨ ਦੀ ਤਲਬ ਤਾਂ ਪੈਦਾ ਕਰਦਾ ਹੈ, ਪਰ ਹਾਰੇ ਹੋਏ ਕਦਮ, ਢਹਿੰਦੀਆਂ ਕਲਾਂ ਵਾਲੀ ਸੋਚ ਅਤੇ ਉੱਦਮਹੀਣਤਾ ਹੁੰਦੀ ਹੈ। ਅਜਿਹਿਆਂ ਲਈ ਇਹ ਸਿਰਫ ਤਲਬ ਹੀਣ ਹੋਣ ਦਾ ਲਕਬ ਬਣ ਜਾਂਦਾ ਹੈ। ਨੈਣਾਂ ਨੂੰ ਸੁਪਨਿਆਂ ਦੀ ਕੇਹੀ ਤਲਬ ਕਿ ਉਹ ਕਈ ਵਾਰ ਦਿਨੇ ਵੀ ਸੁਪਨੇ ਲੈਣ ਲੱਗਦੇ ਹਨ, ਪਰ ਸੁਪਨੇ ਦੀ ਸੰਪੂਰਨਤਾ ਲਈ ਖੁਦ ਨੂੰ ਸੁਪਨਿਆਂ ਵਿੱਚੋਂ ਕੱਢ ਕੇ ਸੰਸਾਰਕ ਸੱਚ ਦੇ ਰਾਹ ਤੁਰ ਕੇ ਹੀ ਸੁਪਨਿਆਂ ਦਾ ਸੱਚ ਉਜਾਗਰ ਹੁੰਦਾ ਹੈ।

ਬੁਝੇ ਹੋਏ ਦੀਦਿਆਂ ਵਿੱਚ ਜਾਗਦੇ ਸੁਪਨੇ ਲੈਣ ਦੀ ਤਮੰਨਾ ਜਦੋਂ ਪੈਦਾ ਹੋ ਜਾਵੇ ਤਾਂ ਨੈਣਾਂ ਵਿੱਚ ਉੱਗੇ ਚੰਗਿਆੜੇ ਹਨੇਰੇ ਨੂੰ ਉਡਾ ਕੇ ਰੋਸਨ-ਰੱਤੀਆਂ ਰਾਹਾਂ ਬਣ ਜਾਂਦੇ ਹਨ। ਇਹ ਰਾਹਾਂ ਫਿਰ ਮੰਜਲ ਦਾ ਸਿਰਨਾਵਾਂ ਬਣ ਜਾਂਦੀਆਂ ਹਨ।ਸੰਦਲੀ ਸੁਪਨੇ ਲੈਣ ਦੀ ਤਲਬ ਜਦੋਂ ਹਾਵੀ ਹੋ ਜਾਵੇ ਤਾਂ ਅੱਖਾਂ ਵਿੱਚ ਉਤਰੇ ਲਾਲ ਡੋਰੇ ਸੂਹੇ ਸਮਿਆਂ ਦੀ ਸਰਦਲ ਲੰਘ ਕੇ ਸੁਪਨ-ਨਗਰੀ ਦੇ ਵਾਸੀ ਬਣ ਜਾਂਦੇ ਹਨ। ਫਿਰ ਉਹ ਆਪਣੇ ਹਿੱਸੇ ਦੇ ਅੰਬਰ ਦੀ ਛਾਵੇਂ ਸੁਪਨਿਆਂ ਦੀਆਂ ਰੰਗੀਨੀਆਂ ਵਿੱਚ ਰਾਗ-ਰਾਗਨੀ ਬਣ ਜਾਂਦੇ ਹਨ। ਗੱਲ ਤਾਂ ਤਲਬਗਾਰੀ ਹੋਣ ਦੀ ਹੈ। ਰਾਹਾਂ, ਤਦਬੀਰਾਂ ਅਤੇ ਤਕਦੀਰਾਂ ਆਪਣੇ ਆਪ ਹੀ ਮੱਥੇ 'ਤੇ ਖੁਣੀਆਂ ਜਾਂਦੀਆਂ ਹਨ। ਇਕੱਲਤਾ ਵਿੱਚ ਖੁਦ ਨਾਲ ਯੁੱਧ ਕਰ ਰਹੇ ਸ਼ਖ਼ਸ ਦੇ ਮਨ ਵਿੱਚ ਇਹ ਕੇਹੀ ਤਲਬ ਹੁੰਦੀ ਹੈ ਕਿ ਉਹ ਮੌਤ ਵਰਗੀ ਇਕੱਲ ਤੋੜਨ ਲਈ ਸਾਥ ਲਈ ਤਲਬ ਤਲਬ ਹੋ ਜਾਣਾ ਲੋਚਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦੇ ਸਾਹ ਜਿਊਣਾ ਸਿੱਖ ਜਾਣ। ਉਸ ਦੇ ਜੀਵਨ ਵਿਚਲੀ ਉਦਾਸੀ ਅਤੇ ਹਤਾਸ਼ੀ ਪਿਘਲ ਜਾਵੇ ਅਤੇ ਉਹ ਨਿੱਘੇ ਸਾਥ ਵਿੱਚ ਉਦਾਸ ਪਲਾਂ ਦੀ ਤਲੀ 'ਤੇ ਜਿਊਣ ਜੋਗੇ ਪਲ ਉਗਾ ਸਕੇ।ਮਾਰੂਥਲ ਵਿੱਚ ਆਪਣੇ



ਰਾਹੋਂ ਭਟਕ ਚੁੱਕੇ ਰਾਹੀ ਦੇ ਬੁੱਲ੍ਹਾਂ 'ਤੇ ਆਈ ਸਿੱਕਰੀ ਵਿੱਚੋਂ ਕਦੇ ਜੰਮੀ ਹੋਈ ਤਲਬ ਨੂੰ ਮਹਿਸੂਸ ਕਰਨਾ। ਉਸ ਦੀ ਤਲਬ ਬੁੱਲ੍ਹਾਂ ਦੀ ਪਿਆਸ ਮਿਟਾਉਣ ਦੇ ਨਾਲ ਨਾਲ ਗੁਆਚੇ ਰਾਹਾਂ 'ਤੇ ਫਿਰ ਤੋਂ ਤੁਰਨ ਦੀ ਰੀਝ ਵੀ ਹੁੰਦੀ ਹੈ ਤਾਂ ਕਿ ਉਹ ਮਾਰੂਥਲ ਦੀ ਕੱਕੀ ਰੇਤ ਵਿੱਚ ਵਿੱਛੜ ਗਏ ਹਾਣੀ ਦੀਆਂ ਪੈੜਾਂ ਭਾਲ, ਉਸ ਦੀ ਪੈੜ ਨੱਪਦਾ ਉਸ ਦੀ ਤੱਕਣੀ ਵਿੱਚ ਆਖਰੀ ਸਾਹ ਨੂੰ ਲੇਖੇ ਲਾ ਦੇਵੇ। ਸੰਨਵੇਂ ਖੇਤ ਦੀ ਤਲਬ ਹੁੰਦੀ ਹੈ ਕਿ ਉਹ ਅੰਨ ਦੇ ਬੋਹਲ ਉਗਾਵੇ, ਪਰ ਉਸ ਦੀ ਇਹ ਤਲਬ ਜਦੋਂ ਵੱਟ 'ਤੇ ਉੱਗੀ ਟਾਹਲੀ ਦੇ ਸੁੱਕੇ ਟਾਹਣ ਨਾਲ ਲਟਕ ਕੇ ਖੁਦਕੁਸੀ ਕਰ ਲੈਂਦੀ ਹੈ ਤਾਂ ਬਾਕੀ ਖੇਤਾਂ ਨੂੰ ਤਲਬਗਾਰੀ ਹੋਣ ਤੋਂ ਵੀ ਕੋਫਤ ਹੋਣ ਲੱਗਦੀ ਹੈ। ਤਾਂ ਹੀ ਅੱਜਕੱਲ੍ਹ ਖੇਤਾਂ ਵਿੱਚ ਖੁਦਕੁਸੀਆਂ ਉੱਗਦੀਆਂ ਹਨ। ਕੁਝ ਖੇਤ ਤਾਂ ਕਬਰਾਂ ਬਣ ਗਏ ਹਨ ਤੇ ਕੁਝ ਨੂੰ ਵੱਟਾਂ ਖਾ ਗਈਆਂ ਹਨ। ਕਾਸ਼! ਤਲਬ ਨੂੰ ਕਦੇ ਵੀ ਅਜਿਹੀ ਹੋਣੀ ਨਾ ਹੰਢਾਉਣੀ ਪਵੇ।ਜਦੋਂ ਝੌਂਪੜੀ ਵਿੱਚ ਰਹਿੰਦੇ ਅਤੇ ਗਲੀ ਦੇ ਬਿਜਲੀ ਦੇ ਖੰਭੇ ਹੇਠ ਪੜ੍ਹ ਰਹੇ ਜੁਆਕ ਦੇ ਮਨ ਵਿੱਚ ਵਿਅਕਤੀ ਵਿਸੇਸ ਬਣਨ ਦੀ ਤਲਬ ਪੈਦਾ ਹੁੰਦੀ ਹੈ ਤਾਂ ਉਸ ਲਈ ਆਰਾਮ, ਨੀਂਦ ਜਾਂ ਭੁੱਖ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਫਿਰ ਇੱਕ ਤਲਬ ਉਸ ਨੂੰ ਉੱਚੇ ਮੁਕਾਮ ਦਾ ਹਾਸਲ ਬਣਾ ਕੇ, ਉਸ ਦੀ ਤਲਬ ਨੂੰ ਸੋਚ ਦੇ ਹਾਣ ਦਾ ਬਣਾ ਜਾਂਦੀ ਹੈ। ਉਹ ਸਾਰੀ ਹਯਾਤੀ ਆਪਣੀ ਤਲਬਗਾਰੀ ਦਾ ਰਿਣੀ ਰਹਿੰਦਾ ਹੈ। ਜਦੋਂ ਸਫਿਆਂ 'ਤੇ ਹਰਫਾਂ ਦੀ ਤਲਬਗਾਰੀ ਪਨਪਣ ਲੱਗਦੀ ਹੈ ਤਾਂ ਸਬਦਾਂ ਵਿੱਚ ਅਰਥਾਂ ਦੇ ਚਿਰਾਗ ਜਗਣ ਲੱਗਦੇ ਹਨ। ਇਹ ਕਿਤਾਬ-ਰੂਪੀ ਚਿਰਾਗ ਹੀ ਹੁੰਦੇ ਹਨ ਜੋ ਕਿਸੇ ਲਈ ਤਲਬਗਾਰੀ ਦਾ ਸਬੱਬ ਵੀ ਹੁੰਦੇ ਹਨ, ਕਿਸੇ ਨੂੰ ਤਲਬ ਪੂਰੀ ਕਰਨ ਦਾ ਗੁਰ ਵੀ ਸਮਝਾਉਂਦੇ ਹਨ ਅਤੇ ਕਿਸੇ ਦੇ ਮਸਤਕ ਵਿੱਚ ਤਲਬਗੀਰੀ ਵੀ ਟਿਕਾਉਂਦੇ ਹਨ। ਚੇਤੇ ਰੱਖਣਾ ਚਾਹੀਦਾ ਹੈ ਕਿ ਕਿਤਾਬਾਂ ਦੀ ਤਲਬਗਾਰੀ ਜਿੱਥੇ ਬੰਦੇ ਨੂੰ ਇਨਸਾਨੀਅਤ ਦਾ ਮਾਰਗੀ ਬਣਾਉਂਦੀ ਹੈ, ਉੱਥੇ ਬੰਦੇ ਨੂੰ ਖੁਦ ਨਾਲ ਮਿਲਾਉਂਦੀ, ਅੰਦਰਲੀਆਂ ਰਮਜਾਂ ਸਮਝਾਉਂਦੀ ਅਤੇ ਸਵੈ-ਚੇਤਨਾ ਦਾ ਜਾਗ ਲਾਉਂਦੀ ਹੈ।ਤਲਬਗਾਰੀ ਦਾ ਇਹ ਕੇਹਾ ਰੂਪ ਹੈ ਕਿ ਬੰਦਾ ਦੁਨਿਆਵੀ ਲੋੜਾਂ ਦੀ ਬਹੁਤਾਤ ਵਿੱਚੋਂ ਵੀ ਫਕੀਰੀ ਮਾਣਨ ਅਤੇ ਅਲਮਸਤ ਭਰੀ ਜਿੰਦਗੀ ਜਿਊਣ ਦੀ ਤਮੰਨਾ ਮਨ ਵਿੱਚ ਪਾਲਣ ਲੱਗਦਾ ਹੈ। ਇਹੀ ਤਮੰਨਾ ਉਸ ਨੂੰ ਤੰਗ ਨਜਰੀਆ, ਘੁਣਤਰਾਂ, ਸਾਜ਼ਿਸ਼ਾਂ, ਨਫਰਤਾਂ, ਦੁਸਮਣੀਆਂ, ਲੋਭ, ਲਾਲਚ ਆਦਿ ਤੋਂ ਉੱਪਰ ਦਿਨਆਈ ਮਾਰਗ 'ਤੇ ਤੁਰਨ ਲਈ ਪ੍ਰੇਰਨਾ ਬਣਦਾ ਹੈ। ਅਜਿਹੇ ਸਮੇਂ ਵਿੱਚ ਬੰਦਾ ਮਸਹੂਰੀ ਤੋਂ ਮਹਾਨਤਾ ਵੰਨੀ ਮੋੜ ਕੱਟਦਾ ਹੈ। ਮੌਕਾ ਮਿਲੇ ਤਾਂ ਇਸ ਮਾਰਗ 'ਤੇ ਤੁਰਨ ਦੀ ਤਲਬ ਜਰੂਰ ਪੈਦਾ ਕਰਨੀ ਚਾਹੀਦੀ ਹੈ। ਮਨ ਦੀ ਧਰਾਤਲ 'ਤੇ ਉੱਗੀ ਇਹ ਕੇਹੀ ਤਲਬ ਕਿ ਬੰਦਾ ਸੱਤ ਸਮੁੰਦਰੋਂ ਪਾਰ ਰਹਿੰਦਿਆਂ ਵੀ ਆਪਣੇ ਪੁਰਾਣੇ ਘਰ, ਖੂਹਾਂ, ਜੂਹਾਂ, ਦਰਾਂ ਅਤੇ ਗਰਾਂ ਦੀਆਂ ਗੁਆਚ ਚੁੱਕੀਆਂ ਨਿਸਾਨੀਆਂ ਨੂੰ ਭਾਲਣ ਲਈ ਪਿੰਡ ਨੂੰ ਪਰਤਦਾ ਹੈ। ਇਹ ਉਸ ਦੀ ਚੇਤਨਾ ਵਿੱਚ ਸਮਾਈਆਂ ਯਾਦਾਂ ਨੂੰ ਨਵਿਆਉਣ ਦੀ ਤਲਬ ਹੀ ਹੁੰਦੀ ਹੈ ਕਿ ਉਹ ਪੁਰਾਣੇ ਯਾਰ-ਬੇਲੀਆਂ, ਪੁਰਾਣੀਆਂ ਥਾਵਾਂ ਅਤੇ ਬੀਤ ਚੁੱਕੇ ਪਲਾਂ ਰਾਹੀਂ ਆਪਣੇ ਬੀਤੇ ਹੋਏ ਨੂੰ ਮੋੜ ਲਿਆਉਣ ਲਈ ਤਰਲੋਮੱਛੀ ਹੁੰਦਾ ਹੈ। ਪਰ ਇਹ ਕਦੇ ਵੀ ਸੰਭਵ ਨਹੀਂ ਹੁੰਦਾ ਕਿਉਂਕਿ ਬਦਲਦੀਆਂ ਰੁੱਤਾਂ ਤੇ ਮੌਸਮਾਂ ਵਿੱਚ ਹਰ ਵਸਤ ਤੇ ਵਰਤਾਰੇ ਦਾ ਰੰਗ, ਨਕਸ ਅਤੇ ਤਹਿਜੀਬ ਦਾ ਬਦਲ ਜਾਣਾ ਸੁਭਾਵਿਕ ਹੈ। ਬੀਤੇ ਪਲ ਕਦੋਂ ਪਰਤਦੇ ਹਨ। ਬੀਤੇ ਦੀਆਂ ਸਿਰਫ ਯਾਦਾਂ ਹੁੰਦੀਆਂ ਹਨ ਜਿਹੜੀਆਂ ਸਾਡੀ ਤਲਬਗਾਰੀ ਨੂੰ ਕਈ ਵਾਰ ਹੋਰ ਵੀ ਵਧਾਉਂਦੀਆਂ ਹਨ।ਆਪਣਿਆਂ ਤੋਂ ਟੁੱਟਣ ਅਤੇ ਦੂਸਰਿਆਂ ਨਾਲ ਜੁੜਨ ਦੀ ਇਹ ਕੇਹੀ ਮਾਰੂ ਤਲਬਗਾਰੀ ਕਿ ਰਿਸਤੇ ਹੀ ਗੁਆਚ ਗਏ। ਸਬੰਧ ਗੁੰਮਨਾਮੀ ਦੀ ਜੂਨ ਹੰਢਾਉਣ ਲਈ ਮਜਬੂਰ ਹਨ, ਦੋਸਤੀਆਂ ਨੂੰ ਸੱਪ ਸੁੰਘ ਗਿਆ ਅਤੇ ਆਖਰੀ ਸਾਹਾਂ ਤੀਕ ਯਾਰੀਆਂ ਪਾਲਣ ਵਾਲੀ ਨਸਲ ਦਾ ਤਾਂ ਬੀਅ ਹੀ ਨਾਸ ਹੋ ਗਿਆ। ਇਹ ਤਲਬਗਾਰੀ ਕਾਰਨ ਅਸੀਂ ਆਪਣੀਆਂ ਅਰਥੀਆਂ ਆਪਣੇ ਹੀ ਮੋਢਿਆਂ 'ਤੇ ਰੱਖ, ਸਿਵਿਆਂ ਵੱਲ ਭੱਜੇ ਜਾ ਰਹੇ ਹਾਂ। ਆਪਣਾ ਸਿਵਾ ਸੇਕਣ ਦੀ ਕਾਹਲ ਵਿੱਚ ਧੁਖਦੇ ਸਿਵੇ ਬਣ ਚੁੱਕੇ ਹਾਂ। ਤਲਬਗਾਰੀ ਜਦੋਂ ਤੰਗ-ਦਿਲੀ ਅਤੇ ਤੰਗ-ਦਸਤੀ ਦੀ ਜੂਨੇ ਪੈ ਜਾਵੇ ਤਾਂ ਫਿਰ ਇਹ ਸਾਹਾਂ ਨੂੰ ਸੰਗੋੜਦੀ, ਜੀਵਨ-ਦਿਸਹੱਦਿਆਂ ਨੂੰ ਧੁੰਧਲਾਉਂਦੀ, ਸਾਡੇ ਮਿੱਥੇ ਟੀਚਿਆਂ ਦੀ ਅਸੰਭਵਤਾ ਹੀ ਸਾਡੇ ਨਾਮ ਕਰਦੀ ਹੈ।ਤਲਬਗਾਰੀ ਜਦੋਂ ਤਰਜੀਹ ਬਣ ਜਾਵੇ ਤਾਂ ਰਾਹ-ਰਸਤੇ ਆਪਣੇ ਲੱਗਦੇ ਹਨ। ਮਨਾਂ ਵਿੱਚ ਕੁਝ ਕਰਨ ਦੀ ਨਿਸਠਾ, ਸਾਧਨਾ, ਸਿਰੜ ਅਤੇ ਸਮਰਪਣ ਦੇ ਸਾਥ ਵਿੱਚ ਨਵੀਆਂ ਪਹਿਲਕਦਮੀਆਂ ਦਾ ਸਿਰਲੇਖ ਬਣ ਜਾਂਦੀ ਹੈ। ਤਲਬਗਾਰੀ ਜਦੋਂ ਤੁਹਮਤਬਾਜੀ, ਤਿਗੜਮਬਾਜੀ ਅਤੇ ਤੰਗ ਨਜਰੀਏ ਦੀ ਸ਼ਿਕਾਰ ਹੋ ਜਾਂਦੀ ਹੈ ਤਾਂ ਬੰਦੇ ਵਿਚਲਾ ਅਮਾਨਵ ਕਾਲਖ ਦਾ ਵਣਜ ਕਰਦਿਆਂ, ਹਨੇਰਿਆਂ ਦੀ ਰੁੱਤ ਹੀ ਝੋਲੀ ਵਿੱਚ ਪਵਾਉਂਦਾ ਹੈ। ਭਲਾ! ਮੱਸਿਆ ਦੀ ਰਾਤ ਵਿੱਚ ਚੰਨ-ਚਾਨਣੀ ਦੀ ਆਸ ਰੱਖੀ ਵੀ ਕਿਵੇਂ ਜਾ ਸਕਦੀ ਹੈ? ਯਾਦ ਰਹੇ ਕਿ ਤਾਰੇ ਤਾਂ ਦਿਨੇ ਵੀ ਅਸਮਾਨ ਵਿੱਚ ਹੀ ਹੁੰਦੇ ਹਨ, ਪਰ ਦਿਸਦੇ ਸਿਰਫ ਰਾਤ ਨੂੰ ਹੀ ਹਨ।ਸੁੱਭ-ਇੱਛਾਵਾਂ, ਭਾਵਾਂ, ਦੁਆਵਾਂ ਅਤੇ ਚਾਵਾਂ ਦੀ ਤਲਬ ਮਨ ਵਿੱਚ ਪੈਦਾ ਹੋਣ ਲੱਗੇ ਤਾਂ ਸਮਝੋ ਕਿ ਬੰਦੇ ਨੇ ਖੁਦ ਨੂੰ ਪਛਾਣ ਲਿਆ ਹੈ। ਇਹੀ ਪਛਾਣ ਉਸ ਦੀਆਂ ਸੋਚਾਂ ਨੂੰ ਸੇਧ ਤੇ ਸਮੁੱਤਾਂ ਦਿੰਦੀ ਹੈ, ਉਸ ਲਈ ਨਿੱਗਰ ਪ੍ਰਾਪਤੀਆਂ ਦਾ ਸੰਸਾਰ ਵੀ ਬਣ ਜਾਂਦੀ ਹੈ।

ਸੋਚ, ਸਮਝ, ਸਿਆਣਪ, ਸਮਰਪਣ ਅਤੇ ਸੁਹਜ ਸਲੀਕੇ ਦੀ ਤਲਬ ਜਦੋਂ ਬੰਦੇ ਦੀ ਜੀਵਨ-ਜਾਚ ਬਣ ਜਾਂਦੀ ਹੈ ਤਾਂ ਬੰਦੇ ਨੂੰ ਜਿਊਣਾ ਆ ਜਾਂਦਾ ਹੈ। ਉਹ ਆਪਣੇ ਹਰ ਸਾਹ ਨਾਲ ਹੀ ਆਪਣੀ ਜਿੰਦਗੀ ਨੂੰ ਜਸਨ ਭਰਪੂਰ ਬਣਾ ਕੇ ਇਸ ਦੀ ਖੈਰ-ਸੁੱਖ ਵਿੱਚ ਆਨੰਦਤ ਹੋ ਜਾਂਦਾ ਹੈ।ਤਲਬ ਦਾ ਰੂਪ ਉਮਰ ਨਾਲ ਬਦਲਦਾ ਹੈ। ਹਾਲਤਾਂ ਨਾਲ ਤਬਦੀਲ ਹੁੰਦਾ ਹੈ। ਸਮਾਜਿਕ ਪੱਧਰ, ਹੈਸੀਅਤ, ਰੁਤਬੇ ਅਤੇ ਮਾਣ ਮਰਿਆਦਾ 'ਤੇ ਵੀ ਨਿਰਭਰ ਹੁੰਦਾ ਹੈ। ਤੁਸੀਂ ਕਿਹੜੀ ਤਲਬਗਾਰੀ ਨਾਲ ਆਪਣੇ ਆਪ ਨੂੰ ਦੂਸਰਿਆਂ ਤੋਂ ਵੱਖਰਿਆਉਣਾ, ਖੁਦ ਨੂੰ ਵਿਲੱਖਣ ਦਿਖਾਉਣਾ ਜਾਂ ਆਪਣੇ ਬਿੰਬ ਨੂੰ ਰੁਸ਼ਨਾਉਣਾ ਜਾਂ ਧੁੰਧਲਾਉਣਾ ਹੈ, ਇਹ ਤੁਹਾਡੇ 'ਤੇ ਨਿਰਭਰ ਹੈ। ਤਲਬ ਜਦ ਸਰੀਰਕ ਸੁੱਖ, ਸਬੰਧ, ਲਾਲਸਾ, ਨਿੱਜ-ਪ੍ਰਸਤੀ ਤੀਕ ਸੀਮਤ ਹੋ ਜਾਵੇ ਤਾਂ ਬੰਦਾ ਇਸ ਦੀ ਵਸੀਹਤਾ ਤੋਂ ਅਣਜਾਣ ਹੋ, ਇਸ ਦੇ ਅੰਤਰੀਵੀ ਅਤੇ ਮੀਰੀ ਰੂਪਾਂ ਤੋਂ ਵਿਰਵਾ ਰਹਿ ਜਾਂਦਾ ਹੈ। ਇਸ ਨਾਲ ਮਿਲਣ ਵਾਲੇ ਸਕੂਨ, ਸੰਤੁਸਟੀ ਅਤੇ ਸਬਰ, ਸੰਤੋਖ ਤੋਂ ਵਿਹੂਣਾ ਹੋ ਜਾਂਦਾ ਹੈ। ਉਹ ਆਪਣੀ ਨੀਚਤਾ ਤੀਕ ਹੀ ਸੀਮਤ ਹੋ ਜਾਂਦਾ ਹੈ। ਅਜਿਹੇ ਵਕਤਾਂ ਵਿੱਚ ਤਾਂ ਤਲਬਗਾਰੀ ਵੀ ਸਰਮਸਾਰ ਹੋ ਜਾਂਦੀ ਹੈ। ਕਈ ਵਾਰ ਤਾਂ ਇੰਝ ਜਾਪਦਾ;

**ਡਾ. ਗੁਰਬਖਸ ਸਿੰਘ ਭੰਡਾਲ**

# ਪੰਜਾਬ: ਗੁੰਝਲਦਾਰ ਹਾਲਾਤ ਅਤੇ ਸਮਾਜਿਕ ਬੇਚੈਨੀ

ਕਿਸੇ ਵੀ ਸਮਾਜ ਦੀ ਬਣਤਰ ਅਤੇ ਵਿਕਾਸ ਲਈ ਅਰਥਚਾਰਾ ਰੀੜ੍ਹ ਦੀ ਹੱਡੀ ਦਾ ਕੰਮ ਕਰਦਾ ਹੈ। ਕਿੱਤੇ ਨਾਲ ਜੁੜੀ ਮਨੁੱਖੀ ਸ਼ਕਤੀ ਆਪਣੀ ਕਿਰਤ ਰਾਹੀਂ ਇਸ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ। ਪੰਜਾਬ ਜਿਸ ਦੀ ਬਹੁਗਿਣਤੀ ਵੱਸੋਂ ਪਿੰਡਾਂ ਵਿੱਚ ਰਹਿੰਦੀ ਹੈ ਤੇ ਖੇਤੀ ਨਾਲ ਜੁੜੀ ਹੋਈ ਹੈ, ਮੁਲਕ ਦੇ ਅੰਨ ਭੰਡਾਰਾਂ 'ਚ 60% ਤੱਕ ਹਿੱਸਾ ਪਾਉਂਦਾ ਰਿਹਾ ਹੈ। ਸੂਬੇ ਵਿੱਚ ਬਹੁਤੀਆਂ ਵੱਡੀਆਂ ਜੋਤਾਂ ਨਹੀਂ ਕਿਉਂਕਿ ਵਿੱਚ ਬਹੁਗਿਣਤੀ ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ; ਇੱਕ ਤਿਹਾਈ ਕਿਸਾਨਾਂ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ; ਭਾਵ, ਬਹੁਗਿਣਤੀ ਛੋਟੇ ਤੇ ਗਰੀਬ ਕਿਸਾਨਾਂ ਦੀ ਹੈ ਜੋ ਸਖ਼ਤ ਮਿਹਨਤ ਨਾਲ ਸਿਰਫ ਆਪਣੇ ਪਰਿਵਾਰ ਹੀ ਨਹੀਂ ਪਾਲਦ ਬਲਕਿ ਮੁਲਕ ਲਈ ਵੀ ਅੰਨ ਮੁਹੱਈਆ ਕਰਵਾਉਂਦੇ ਹਨ। ਇਸ ਦੇ ਬਾਵਜੂਦ ਵੀ ਸ਼ਾਸਨ ਅਤੇ ਪ੍ਰਸ਼ਾਸਨ ਨੇ ਇਸ ਖੇਤਰ ਦੀਆਂ ਦਿੱਕਤਾਂ ਵੱਲ ਕਦੇ ਧਿਆਨ ਨਹੀਂ ਦਿੱਤਾ। ਹਰੀ ਕ੍ਰਾਂਤੀ ਨੇ ਜਿੱਥੇ ਪੈਦਾਵਾਰ ਵਿੱਚ ਅਥਾਹ ਵਾਧਾ ਕੀਤਾ, ਉੱਥੇ ਖੇਤੀ ਖੇਤਰ ਨੂੰ ਮੰਡੀ ਦੇ ਰਹਿਮੋ-ਕਰਮ ਉੱਤੇ ਛੱਡ ਦਿੱਤਾ। ਇਉਂ ਖੇਤੀ ਖਰਚਿਆਂ/ਲਾਗਤਾਂ ਦੇ ਲਗਾਤਾਰ ਵਾਧੇ, ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣ ਅਤੇ ਕਰਜ਼ੇ ਕਾਰਨ ਕਿਸਾਨੀ ਨੂੰ ਮੰਦਹਾਲੀ ਵੱਲ ਧੱਕ ਦਿੱਤਾ।ਕੌਮੀ ਪੱਧਰ ਉੱਤੇ ਹਰ ਕਿਸਾਨ ਪਰਿਵਾਰ ਸਿਰ 74121 ਰੁਪਏ ਔਸਤਨ ਕਰਜ਼ਾ ਹੈ। ਪੰਜਾਬ ਵਿੱਚ ਇਹ ਕਰਜਾ 2.05 ਲੱਖ ਰੁਪਏ, ਹਰਿਆਣਾ ਵਿੱਚ 1.83 ਲੱਖ, ਹਿਮਾਚਲ ਪ੍ਰਦੇਸ਼ ਵਿੱਚ 85285 ਅਤੇ ਜੰਮੂ ਕਸ਼ਮੀਰ ਵਿੱਚ 30435 ਰੁਪਏ ਹੈ। 1997 ਵਿੱਚ ਪੰਜਾਬ ਦੀ ਕਿਸਾਨੀ ਸਿਰ 5700 ਕਰੋੜ ਰੁਪਏ ਦਾ ਕਰਜ਼ਾ ਸੀ ਜੋ 2022-23 ਵਿੱਚ 73673 ਕਰੋੜ ਰੁਪਏ ਤੱਕ ਪਹੁੰਚ ਗਿਆ। ਇਉਂ ਕਰਜੇ ਦੀ ਪੰਡ ਹੌਲੀ ਹੋਣ ਦੀ ਥਾਂ ਦਿਨ-ਬਦਿਨ ਭਾਰੀ ਹੋ ਰਹੀ ਹੈ। ਇਸੇ ਆਰਥਿਕ ਬੇਵਸੀ ਅਤੇ ਨਿਰਾਸ਼ਤਾ ਵਿੱਚੋਂ ਹੀ ਕਿਸਾਨ ਕਦੇ ਆਤਮ-ਹੱਤਿਆ ਕਰਦਾ ਹੈ ਅਤੇ ਕਦੇ ਅੰਦੋਲਨ ਦਾ ਰਸਤਾ ਅਖ਼ਤਿਆਰ ਕਰਦਾ ਹੈ। ਅਧਿਐਨਾਂ ਮੁਤਾਬਿਕ ਪੰਜਾਬ ਦੇ ਪੇਂਡੂ ਖੇਤਰ ਵਿੱਚ ਹੁਣ ਤੱਕ ਤਕਰੀਬਨ 30 ਹਜਾਰ ਆਤਮ-ਹੱਤਿਆਵਾਂ ਹੋ ਚੁੱਕੀਆਂ ਹਨ ਅਤੇ ਕਿਸਾਨ ਅੰਦੋਲਨ ਦੀ ਜਾਗਰੂਕਤਾ ਤੇ ਸਮਾਜਿਕ ਸਮੂਹਿਕ ਢਾਰਸ ਦੇ ਬਾਵਜੂਦ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਸਿਆਸੀ ਅਣਦੇਖੀ ਕਾਰਨ ਪੇਂਡੂ ਸਮਾਜ ਖੁਦ ਨੂੰ ਲੁੱਟਿਆ-ਪੁੱਟਿਆ ਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਨੈਸ਼ਨਲ ਸੈਂਪਲ ਸਰਵੇ (2002) ਦੀ ਰਿਪੋਰਟ ਮੁਤਾਬਿਕ ਤਕਰੀਬਨ 40% ਕਿਸਾਨਾਂ ਨੇ ਖੇਤੀਬਾੜੀ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਹੈ। ਸਰਕਾਰੀ ਨੀਤੀਆਂ ਵਿੱਚ ਕੋਈ ਖਾਸ ਤਬਦੀਲੀ ਨਾ ਹੋਣ ਕਾਰਨ ਹਾਲਾਤ ਹੋਰ ਗੰਭੀਰ ਹੋ ਚੁੱਕੇ ਹਨ। ਘਾਟੇ ਦਾ ਵਣਜ ਹੋਣ ਦੇ ਬਾਵਜੂਦ ਕਿਸਾਨੀ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਮਾਨਸਿਕ ਕਾਰਨਾਂ ਕਰ ਕੇ ਧਰਤੀ/ਖੇਤੀ ਨਾਲ ਜੁੜੀ ਰਹਿਣਾ ਚਾਹੁੰਦੀ ਹੈ। ਇਸੇ ਪ੍ਰਸੰਗ ਵਿੱਚ ਕਿਸਾਨਾਂ ਦੀ ਲਾਮਬੰਦੀ ਅਤੇ ਹੁਣੇ ਵਾਪਸ ਹੋਈ ਲੈਂਡ ਪੂਲਿੰਗ ਨੀਤੀ ਦੇ ਸਬੰਧਾਂ ਨੂੰ ਸਮਝਣਾ ਬਿਹਤਰ ਰਹੇਗਾ।ਹਰੇ ਇਨਕਲਾਬ ਵਾਲੇ ਮਾਡਲ ਨੇ ਇਕੱਲੇ ਆਰਥਿਕ ਖੇਤਰ ਹੀ ਨਹੀਂ, ਕੁਦਰਤੀ ਸੋਮਿਆਂ ਦਾ ਉਜਾੜਾ ਵੀ ਕੀਤਾ। ਅੱਜ ਪੰਜਾਬ ਵਿੱਚ 14.5 ਲੱਖ ਤੋਂ ਵੱਧ ਟਿਊਬਵੈੱਲ ਸਿੰਜਾਈ ਖਾਤਿਰ ਲੱਗੇ ਹੋਏ ਹਨ। ਜ਼ਮੀਨ ਹੇਠਲੇ ਪਾਣੀ ਦੀ ਪਰਤ 20 ਫੁੱਟ ਤੱਕ ਖ਼ਤਮ ਹੋ ਚੁੱਕੀ ਹੈ। ਦੂਜੀ ਪਰਤ ਪਿਛਲੇ 10 ਸਾਲਾਂ ਵਿੱਚ 100 ਤੋਂ 200 ਫੁੱਟ ਤੱਕ ਖ਼ਤਮ ਹੋ ਚੁੱਕੀ ਹੈ। ਤੀਜੀ ਪਰਤ ਜੋ 350 ਫੁੱਟ ਤੋਂ ਡੂੰਘੀ ਹੈ, ਉਹ ਹੁਣ ਝੋਨੇ ਦੀ ਸਿੰਜਾਈ ਲਈ ਵਰਤੀ ਜਾ ਰਹੀ ਹੈ। ਝੋਨੇ ਕਾਰਨ ਪੰਜਾਬ ਦੇ ਕੁੱਲ 150 ਬਲਾਕਾਂ ਵਿੱਚੋਂ 140 ਬਲਾਕ ਚਿੰਤਾ ਵਾਲੀ ਹਾਲਤ ਵਿੱਚ ਹਨ। ਜਿਉਂ-ਜਿਉਂ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ, ਤਿਉਂ-ਤਿਉਂ ਬੋਰ ਡੂੰਘੇ ਕਰਨ ਅਤੇ ਮੁੜ ਜਿਆਦਾ ਪਾਵਰ ਵਾਲੀਆਂ ਸਬਮਰਸੀਬਲ ਮੋਟਰਾਂ ਲਾਉਣ ਨਾਲ ਖਰਚਿਆਂ ਦਾ ਬੋਝ ਵਧ ਰਿਹਾ ਹੈ। ਸੈਂਟਰਲ ਬੋਰਡ ਆਫ ਗਰਾਊਂਡ ਵਾਟਰ ਮੁਤਾਬਿਕ, 2039 ਤੱਕ ਪਾਣੀ 1000 ਫੁੱਟ ਡੂੰਘਾ ਹੋ ਜਾਵੇਗਾ; ਭਾਵ, ਪੰਜਾਬ ਰੇਗਸਤਾਨ ਬਣ ਜਾਵੇਗਾ। ਧਰਤੀ ਵਿੱਚ ਲਗਾਤਾਰ ਹੋ ਰਹੇ ਬੋਰ ਇੱਕ ਨਾ ਇੱਕ ਦਿਨ ਕਿਸੇ ਨਾ ਕਿਸੇ ਕੁਦਰਤੀ ਆਫ਼ਤ ਦਾ ਕਾਰਨ ਬਣਨਗੇ। ਮਾਹਿਰਾਂ ਮੁਤਾਬਿਕ, ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਨਿਕਾਸੀ ਕਾਰਨ ਵਾਟਰ ਬਾਡੀਜ਼ ਦੀਆਂ ਬਣਤਰਾਂ ਵਿੱਚ ਵਿਗਾੜ ਪੈਦਾ ਹੋ ਸਕਦੇ ਹਨ। ਹਰ ਸਾਲ ਝੋਨੇ ਹੇਠ ਰਕਬਾ ਵਧ ਰਿਹਾ ਹੈ ਜੋ ਹੁਣ 32 ਲੱਖ ਹੈਕਟੇਅਰ ਤੋਂ ਉੱਪਰ ਪਹੁੰਚ ਗਿਆ ਹੈ। ਸਰਕਾਰ ਦੇ ਰੋਕਣ ਦੇ ਬਾਵਜੂਦ ਪਾਬੰਦੀਸ਼ੁਦਾ ਝੋਨੇ ਦੀਆਂ ਵੰਨਗੀਆਂ ਦੀ ਲੁਆਈ ਹੋਈ। ਝੋਨੇ ਦੀ ਸਿੱਧੀ ਲੁਆਈ ਦਾ ਰਕਬਾ ਤੇਜ਼ੀ ਨਾਲ ਘਟਿਆ ਹੈ। ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇਣ ਦੀ ਸਰਕਾਰੀ ਸਹੂਲਤ ਨੇ ਵੀ ਕੰਮ ਨਹੀਂ ਕੀਤਾ। ਦੂਜੇ, ਚੌਲ ਪੰਜਾਬ ਦੇ ਲੋਕਾਂ ਦੀ ਖੁਰਾਕ ਦਾ ਹਿੱਸਾ ਨਹੀਂ; ਇਸ ਦੇ ਬਾਵਜੂਦ ਨਫੇ ਕਾਰਨ ਇਹ ਸਭ ਕੁਝ ਹੋ ਰਿਹਾ ਹੈ। ਇਕੱਲੇ ਪਾਣੀ ਦੀ ਹੀ ਬਰਬਾਦੀ ਨਹੀਂ ਸਗੋਂ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਮਨੁੱਖੀ ਸਮਾਜਿਕ ਜੀਵਨ ਨੂੰ ਤਬਾਹ ਕਰ ਰਹੀ ਹੈ ਅਤੇ ਸਮੁੱਚਾ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ।ਸੂਬੇ ਵਿੱਚ ਜਹਿਰਾਂ ਦੀ ਅੰਨ੍ਹੇਵਾਹ ਵਰਤੋਂ ਸਿਰਫ ਝੋਨੇ/ਕਣਕ ਤੱਕ ਸੀਮਤ ਨਹੀਂ, ਸਬਜ਼ੀਆਂ ਤੇ ਫਲਾਂ ਵਿੱਚ ਜ਼ਹਿਰਾਂ ਦੀ ਮਿਕਦਾਰ ਮਿੱਥੀ ਹੱਦ ਤੋਂ ਕਿਤੇ ਪਾਰ ਜਾ ਚੁੱਕੀ ਹੈ। ਪਸ਼ੂਆਂ ਲਈ ਚਾਰਾ ਵੀ ਜ਼ਹਿਰਾਲਾ ਹੋ ਚੁੱਕਿਆ ਹੈ। ਆਲ ਇੰਡੀਆ ਕੋਆਰਡੀਨੇਟਡ ਰਿਸਰਚ ਪ੍ਰਾਜੈਕਟ ਦੀ ਰਿਪੋਰਟ ਮੁਤਾਬਿਕ ਫ਼ਲ, ਸਬਜ਼ੀਆਂ ਤੇ ਅਨਾਜ ਵਿੱਚ ਡੀਡੀਟੀ, ਬੀਐੱਚਸੀ, ਐੱਚਸੀਐੱਚ ਦੇ ਅੰਸ਼ ਮੌਜੂਦ ਹਨ। ਹੋਰ ਤਾਂ ਹੋਰ, ਇਨ੍ਹਾਂ ਕੀਟਨਾਸ਼ਕਾਂ ਦਾ ਮੱਝਾਂ, ਗਾਵਾਂ ਦੇ ਦੁੱਧ ਅਤੇ ਮੱਖਣ 'ਤੇ ਵੀ ਮਾਰੂ ਅਸਰ ਹੋ ਰਿਹਾ ਹੈ। ਪੰਜਾਬ ਸਰਕਾਰ ਦੇ ਸਰਵੇ ਮੁਤਾਬਿਕ ਮੁਕਤਸਰ, ਬਠਿੰਡਾ, ਮਾਨਸਾ, ਫਿਰੋਜ਼ਪੁਰ ਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ, ਯੂਰੇਨੀਅਮ ਅਤੇ ਰਸਾਇਣਕ ਜਹਿਰੀਲਾਪਣ ਅਣਕਿਆਸੀ ਹੱਦ ਤੱਕ ਜਾ ਚੁੱਕਿਆ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਵੀ ਆਪਣੀ ਰਿਪੋਰਟ ਵਿੱਚ ਅਜਿਹੇ ਨਤੀਜਿਆਂ 'ਤੇ ਪੁੱਜਿਆ ਹੈ। ਇਨ੍ਹਾਂ ਖਤਰਨਾਕ ਤੱਤਾਂ ਦਾ ਮਨੁੱਖੀ ਜੀਵਨ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ ਅਤੇ ਨਵਜੰਮੇ ਬੱਚੇ ਜੀਨ ਗੜਬੜੀ ਕਾਰਨ ਮੰਦਬੁੱਧੀ ਦਾ ਸ਼ਿਕਾਰ ਹੋ ਰਹੇ ਹਨ। ਸੰਸਾਰ ਸਿਹਤ ਸੰਸਥਾ ਮੁਤਾਬਿਕ 80% ਬਿਮਾਰੀਆਂ ਦਾ ਕਾਰਨ ਪਾਣੀ ਦੀ ਵਿਗੜੀ ਹਾਲਤ ਹੈ। ਪੰਜਾਬ ਦੀ ਦੱਖਣ-ਪੱਛਮੀ ਪੱਟੀ ਕੈਂਸਰ ਨੇ ਗ੍ਰਿਫ਼ਤ ਵਿੱਚ ਹੈ। ਕੈਂਸਰ ਤੋਂ ਬਚਾਅ ਅਤੇ ਇਸ ਦੇ ਸਹੀ ਇਲਾਜ ਲਈ ਕਿਧਰੇ ਕੋਈ ਸਾਰਥਕ ਹੰਭਲਾ ਦਿਖਾਈ ਨਹੀਂ ਦੇ ਰਿਹਾ।ਦਰਿਆਵਾਂ ਅਤੇ ਨਹਿਰਾਂ ਦਾ ਪਾਣੀ ਫੈਕਟਰੀਆਂ 'ਚੋਂ ਡਿੱਗ ਰਹੇ ਤੇਜਾਬਾਂ ਕਾਰਨ ਜ਼ਹਿਰੀਲਾ ਹੋ ਚੁੱਕਿਆ ਹੈ ਜਿਸ ਕਾਰਨ ਪਾਣੀ ਵਿੱਚ ਰਹਿਣ ਵਾਲੇ ਜੀਵ ਮਰ ਰਹੇ ਹਨ। ਘੱਗਰ ਜੋ ਤਕਰੀਬਨ ਬਰਸਾਤੀ ਦਰਿਆ ਹੈ, ਵਿੱਚ ਨਾਲਿਆਂ ਰਾਹੀਂ ਹਿਮਾਚਲ, ਚੰਡੀਗੜ੍ਹ, ਪੰਚਕੂਲਾ, ਪੰਜਾਬ ਅਤੇ ਹਰਿਆਣਾ ਦੇ ਨਾਲ ਲਗਦੇ ਸ਼ਹਿਰਾਂ ਦੀਆਂ ਫੈਕਟਰੀਆਂ ਅਤੇ ਸੀਵਰੇਜ ਦਾ ਦੂਸ਼ਿਤ ਪਾਣੀ ਸੁੱਟ ਕੇ ਇਸ ਨੂੰ ਜ਼ਹਿਰੀਲਾ ਬਣਾ ਦਿੱਤਾ ਗਿਆ ਹੈ। ਦੂਸ਼ਿਤ ਪਾਣੀ ਨਾ ਸਿਰਫ ਜ਼ਮੀਨ ਅਤੇ ਹੇਠਲੇ ਪਾਣੀ ਨੂੰ ਜ਼ਹਿਰੀਲਾ ਬਣਾ ਰਿਹਾ ਹੈ। ਇਉਂ ਪੁਆਧ ਦਾ ਜਿਹੜਾ ਖੇਤਰ ਵਾਤਾਵਰਨ ਪੱਖੋਂ ਸ਼ੁੱਧ ਮੰਨਿਆ ਜਾਂਦਾ ਸੀ, ਉਹ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਿਆ ਹੈ।ਪੰਜਾਬ ਅੰਦਰ ਇਕੱਲਾ ਸੋਕਾ ਹੀ ਨਹੀਂ, ਡੋਬਾ ਵੀ ਬਰਸਾਤ ਦੇ ਦਿਨਾਂ ਵਿੱਚ ਸੂਬੇ ਦੀ ਅਹਿਮ ਸਮੱਸਿਆ ਹੈ। ਹੜ੍ਹਾਂ ਬਾਰੇ ਅਕਸਰ ਇਹੀ ਪ੍ਰਚਾਰਿਆ ਜਾਂਦਾ ਹੈ ਕਿ ਜ਼ਿਆਦਾ ਮੀਂਹ ਪੈਣ ਕਾਰਨ ਹੜ੍ਹ ਆ ਰਹੇ ਹਨ ਪਰ ਜੇ ਮੀਂਹ ਪੈਣ ਦੇ ਰੁਝਾਨ 'ਤੇ ਨਿਗਾਹ ਮਾਰੀਏ ਤਾਂ ਪਿਛਲੇ ਸਾਲਾਂ ਵਿੱਚ ਮੀਂਹ ਪੈਣ ਦੀ ਔਸਤ ਘਟੀ ਹੈ। ਇਸ ਸਾਲ ਪਿਛਲੇ ਸਾਲਾਂ ਦੇ ਮੁਕਾਬਲੇ ਮੀਂਹ ਬਹੁਤ ਜ਼ਿਆਦਾ ਪਏ ਹਨ ਜਿਸ ਨਾਲ ਪੰਜਾਬ ਅੰਦਰ ਹੜ੍ਹਾਂ ਕਾਰਨ ਅਣਕਿਆਸੀ ਤਬਾਹੀ ਦੇਖਣ ਨੂੰ ਮਿਲ ਰਹੀ ਹੈ। ਹੁਣ ਪਹਿਲਾਂ ਵਾਂਗ ਲੰਮੀਆਂ ਝੜੀਆਂ ਨਹੀਂ ਲਗਦੀਆਂ; ਬਸ ਕੁਝ ਥਾਵਾਂ ਉੱਤੇ ਇੱਕਦਮ ਬੱਦਲ ਫਟ ਕੇ ਮਣਾਂ ਮੂੰਹੀਂ ਪਾਣੀ ਡਿੱਗ ਪੈਂਦਾ ਹੈ। ਪਹਾੜੀ ਇਲਾਕਿਆਂ ਵਿੱਚ ਬੱਦਲ ਫਟਣ ਦੀਆਂ ਘਟਨਾਵਾਂ 'ਚ ਅਥਾਹ ਵਾਧਾ ਹੋਇਆ ਹੈ। ਆਲਮੀ ਤਪਸ਼ ਵਧ ਗਈ ਹੈ। ਤਰੱਕੀ ਦੇ ਨਾਂ ਹੇਠ ਬਿਨਾਂ ਇਹ ਸੋਚੇ ਸਮਝੇ ਕਿ ਇਸ ਦੇ ਵਾਤਾਵਰਨ 'ਤੇ ਕੀ ਮਾਰੂ ਪ੍ਰਭਾਵ ਹੋਣਗੇ, ਪਹਾੜਾਂ ਦੀ ਅੰਨ੍ਹੇਵਾਹ ਕਟਾਈ ਹੋ ਰਹੀ ਹੈ। ਪਹਾੜ ਪੋਲੇ ਪੈ ਰਹੇ ਹਨ।

ਕੁਦਰਤ ਦਾ ਤਵਾਜ਼ਨ ਵਿਗੜ ਰਿਹਾ ਹੈ। ਅਸਲ ਵਿੱਚ ਸਮਾਜਿਕ, ਪ੍ਰਸ਼ਾਸਨਿਕ ਤੇ ਰਾਜਸੀ ਅਣਗਹਿਲੀਆਂ, ਕਲੋਨਾਈਜ਼ਰਾਂ ਦੇ ਕਬਜ਼ੇ, ਨਦੀ-ਨਾਲਿਆਂ ਤੇ ਦਰਿਆਵਾਂ ਦੀ ਸਫ਼ਾਈ ਨਾ ਕਰਨਾ, ਇਨ੍ਹਾਂ ਦੇ ਰਾਹਾਂ ਦੀਆਂ ਰੋਕਾਂ, ਬੰਨ੍ਹਾਂ ਦੀ ਅਣਦੇਖੀ ਅਤੇ ਨਵੇਂ ਪੱਕੇ ਬੰਨ੍ਹ ਨਾ ਉਸਾਰਨ ਕਰ ਕੇ ਸੂਬੇ ਦਾ ਇੱਕ ਚੌਥਾਈ ਹਿੱਸਾ ਆਏ ਸਾਲ ਹੜ੍ਹਾਂ ਦੀ ਮਾਰ ਹੇਠ ਆ ਜਾਂਦਾ ਹੈ ਅਤੇ ਅੱਜ ਵੀ ਇਹ ਮਾਰ ਝੱਲ ਰਿਹਾ ਹੈ। ਝੂਠੇ ਧਰਵਾਸਿਆਂ ਅਤੇ ਲਾਰਿਆਂ ਤੋਂ ਸਿਵਾ ਅਵਾਮ ਦੇ ਹੱਥ ਕੁਝ ਨਹੀਂ ਆਉਂਦਾ। ਕਿਸੇ ਸਥਾਈ ਕਾਰਗਰ ਨੀਤੀ ਦੀ ਘਾਟ ਕਾਰਨ ਇਹ ਵਰਤਾਰਾ ਇਵੇਂ ਹੀ ਚੱਲਦਾ ਰਹਿੰਦਾ ਹੈ।ਅਜਿਹੀਆਂ ਬਹੁ-ਦਿਸ਼ਾਵੀ ਗੁੰਝਲਦਾਰ ਚੁਣੌਤੀਆਂ ਕਾਰਨ ਵਸੋਂ ਅੰਦਰ ਨਿਰਾਸ਼ਤਾ ਅਤੇ ਬੇਗਾਨਗੀ ਪੈਦਾ ਹੋ ਰਹੀ ਹੈ ਜਿਸ ਵਿੱਚੋਂ ਸਮਾਜਿਕ ਵਿਰੋਧਾਂ ਅਤੇ ਅੰਦੋਲਨ ਪਨਪਣੇ ਕੁਦਰਤੀ ਵਰਤਾਰਾ ਹੈ। ਇਸ ਕਰ ਕੇ ਸਰਕਾਰ ਨੂੰ ਮਸਲੇ ਨਜਿੱਠਣ ਲਈ ਤੁਰੰਤ ਕਾਰਗਰ ਅਤੇ ਸੰਜੀਦਾ ਕਦਮ ਚੁੱਕਣੇ ਚਾਹੀਦੇ ਹਨ।

**-ਪ੍ਰੋ. ਮੇਹਰ ਮਾਣਕ**

# ਚੀਨ ਨੂੰ ਸੁਧਾਰਨਾ ਹੋਵੇਗਾ ਆਪਣਾ ਵਤੀਰਾ

ਸੰਘਾਈ ਸਹਿਯੋਗ ਸੰਗਠਨ (ਐੱਸਸੀਓ) ਦੀ ਬੈਠਕ ਵਿਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਮੋਦੀ ਨੇ ਸੱਤ ਸਾਲਾਂ ਬਾਅਦ ਚੀਨ ਦਾ ਦੌਰਾ ਕੀਤਾ। ਇਸ ਦੌਰਾਨ ਮੇਜ਼ਬਾਨ ਚੀਨ ਦੇ ਰਾਸਟਰਪਤੀ ਸੀ ਜਿਨਪਿੰਗ ਅਤੇ ਰੂਸੀ ਰਾਸਟਰਪਤੀ ਵਲਾਦਿਮੀਰ ਪੁਤਿਨ ਤੋਂ ਇਲਾਵਾ ਕਈ ਹੋਰ ਨੇਤਾਵਾਂ ਨਾਲ ਉਨ੍ਹਾਂ ਦੀ ਗੱਲਬਾਤ ਹੋਈ। ਖਾਸ ਤੌਰ 'ਤੇ ਜਿਨਪਿੰਗ ਨਾਲ ਲੰਬੇ ਸਮੇਂ ਬਾਅਦ ਹੋਈ ਮੁਲਾਕਾਤ ਅਤੇ ਪੁਤਿਨ ਨਾਲ ਉਨ੍ਹਾਂ ਦੀ ਦੋਸਤੀ ਖਾਸ ਤੌਰ 'ਤੇ ਚਰਚਾ ਦਾ ਵਿਸਾ ਰਹੀ। ਇਕ ਅਜਿਹੇ ਸਮੇਂ ਵਿਚ, ਜਦੋਂ ਅਮਰੀਕੀ ਰਾਸਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਖਾਸ ਕਰਕੇ ਟੈਰਿਫ ਨੀਤੀ, ਦੁਨੀਆ ਵਿਚ ਹਲਚਲ ਪੈਦਾ ਕਰ ਰਹੀਆਂ ਹਨ, ਮੋਦੀ-ਜਿਨਪਿੰਗ-ਪੁਤਿਨ ਦੀ ਤਿੱਕੜੀ 'ਤੇ ਦੁਨੀਆ ਦੀਆਂ ਨਜਰਾਂ ਟਿਕਣਾ ਕੁਦਰਤੀ ਸੀ। ਐੱਸਸੀਓ ਦੇ ਮੰਚ 'ਤੇ ਪ੍ਰਧਾਨ ਮੰਤਰੀ ਨੇ ਭਾਰਤ ਦੀਆਂ ਤਰਜੀਹਾਂ ਨੂੰ ਵੀ ਪ੍ਰਮੁੱਖਤਾ ਨਾਲ ਪੇਸ ਕੀਤਾ। ਪਾਕਿਸਤਾਨ ਵੱਲੋਂ ਕਰਵਾਏ ਗਏ ਪਹਿਲਗਾਮ ਅੱਤਵਾਦੀ ਹਮਲੇ ਦੀ ਐੱਸਸੀਓ ਵੱਲੋਂ ਨਿੰਦਾ ਕਰਨਾ ਭਾਰਤ ਦੀ ਇਕ ਵੱਡੀ ਕੂਟਨੀਤਕ ਜਿੱਤ ਰਹੀ। ਇਹ ਰੁਖ ਜੂਨ ਵਿਚ ਐੱਸਸੀਓ ਦੇ ਰੱਖਿਆ ਮੰਤਰੀਆਂ ਦੀ ਬੈਠਕ ਦੇ ਉਲਟ ਸੀ ਜਿਸ ਵਿਚ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਨੂੰ ਲੈ ਕੇ ਦੋਹਰਾ ਰਵੱਈਆ ਦਿਖਾਇਆ ਗਿਆ ਸੀ। ਨਵੀਂ ਦਿੱਲੀ ਲਈ ਇਹ ਨਤੀਜਾ ਨਾ ਸਿਰਫ ਅੱਤਵਾਦ ਖਿਲਾਫ ਲੜਾਈ ਵਿਚ ਐੱਸਸੀਓ ਚਾਰਟਰ ਦੇ ਕੇਂਦਰੀ ਮਿਸ਼ਨ ਨੂੰ ਦੁਬਾਰਾ ਸਥਾਪਤ ਕਰਦਾ ਹੈ ਸਗੋਂ ਮੈਂਬਰ ਦੇਸਾਂ ਅਤੇ ਯੂਰੇਸੀਆ ਖਿਲਾਫ ਪਾਕਿਸਤਾਨੀ ਅੱਤਵਾਦ ਵੱਲ ਵਿਸ਼ਵ-ਵਿਆਪੀ ਧਿਆਨ ਵੀ ਖਿੱਚਦਾ ਹੈ। ਸਿਖਰ ਸੰਮੇਲਨ ਤੋਂ ਪਹਿਲਾਂ ਅਤੇ ਬਾਅਦ 'ਚ ਪ੍ਰਧਾਨ ਮੰਤਰੀ ਨੇ ਮਿਆਂਮਾਰ, ਮਾਲਦੀਵ, ਮੱਧ ਏਸੀਆ, ਬੇਲਾਰੂਸ, ਰੂਸ, ਅਰਮੇਨੀਆ ਅਤੇ ਮਿਸਰ ਦੇ ਨੇਤਾਵਾਂ ਨਾਲ ਦੋ-ਪੱਖੀ ਬੈਠਕਾਂ ਵੀ ਕੀਤੀਆਂ ਤਾਂ ਜੋ ਕੂਟਨੀਤਕ ਸਬੰਧਾਂ ਨੂੰ ਮਜਬੂਤ ਕੀਤਾ ਜਾ ਸਕੇ। ਕਈ ਮੋਰਚਿਆਂ 'ਤੇ ਪ੍ਰਗਤੀ ਦੇ ਬਾਵਜੂਦ ਇਸ ਤੱਥ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਐੱਸਸੀਓ ਅੰਦਰੂਨੀ ਵਿਰੋਧਾਂ ਨਾਲ ਭਰਿਆ ਹੋਇਆ ਹੈ। ਕਈ ਮੈਂਬਰ ਇਸ ਮੰਚ ਨੂੰ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਅਤੇ ਭੂ-ਰਾਜਨੀਤਕ ਲਾਭ ਲਈ ਵਰਤਦੇ ਹਨ ਜਿਸ ਨਾਲ ਪਰਸਪਰ ਭਰੋਸੇ ਦੀ ਘਾਟ ਅਤੇ ਵਿਰੋਧ ਪੈਦਾ ਹੁੰਦੇ ਹਨ। ਇਸ ਦਾ ਨਤੀਜਾ ਇਹ ਹੈ ਕਿ ਇਹ ਮੰਚ ਅੱਤਵਾਦ, ਕੁਨੈਕਟੀਵਿਟੀ ਦੀ ਘਾਟ ਅਤੇ ਅਫਗਾਨਿਸਤਾਨ ਦੀ ਸਥਿਤੀ ਵਰਗੇ ਮੁੱਖ ਖੇਤਰੀ ਸੰਕਟਾਂ ਦੇ ਪ੍ਰਭਾਵੀ ਹੱਲ ਵਿਚ ਅਸਫਲ ਰਿਹਾ ਹੈ। ਚੀਨ ਦੀ ਭੂਮਿਕਾ ਵੀ ਸਮੱਸਿਆਵਾਂ ਨਾਲ ਭਰੀ ਹੋਈ ਹੈ। ਭਾਰਤ ਖਿਲਾਫ ਅੱਤਵਾਦ ਨੂੰ ਇਕ ਰਣਨੀਤਕ ਹਥਿਆਰ ਦੇ ਤੌਰ 'ਤੇ ਵਰਤ ਰਹੇ ਪਾਕਿਸਤਾਨ ਦਾ ਚੀਨ ਹਰ ਸੰਭਵ ਤਰੀਕੇ ਨਾਲ ਬਚਾਅ ਕਰਦਾ ਆਇਆ ਹੈ। ਪਾਕਿਸਤਾਨ ਦੇ 80 ਫੀਸਦ ਤੋਂ ਵੱਧ ਰੱਖਿਆ ਉਪਕਰਨ ਹੁਣ ਚੀਨ ਤੋਂ ਆ ਰਹੇ ਹਨ। ਆਪ੍ਰੇਸ਼ਨ ਸਿੰਧੂਰ ਦੌਰਾਨ ਵੀ ਉਸ ਨੇ ਪਾਕਿਸਤਾਨ ਨੂੰ ਸਹਾਇਤਾ ਪਹੁੰਚਾਈ ਸੀ। ਬੀਜਿੰਗ ਦੇ ਸੌੜੇ ਰਣਨੀਤਕ ਹਿੱਤਾਂ ਨੇ ਅਫਗਾਨ-ਪਾਕਿ ਖੇਤਰ ਨੂੰ ਅੱਤਵਾਦ ਦਾ ਗੜ੍ਹ ਬਣਾਇਆ ਹੈ। ਇਸ ਨਾਲ ਖੇਤਰੀ ਕੁਨੈਕਟੀਵਿਟੀ, ਸੁਰੱਖਿਆ ਅਤੇ ਆਰਥਿਕ ਵਿਕਾਸ 'ਤੇ ਅਸਰ ਪੈਂਦਾ ਹੈ ਅਤੇ ਐੱਸਸੀਓ ਕਮਜੋਰ ਹੁੰਦਾ ਹੈ।ਸਾਲ 2017 ਵਿਚ ਪੂਰਨ ਮੈਂਬਰ ਦੇ ਤੌਰ 'ਤੇ ਐੱਸਸੀਓ ਵਿਚ ਸਾਮਲ ਹੋਣ ਤੋਂ ਬਾਅਦ, ਭਾਰਤ ਨੇ ਇਸ ਸੰਸਥਾ ਨੂੰ ਕੁਨੈਕਟੀਵਿਟੀ ਅਤੇ ਅਜਿਹੇ ਸਹਿਯੋਗਾਤਮਕ ਯਤਨਾਂ ਵੱਲ ਮੋੜਨ ਦਾ ਯਤਨ ਕੀਤਾ ਹੈ ਜੋ ਪ੍ਰਭੂਸੱਤਾ ਦਾ ਆਦਰ ਕਰਦੇ ਹਨ। ਨਵੀਂ ਦਿੱਲੀ ਦੀਆਂ ਤਰਜੀਹਾਂ ਸਾਂਝੀ ਸੰਸਕ੍ਰਿਤੀ ਅਤੇ ਸਾਂਝੇ ਭਵਿੱਖ 'ਤੇ ਕੇਂਦਰਿਤ ਰਹੀਆਂ ਹਨ। ਉਸ ਨੇ ਭਰੋਸੇਮੰਦ, ਲਚਕੀਲੀਆਂ ਅਤੇ ਵਿਭਿੰਨਤਾ ਵਾਲੀਆਂ ਸਪਲਾਈ ਚੇਨਜ 'ਤੇ ਜੋਰ ਦਿੱਤਾ ਹੈ। ਇਸ ਲਈ ਬਿਹਤਰ ਕੁਨੈਕਟੀਵਿਟੀ ਦੀ ਲੋੜ ਦੇ ਨਾਲ-ਨਾਲ ਮੈਂਬਰ ਦੇਸਾਂ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦਾ ਆਦਰ ਕਰਨਾ ਵੀ ਲਾਜਮੀ ਹੈ। ਨਵੀਂ ਦਿੱਲੀ ਨੇ ਐੱਸਸੀਓ ਮੰਚ ਦਾ ਉਪਯੋਗ ਆਪਣੇ ਭੂ-ਰਾਜਨੀਤਕ ਅਤੇ ਰਣਨੀਤਕ ਟੀਚਿਆਂ ਨੂੰ ਕੇਂਦਰੀ ਏਸੀਆ ਵਿਚ ਅੱਗੇ ਵਧਾਉਣ ਅਤੇ ਚੀਨ ਦੇ ਆਕਰਸਕ ਪ੍ਰਭਾਵ ਨੂੰ ਸੰਤੁਲਿਤ ਕਰਨ ਲਈ ਵੀ ਕੀਤਾ ਹੈ। ਭਾਰਤ ਦੀ ਸਰਗਰਮੀ ਕਾਰਨ ਹੀ ਕੇਂਦਰੀ ਏਸੀਆ ਦੇ ਦੇਸਾਂ ਨੇ 2018 ਵਿਚ ਉਸ ਨੂੰ ਅਸਤਾਨਾ ਸਮਝੌਤੇ ਵਿਚ ਸਾਮਲ ਕੀਤਾ ਅਤੇ ਚਾਬਹਾਰ ਪੋਰਟ ਅਤੇ ਅੰਤਰਰਾਸਟਰੀ ਉੱਤਰ-ਦੱਖਣ ਆਵਾਜਾਈ ਗਲਿਆਰਿਆਂ ਨੂੰ ਲੈ ਕੇ ਪੂਰਬੀ ਮਾਰਗ ਵਿਚ ਰੁਚੀ ਦਿਖਾਈ। ਇਸੇ ਸਾਲ ਜੂਨ ਵਿਚ ਭਾਰਤ ਅਤੇ ਮੱਧ ਏਸੀਆ ਨੇ ਨਵੀਂ ਦਿੱਲੀ ਵਿਚ ਚੌਥੇ ਭਾਰਤ-ਮੱਧ ਏਸੀਆ ਸੰਵਾਦ ਦੌਰਾਨ ਰੇਅਰ ਅਰਥ ਅਤੇ ਖਣਿਜਾਂ ਨੂੰ ਲੈ ਕੇ ਗੱਲਬਾਤ ਅੱਗੇ ਵਧਾਈ। ਇਹ ਕਦਮ ਬੀਜਿੰਗ ਵੱਲੋਂ ਸਵੱਛ ਊਰਜਾ ਅਤੇ ਰੱਖਿਆ ਲਈ ਰੇਅਰ ਅਰਥ ਦੇ ਨਿਰਯਾਤ 'ਤੇ ਪਾਬੰਦੀ ਲਗਾਉਣ ਤੋਂ ਬਾਅਦ ਉਠਾਇਆ ਗਿਆ। ਮੱਧ ਏਸੀਆ ਨੂੰ ਬੀਜਿੰਗ ਦੇ ਗਲਬੇ ਦੇ ਸੰਭਾਵਿਤ ਵਿਰੋਧੀ ਦੇ ਤੌਰ 'ਤੇ ਵੀ ਦੇਖਿਆ ਜਾ ਰਿਹਾ ਹੈ ਕਿਉਂਕਿ ਉੱਥੇ ਰੇਅਰ ਅਰਥ ਤੱਤਾਂ ਦੇ ਬਹੁਤ ਭੰਡਾਰ ਹਨ। ਇਕੱਲੇ ਕਜਾਖਸਤਾਨ ਵਿਚ ਹੀ ਬਹੁਤ ਵੱਡੀ ਤਾਦਾਦ ਵਿਚ ਰੇਅਰ ਅਰਥ ਤੱਤ ਹਨ ਜਿਨ੍ਹਾਂ ਦਾ ਮੁੱਲ 46 ਟ੍ਰਿਲੀਅਨ (ਲੱਖ ਕਰੋੜ) ਡਾਲਰ ਤੋਂ ਵੱਧ ਦੱਸਿਆ ਜਾ ਰਿਹਾ ਹੈ। ਐੱਸਸੀਓ ਨੇ ਭਾਰਤ ਅਤੇ ਚੀਨ ਨੂੰ ਸਿੱਧੇ ਸੰਵਾਦ ਦਾ ਇਕ ਮੰਚ ਵੀ ਪ੍ਰਦਾਨ ਕੀਤਾ ਅਤੇ ਦੋਹਾਂ ਦੇਸਾਂ ਨੇ ਵਿਰੋਧਾਂ ਦੇ ਬਾਵਜੂਦ ਦੋ-ਪੱਖੀ ਮੁੱਦਿਆਂ 'ਤੇ ਹੱਲ ਲੱਭਣ ਦੀ ਇੱਛਾ ਵੀ ਪ੍ਰਗਟਾਈ। ਇਨ੍ਹਾਂ ਮੁੱਦਿਆਂ ਵਿਚ ਸੀਮਾ ਨਿਰਧਾਰਨ ਅਤੇ ਬੈਲਟ ਐਂਡ ਰੋਡ ਇਨੀਸੀਏਟਿਵ (ਬੀਆਰਆਈ) ਤਹਿਤ ਮਕਬੂਜਾ ਕਸਮੀਰ ਵਿਚ ਚੀਨ ਦੇ ਨਿਵੇਸ ਵਰਗੇ ਮੁੱਦੇ ਵੀ ਸਾਮਲ ਹਨ, ਜੋ ਭਾਰਤ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਨੂੰ ਚੁਣੌਤੀ ਦਿੰਦੇ ਹਨ। ਇਹ ਵੀ ਜਿਕਰਯੋਗ ਹੈ ਕਿ ਗਲੋਬਲ ਸਾਊਥ ਵੱਲੋਂ ਚਲਾਏ ਜਾ ਰਹੇ ਬ੍ਰਿਕਸ ਅਤੇ ਐੱਸਸੀਓ ਵਰਗੇ ਮੰਚ ਦੋ-ਪੱਖੀ ਸਬੰਧਾਂ ਵਿਚ ਸੁਧਾਰ ਦੇ ਮਾਧਿਅਮ ਬਣੇ ਹਨ। ਯੁੱਧਾਂ, ਸੰਘਰਸਾਂ, ਟੈਰਿਫ ਅਤੇ ਵਧਦੇ ਭੂ-ਰਾਜਨੀਤਕ ਤਣਾਅ ਵਾਲੇ ਇਸ ਸਮੇਂ ਵਿਚ ਬੀਜਿੰਗ ਅਤੇ ਨਵੀਂ ਦਿੱਲੀ ਨੂੰ ਲੰਬੇ ਸਮੇਂ ਦੇ ਰਣਨੀਤਕ ਨਜਰੀਏ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਵਧਦੀ ਭੂਮਿਕਾ ਅਤੇ ਜਿੰਮੇਵਾਰੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ ਲਾਜਮੀ ਵੀ ਹੈ। ਇਸ ਨਾਲ ਬਹੁ-ਪੱਖਤਾ ਅਤੇ ਬਹੁ-ਧਰੁਵੀ ਸੰਸਾਰ ਬਣਾਉਣ ਦੀ ਉਨ੍ਹਾਂ ਦੀ ਸੰਕਲਪਨਾ ਨੂੰ ਵੀ ਬਲ ਮਿਲੇਗਾ। ਹਾਲਾਂਕਿ ਸਬੰਧਾਂ ਦੀ ਸਹੀ ਦਸ਼ਾ-ਦਿਸ਼ਾ ਲਈ ਚੀਨ ਨੂੰ ਵੀ ਇਹ ਤੈਅ ਕਰਨਾ ਹੋਵੇਗਾ ਕਿ ਉਹ ਭਾਰਤ ਨਾਲ ਸਬੰਧਾਂ ਨੂੰ ਕਿਵੇਂ ਅੱਗੇ ਵਧਾਏਗਾ। ਇਸ ਲਈ ਉਸ ਨੂੰ ਭਾਰਤੀ ਵਸਤਾਂ ਅਤੇ ਆਈਟੀ ਸੇਵਾਵਾਂ ਲਈ ਵੱਧ ਮਾਰਕੀਟ ਪਹੁੰਚ ਪ੍ਰਦਾਨ ਕਰਨੀ ਅਤੇ ਪਾਕਿਸਤਾਨ 'ਤੇ ਅੱਤਵਾਦ ਨੂੰ ਖਤਮ ਕਰਨ ਲਈ ਦਬਾਅ ਬਣਾਉਣਾ ਹੋਵੇਗਾ।ਜਦੋਂ ਯੁੱਧ, ਟੈਰਿਫ ਅਤੇ ਭੂ-ਰਾਜਨੀਤਕ ਮੁਕਾਬਲੇ ਆਲਮੀ ਵਿਵਸਥਾ ਨੂੰ ਅਸਥਿਰ ਕਰ ਰਹੇ ਹਨ ਤਾਂ ਭਾਰਤ ਦੀ ਐੱਸਸੀਓ ਵਿਚ ਵਾਪਸੀ ਬਹੁ-ਪੱਖਤਾ ਪ੍ਰਤੀ ਉਸ ਦੀ ਮਹੱਤਤਾ ਨੂੰ ਦਰਸਾਉਂਦੀ ਹੈ। ਮੋਦੀ ਦੀ ਭਾਗੀਦਾਰੀ ਨੂੰ ਕਮਜੋਰੀ ਦੇ ਤੌਰ 'ਤੇ ਨਹੀਂ, ਸਗੋਂ ਰਣਨੀਤਕ ਵਿਵਹਾਰਕਤਾ ਦੇ ਤੌਰ 'ਤੇ ਦੇਖਿਆ ਜਾਣਾ ਚਾਹੀਦਾ ਹੈ। ਭਾਰਤ ਲਈ ਐੱਸਸੀਓ ਅਤੇ ਬ੍ਰਿਕਸ ਵਰਗੇ ਮੰਚ ਆਪਣੀ ਆਵਾਜ ਉਠਾਉਣ, ਸੁਰੱਖਿਆ ਹਿੱਤਾਂ ਦੀ ਪੂਰਤੀ ਕਰਨ ਅਤੇ ਯੂਰੇਸੀਆ ਵਿਚ ਆਪਣੀ ਆਰਥਿਕ ਪੈਂਠ ਨੂੰ ਵਿਸਥਾਰ ਦੇਣ ਵਾਲੇ ਮਾਧਿਅਮ ਦੀ ਭੂਮਿਕਾ ਨਿਭਾਉਂਦੇ ਹਨ। ਹਾਲੀਆ ਸੰਮੇਲਨ ਤੋਂ ਜੋ ਹਾਂ-ਪੱਖੀ ਸੰਕੇਤ ਮਿਲੇ ਹਨ, ਉਨ੍ਹਾਂ ਨੂੰ ਹਕੀਕਤ ਦੇ ਧਰਾਤਲ 'ਤੇ ਉਤਾਰਨ ਲਈ ਚੀਨ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਉਸ ਦੀ ਕਹਿਣੀ ਅਤੇ ਕਰਨੀ ਵਿਚ ਕੋਈ ਫਰਕ ਨਹੀਂ ਹੈ। ਤਦ ਹੀ ਐੱਸਸੀਓ ਪ੍ਰਤੀਕਾਤਮਕਤਾ ਤੋਂ ਅੱਗੇ ਵਧ ਕੇ ਬਹੁ-ਧਰੁਵੀ ਸਥਿਰਤਾ ਦਾ ਇਕ ਭਰੋਸੇਮੰਦ ਸਤੰਭ ਬਣ ਸਕਦਾ ਹੈ।

**-ਹਰਸ਼ ਵੀ. ਪੰਤ**

# ਹੜ੍ਹ ਪੀੜਤਾਂ ਦੀ ਮਦਦ ਲਈ ਮੈਡੀਕਲ ਟੀਮ ਰਵਾਨਾ



ਭੁੱਚੋ ਮੰਡੀ, 5 ਸਤੰਬਰ (ਪੱਤਰ ਪ੍ਰੇਰਕ)ਹੜ੍ਹ ਪੀੜਤ ਮਰੀਜ਼ਾਂ ਦੇ ਇਲਾਜ ਲਈ ਅਗਰਵਾਲ ਲਾਈਫ ਹਸਪਤਾਲ ਭੁੱਚੋ ਮੰਡੀ ਦੇ ਮਾਲਕ ਡਾ. ਅਭੀ ਗਰਗ ਦਵਾਈਆਂ ਅਤੇ ਮੈਡੀਕਲ ਟੀਮ ਸਮੇਤ ਜ਼ਿਲ੍ਹਾ ਗੁਰਦਾਸਪੁਰ ਦੇ ਪੇਂਡੂ ਖੇਤਰਾਂ ਲਈ ਰਵਾਨਾ ਹੋਏ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਜੋਨੀ ਬਾਂਸਲ, ਡਾ. ਅਭੀ ਦੇ ਪਿਤਾ ਕ੍ਰਿਸ਼ਨ ਗਰਗ ਤੇ ਮਾਤਾ ਸਾਬਕਾ ਸੀਨੀਅਰ ਮੀਤ ਪ੍ਰਧਾਨ ਅੰਜਲੀ ਗਰਗ ਨੇ ਆਪਣੇ ਪੁੱਤਰ ਨੂੰ ਆਸ਼ੀਰਵਾਦ ਦਿੱਤਾ ਅਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਸ ਦੇ ਪੁੱਤਰ ਨੂੰ ਮਰੀਜ਼ਾਂ ਦੀ ਸਹਾਇਤਾ ਕਰਨ ਦਾ ਬਲ ਬਖ਼ਸ਼ੇ। ਡਾ. ਗਰਗ ਨੇ ਦੱਸਿਆ ਕਿ ਇਸ ਚਾਰ ਰੋਜ਼ਾ ਮੁਫ਼ਤ ਮੈਡੀਕਲ ਕੈਂਪ ਦੌਰਾਨ ਲੋੜਵੰਦ ਮਰੀਜ਼ਾਂ ਦਾ ਘਰ-ਘਰ ਜਾ ਕੇ ਮੁਫ਼ਤ ਇਲਾਜ ਕੀਤਾ ਜਾਵੇਗਾ ਅਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ।

# ਫ਼ਾਜ਼ਿਲਕਾ ਦੇ ਹੜ੍ਹ ਪੀੜਤਾਂ ਦੇ ਪਸ਼ੂਆਂ ਲਈ ਫੀਡ ਭੇਜੀ



ਬਠਿੰਡਾ, 5 ਸਤੰਬਰ (ਪੱਤਰ ਪ੍ਰੇਰਕ)'ਆਪ' ਦੇ ਕਿਸਾਨ ਵਿੰਗ ਜ਼ਿਲ੍ਹਾ ਬਠਿੰਡਾ ਵੱਲੋਂ ਪਰਮਜੀਤ ਸਿੰਘ ਕੋਟਫੱਤਾ ਦੀ ਅਗਵਾਈ ਹੇਠ 20 ਕੁਇੰਟਲ ਫੀਡ ਫਾਜ਼ਿਲਕਾ ਵਿਚ ਹੜ੍ਹ ਪੀੜਤਾਂ ਦੇ ਪਸ਼ੂਆਂ ਲਈ ਭੇਜੀ ਗਈ। ਕੋਟਫੱਤਾ ਨੇ ਕਿਹਾ ਕਿ ਪਾਰਟੀ ਹਾਈ ਕਮਾਨ ਦੇ ਨਿਰਦੇਸ਼ਾਂ ਅਨੁਸਾਰ ਵਰਕਰ ਹੜ੍ਹ ਪੀੜਤਾਂ ਦੀ ਮਦਦ ਲਈ ਦਿਨ-ਰਾਤ ਜੁਟੇ ਹੋਏ ਹਨ। ਉਨ੍ਹਾਂ ਦੱਸਿਆ ਕਿ ਪਾਰਟੀ ਹਾਈ ਕਮਾਨ ਵੱਲੋਂ ਮੁਕਤਸਰ ਸਾਹਿਬ, ਬਠਿੰਡਾ ਅਤੇ ਮਾਨਸਾ ਦੇ ਅਹੁਦੇਦਾਰਾਂ ਤੇ ਵਾਲੰਟੀਅਰਾਂ ਦੀਆਂ ਡਿਊਟੀਆਂ ਫਾਜ਼ਿਲਕਾ ਜਦਕਿ ਬਰਨਾਲਾ, ਮੋਗਾ ਅਤੇ ਫ਼ਰੀਦਕੋਟ ਦੇ ਅਹੁਦੇਦਾਰਾਂ ਤੇ ਵਾਲੰਟੀਅਰਾਂ ਦੀਆਂ ਡਿਊਟੀਆਂ ਫ਼ਿਰੋਜ਼ਪੁਰ ਵਿੱਚ ਲਗਾਈਆਂ ਗਈਆਂ ਹਨ।

# ਸਮਾਂ ਰਹਿੰਦਿਆਂ ਹੜ੍ਹ ਰੋਕੂ ਪ੍ਰਬੰਧ ਕੀਤੇ ਹੁੰਦਾ ਤਾਂ ਆਹ ਦਿਨ ਨਾ ਦੇਖਣੇ ਪੈਂਦੇ: ਰਾਹੁਲਇੰਦਰ



ਲਹਿਰਾਗਾਗਾ, 5 ਸਤੰਬਰ (ਪੱਤਰ ਪ੍ਰੇਰਕ)ਸੂਬੇ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੇ ਪੁੱਤਰ ਰਾਹੁਲਇੰਦਰ ਸਿੰਘ ਸਿੱਧੂ ਭੱਠਲ ਮੈਂਬਰ ਆਲ ਇੰਡੀਆ ਕਾਂਗਰਸ ਕਮੇਟੀ ਕਿਸਾਨ ਸੈੱਲ ਦੇ ਨੈਸ਼ਨਲ ਕੋਆਰਡੀਨੇਟਰ ਨੇ ਇੱਥੇ 'ਆਪ' ਉੱਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਬੀਤੇ ਦਿਨ ਹਲਕੇ ਦੇ ਪਿੰਡ ਮਕੌਰਡ ਸਾਹਿਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਆਉਣ ਦਾ ਪ੍ਰੋਗਰਾਮ ਸੀ ਤਾਂ ਦਿਖਾਵੇ ਵਜੋਂ ਘੱਗਰ ਦਰਿਆ ਦੇ ਪੁਲ 'ਤੇ ਦੋ ਪੋਕਲੇਨ ਮਸ਼ੀਨਾਂ ਮੰਗਵਾ ਕੇ ਖੜ੍ਹੀਆਂ ਕਰ ਦਿੱਤੀਆਂ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਦਾ ਦੌਰਾ ਰੱਦ ਹੁੰਦਿਆਂ ਹੀ ਪੋਕਲੇਨ ਮਸ਼ੀਨਾਂ ਵੀ ਵਾਪਸ ਭੇਜ ਦਿੱਤੀਆਂ ਗਈਆਂ, ਜਿਸ ਤੋਂ ਸਪੱਸ਼ਟ ਹੈ ਕਿ ਸਰਕਾਰ ਫੋਟੋਆਂ ਖਿਚਵਾਉਣ ਲਈ ਡਰਾਮੇਬਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮਾਂ ਰਹਿੰਦਿਆਂ ਹੜ੍ਹ ਰੋਕੂ ਪੁਖਤਾ ਪ੍ਰਬੰਧ ਕੀਤੇ ਹੁੰਦੇ ਤਾਂ ਅੱਜ ਲੋਕਾਂ ਨੂੰ ਇਹ ਦਿਨ ਨਾ ਦੇਖਣੇ ਪੈਂਦੇ। ਉਨ੍ਹਾਂ ਕਿਹਾ ਕਿ ਸਰਕਾਰ ਹੁਣ ਵੀ ਇਸ਼ਤਿਹਾਰਾਂ 'ਤੇ ਕਰੋੜਾਂ ਰੁਪਏ ਖਰਚ ਕਰਨ ਦੀ ਬਜਾਏ ਡਰਾਮੇਬਾਜ਼ੀਆਂ ਛੱਡ ਕੇ ਇਹ ਪੈਸਾ ਹੜ੍ਹ ਪੀੜਤ ਲੋਕਾਂ ਨੂੰ ਦੇਵੇ। ਇਸ ਮੌਕੇ ਗੁਰਭੇਜ ਸਿੰਘ ਥੇੜ੍ਹੀ ਯੂਥ ਪ੍ਰਧਾਨ, ਸ਼ਿਵਜੀ ਸਿੰਘ ਸੰਗਤਪੁਰਾ, ਲਾਡੀ ਸਿੰਘ ਚੰਗਾਲੀਵਾਲਾ, ਹਨੀ ਸਿੰਘ ਚੰਗਾਲੀਵਾਲਾ, ਵਿਰਕ, ਮਹਿੰਦਰ ਸਿੰਘ ਪ੍ਰਧਾਨ ਮੂਨਕ, ਪੋਲੋਜੀਤ ਸਿੰਘ, ਈਸ਼ਵਰ ਮਕੋਰੜ ਸਾਹਿਬ, ਕੁਲਦੀਪ ਸਿੰਘ ਮਕੋਰੜ ਸਾਹਿਬ, ਮੋਹਣ ਗਿਰ, ਅਮਰੀਕ ਚਾਦੂ, ਜੈ ਸਿੰਘ ਨੰਬਰਦਾਰ, ਦਲਜੀਤ ਸਿੰਘ ਵਿਰਕ ਡਸਕਾ ਮੀਡੀਆ ਸਲਾਹਕਾਰ ਰਾਹੁਲਇੰਦਰ ਸਿੰਘ ਸਿੱਧੂ ਅਤੇ ਕਾਂਗਰਸੀ ਵਰਕਰ ਹਾਜ਼ਰ ਸਨ।

# ਟਰਾਲੀ ਚੋਰੀ ਮਾਮਲਾ: ਪੰਕਜ ਨੂੰ ਅਗਾਊਂ ਜ਼ਮਾਨਤ ਮਿਲੀ

## ਮੁਲਜ਼ਮ ਖ਼ਿਲਾਫ਼ ਪਿਛਲੇ ਹਫ਼ਤੇ ਦਰਜ ਕੀਤਾ ਸੀ ਕੇਸ

ਨਾਭਾ, 5 ਸਤੰਬਰ (ਪੱਤਰ ਪ੍ਰੇਰਕ)ਨਾਭਾ ਨਗਰ ਕੌਂਸਲ ਪ੍ਰਧਾਨ ਦੇ



ਪਤੀ ਪੰਕਜ ਪੱਪੂ ਨੂੰ ਟਰਾਲੀ ਚੋਰੀ ਮਾਮਲੇ ਵਿੱਚ ਅਦਾਲਤ ਤੋਂ ਅਗਾਊਂ ਜ਼ਮਾਨਤ ਮਿਲ ਗਈ ਹੈ। ਇਸ ਮਾਮਲੇ ਵਿੱਚ ਅੱਜ ਪਟਿਆਲਾ ਸੈਸ਼ਨ ਕੋਰਟ ਵਿੱਚ ਸੁਣਵਾਈ ਹੋਈ। ਜ਼ਿਕਰਯੋਗ ਹੈ ਕਿ ਮਾਰਚ ਮਹੀਨੇ ਸ਼ੰਭੂ ਬਾਰਡਰ ਤੋਂ ਕਿਸਾਨਾਂ ਦੀਆਂ ਟਰਾਲੀਆਂ ਚੋਰੀ ਕਰਨ ਦੇ ਦੋਸ਼ ਹੇਠ ਪਿਛਲੇ ਹਫ਼ਤੇ ਪੰਕਜ ਪੱਪੂ ਖ਼ਿਲਾਫ਼ ਨਾਭਾ ਕੋਤਵਾਲੀ ਵਿੱਚ ਕੇਸ ਦਰਜ ਕੀਤਾ ਗਿਆ ਸੀ। ਕਿਸਾਨਾਂ ਨੇ ਧਰਨਾ ਲਗਾ ਕੇ ਪੰਕਜ ਦੇ ਪਲਾਟ ਤੇ ਦੁਕਾਨ ਵਿੱਚੋ ਟਰਾਲੀਆਂ ਦੇ ਸਾਮਾਨ ਦੀ ਬਰਾਮਦਗੀ ਕਰਵਾਈ ਸੀ। ਇਸ ਮਗਰੋਂ ਨਾਭੇ ਦੇ 18 ਕੌਂਸਲਰਾਂ ਵੱਲੋਂ ਪ੍ਰਧਾਨ ਸੁਜਾਤਾ ਚਾਵਲਾ ਖ਼ਿਲਾਫ਼ ਬੇਭਰੋਸਗੀ ਮਤਾ ਵੀ ਪੇਸ਼ ਕੀਤਾ ਜਿਸ ਬਾਬਤ ਮੀਟਿੰਗ ਹੋਣੀ ਅਜੇ ਬਾਕੀ ਹੈ। ਦੂਜੇ ਪਾਸੇ ਨਗਰ ਕੌਂਸਲ ਪ੍ਰਧਾਨ ਛੁੱਟੀ ਚਲੇ ਗਏ ਹਨ ਤੇ ਸੀਨੀਅਰ ਮੀਤ ਪ੍ਰਧਾਨ ਅਮਰਜੀਤ ਕੌਰ ਸਾਹਨੀ ਨੇ ਕਾਰਜਕਾਰੀ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਹੈ।

# ਹਾਕੀ ਦੇ ਮੈਦਾਨ 'ਚ ਗੋਲ ਦਾਗ਼ਣ ਵਾਲੇ ਹੱਥਾਂ ਨੇ ਹੜ੍ਹ ਪੀੜਤਾਂ ਦੀ ਬਾਂਹ ਫੜ੍ਹੀ

## ਬੀਐੱਸਐੱਫ, ਫ਼ੌਜ, ਪੁਲੀਸ, ਸਥਾਨਕ ਪ੍ਰਸ਼ਾਸਨ ਅਤੇ ਐੱਨਡੀਆਰਐੱਫ ਮਿਲ ਕੇ ਕੰਮ ਕਰ ਰਹੇ ਹਨ ਖਿਡਾਰੀ

ਨਵੀਂ ਦਿੱਲੀ, 5 ਸਤੰਬਰ (ਪੱਤਰ ਪ੍ਰੇਰਕ)ਕਦੇ ਦਿੱਲੀ ਦੇ ਮੈਦਾਨ 'ਤੇ ਉਨ੍ਹਾਂ ਦੀ ਤੂਤੀ ਬੋਲਦੀ ਸੀ ਤੇ ਭਾਰਤ ਦੀਆਂ ਕਈ ਯਾਦਗਾਰ ਜਿੱਤਾਂ ਦੇ ਉਹ ਸੂਤਰਧਾਰ ਰਹੇ ਪਰ ਪੰਜਾਬ ਵਿੱਚ ਤਬਾਹੀ ਮਚਾਉਣ ਵਾਲੇ ਹੜ੍ਹ 'ਚ ਹੁਣ ਉਹੀ ਚੈਂਪੀਅਨ ਖਿਡਾਰੀ ਦਿਨ-ਰਾਤ ਇੱਕ ਕਰਕੇ ਵੱਖ-ਵੱਖ 'ਫੀਲਡ ਵਰਕ' ਵਿੱਚ ਜੁਟੇ ਹੋਏ ਹਨ। ਭਾਰਤੀ ਹਾਕੀ ਟੀਮ ਦੇ ਮਹਾਨ ਡਰੈਗ ਫਲਿੱਕਰ ਜੁਗਰਾਜ ਸਿੰਘ (ਐੱਸਪੀ ਹੈੱਡਕੁਆਰਟਰ), ਰੁਪਿੰਦਰਪਾਲ ਸਿੰਘ (ਸਹਾਇਕ ਕਮਿਸ਼ਨਰ ਸਿਖਲਾਈ ਅਧੀਨ), ਮਿੱਡਫੀਲਡਰ ਗੁਰਵਿੰਦਰ ਸਿੰਘ (ਡੀਐੱਸਪੀ ਕਲਾਨੌਰ) ਹੜ੍ਹ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਸ਼ਾਮਲ ਗੁਰਦਾਸਪੁਰ 'ਚ ਤਾਇਨਾਤ ਹਨ ਅਤੇ ਰਾਹਤ ਮੁਹਿੰਮ ਦਾ ਹਿੱਸਾ ਵੀ ਹਨ। ਪੰਜਾਬ 1988 ਮਗਰੋਂ ਸਭ ਤੋਂ ਤਬਾਹਕੁੰਨ ਹੜ੍ਹ ਨਾਲ ਜੂਝ ਰਿਹਾ ਹੈ ਅਤੇ 23 ਜ਼ਿਲ੍ਹਿਆਂ ਵਿੱਚ 1400 ਪਿੰਡ ਹੜ੍ਹ ਦੀ ਮਾਰ ਹੇਠ ਹਨ। ਹੁਣ ਤੱਕ ਇਨ੍ਹਾਂ ਵਿੱਚੋਂ 37 ਜਣਿਆਂ ਦੀ ਮੌਤ ਹੋ ਗਈ ਹੈ ਅਤੇ ਸਾਢੇ ਤਿੰਨ ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਜੁਗਰਾਜ ਸਿੰਘ ਨੇ ਕਿਹਾ ਕਿ ਬੀਐੱਸਐੱਫ, ਫ਼ੌਜ, ਪੁਲੀਸ, ਸਥਾਨਕ ਪ੍ਰਸ਼ਾਸਨ ਅਤੇ ਐੱਨਡੀਆਰਐੱਫ ਮਿਲ ਕੇ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ, ''ਲੋਕਾਂ ਨੂੰ ਸੁਰੱਖਿਅਤ ਸਥਾਨ 'ਤੇ ਪਹੁੰਚਾਉਣ, ਰਾਸ਼ਨ, ਦਵਾਈਆਂ ਅਤੇ ਮੁੱਢਲੀਆਂ ਲੋੜਾਂ ਦੀਆਂ ਵਸਤਾਂ ਪਹੁੰਚਾਉਣ ਮਗਰੋਂ ਬਿਮਾਰੀਆਂ ਫੈਲਣ ਦੇ ਖ਼ਤਰੇ ਨਾਲ ਨਜਿੱਠਣ ਲਈ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ, ਜਿਸ ਲਈ ਡਾਕਟਰਾਂ ਦੀ ਟੀਮਾਂ ਅਤੇ ਐੱਨਜੀਓ ਨਾਲ ਕੰਮ ਕਰ ਰਹੇ ਹਨ।'' ਸਾਲ 2003 ਵਿੱਚ ਕਾਰ ਹਾਦਸੇ ਤੋਂ ਪਹਿਲਾਂ ਜੂਨੀਅਰ ਵਿਸ਼ਵ



ਕੱਪ 2001 ਜੇਤੂ ਅਤੇ ਬੁਸਾਨ ਏਸ਼ਿਆਈ ਖੇਡਾਂ 'ਚ ਚਾਂਦੀ ਦਾ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਦੇ ਮੈਂਬਰ ਰਹੇ ਜੁਗਰਾਜ ਨੇ ਕਿਹਾ, ''ਸਾਡਾ ਕੰਮ ਇਹ ਦੇਖਣਾ ਹੈ ਕਿ ਰਾਸ਼ਨ ਲਈ ਲੋਕਾਂ ਵਿੱਚ ਝਗੜਾ ਨਾ ਹੋਵੇ ਅਤੇ ਸਮੇਂ ਸਿਰ ਲੋੜਵੰਦਾਂ ਤੱਕ ਰਾਸ਼ਨ ਪਹੁੰਚ ਜਾਵੇ।'' ਜੁਗਰਾਜ ਨੇ ਕਿਹਾ ਕਿ ਇੱਕ ਖਿਡਾਰੀ ਹੋਣ ਦੇ ਨਾਤੇ ਉਹ ਆਪਣੇ ਕੰਮ ਨੂੰ ਹੋਰ ਬਿਹਤਰ ਢੰਗ ਨਾਲ ਕਰ ਰਿਹਾ ਹੈ। ਉਨ੍ਹਾਂ ਕਿਹਾ, ''ਮੈਦਾਨ 'ਤੇ ਫੁਰਤੀ ਨਾਲ ਫ਼ੈਸਲੇ ਲੈਣ ਦਾ ਹੁਨਰ ਇੱਥੇ ਕੰਮ ਆ ਰਿਹਾ ਹੈ। ਇਸ ਤੋਂ ਇਲਾਵਾ ਇੱਕ ਖਿਡਾਰੀ ਨੇ ਕਾਫ਼ੀ ਉਤਰਾਅ-ਚੜ੍ਹਾਅ ਦੇਖੇ ਹੁੰਦੇ ਹਨ ਅਤੇ ਉਹ ਮਾਨਸਿਕ ਤੇ ਸਰੀਰਕ ਤੌਰ 'ਤੇ ਕਾਫ਼ੀ ਮਜ਼ਬੂਤ ਹੁੰਦਾ ਹੈ, ਜੋ ਅਜਿਹੀ ਸਥਿਤੀ ਵਿੱਚ ਬਹੁਤ ਜ਼ਰੂਰੀ ਹੈ।'' ਟੋਕੀਓ ਓਲੰਪਿਕ ਵਿੱਚ ਕਾਂਸੀ ਦਾ ਤਗ਼ਮਾ ਜੇਤੂ ਭਾਰਤੀ ਟੀਮ ਦੇ ਮੈਂਬਰ ਰਹੇ ਪੈਨਲਟੀ ਕਾਰਨਰ ਮਾਹਿਰ ਰੁਪਿੰਦਰ ਪਾਲ ਨੇ ਕਿਹਾ ਕਿ ਉਸ ਲਈ ਇਹ ਬਿਲਕੁਲ ਵੱਖਰਾ ਤਜਰਬਾ ਹੈ ਕਿਉਂਕਿ ਜ਼ਿੰਦਗੀ ਭਰ ਤਾਂ ਹਾਕੀ ਖੇਡੀ ਹੈ। ਰੁਪਿੰਦਰ ਦੀਨਾਨਗਰ ਸਬ-ਡਿਵੀਜ਼ਨ ਵਿੱਚ ਅੱਠ-ਨੌਂ ਪਿੰਡਾਂ ਦੀ ਰਾਹਤ ਟੀਮ ਦਾ ਹਿੱਸਾ ਹੈ ਅਤੇ 26 ਅਗਸਤ ਨੂੰ ਆਏ ਹੜ੍ਹ ਤੋਂ ਬਾਅਦ ਉੱਥੋਂ 1500 ਲੋਕਾਂ ਨੂੰ ਸੁਰੱਖਿਅਤ ਕੱਢਿਆ ਜਾ ਚੁੱਕਿਆ ਹੈ। ਭਾਰਤ ਲਈ 2010 ਤੋਂ 2021 ਦਰਮਿਆਨ 223 ਮੈਚਾਂ ਵਿੱਚ 125 ਗੋਲ ਦਾਗ਼ਣ ਵਾਲੇ ਰੁਪਿੰਦਰ ਨੇ ਕਿਹਾ, ''ਹੜ੍ਹ ਆਉਣ ਤੋਂ ਬਾਅਦ ਗੁਰਦਾਸਪੁਰ ਜ਼ਿਲ੍ਹਾ ਪ੍ਰਸ਼ਾਸਨ ਨੇ ਕਾਫ਼ੀ ਫੁਰਤੀ ਨਾਲ ਕਾਰਵਾਈ ਕੀਤੀ। ਮੇਰੇ ਹਿੱਸੇ ਮਕੌੜਾ, ਕਾਹਨਾ, ਆਬਾਦੀ ਚੰਡੀਗੜ੍ਹ, ਜਾਗੋ ਚੱਗ ਵਰਗੇ ਕਈ ਪਿੰਡ ਹਨ, ਜੋ ਰਾਵੀ ਦਰਿਆ ਦੇ ਕੰਢੇ ਹਨ। ਰਾਵੀ ਅਤੇ ਉੱਝ ਦਰਿਆ ਇੱਥੇ ਮਿਲਦੇ ਹਨ ਅਤੇ ਇੱਥੋਂ ਹੜ੍ਹ ਦਾ ਪਾਣੀ ਅੰਦਰ ਆਉਣਾ ਸ਼ੁਰੂ ਹੁੰਦਾ ਸੀ। ਕੁੱਝ ਪਿੰਡ ਪਾਕਿਸਤਾਨ ਸਰਹੱਦ 'ਤੇ ਹਨ।'' ਉਨ੍ਹਾਂ ਕਿਹਾ, ''ਪਹਿਲੇ ਤਿੰਨ ਦਿਨ ਤਾਂ ਟਰੈਕਟਰ-ਟਰਾਲੀ ਵੀ ਨਹੀਂ ਚੱਲ ਰਹੇ ਸੀ। ਪਹਿਲੇ ਦਿਨ ਐੱਸਡੀਐੱਮ, ਡੀਐੱਸਪੀ ਅਤੇ ਮੈਂ ਪਿੰਡ ਵਿੱਚ ਫਸ ਗਏ ਸੀ, ਜਿੱਥੇ ਚਾਰੇ ਪਾਸੇ ਪਾਣੀ ਸੀ। ਅਸੀਂ ਉਸੇ ਪਿੰਡ ਵਿੱਚ ਕਿਸੇ ਜਾਣਕਾਰ ਦੇ ਘਰ ਰੁਕੇ। ਪਿੰਡ ਦੇ ਨੌਜਵਾਨਾਂ ਨੇ ਬਹੁਤ ਸਹਿਯੋਗ ਦਿੱਤਾ। ਜਦੋਂ ਵੀ ਕਿਹਾ ਜਾਂਦਾ, ਟਰੈਕਟਰ-ਟਰਾਲੀ ਲੈ ਕੇ ਪਹੁੰਚ ਜਾਂਦੇ।'' ਰੁਪਿੰਦਰ ਨੇ ਕਿਹਾ ਕਿ ਪਹਿਲਾਂ ਕਈਆਂ ਨੂੰ ਪਤਾ ਨਹੀਂ ਸੀ ਕਿ ਉਹ ਭਾਰਤ ਲਈ ਹਾਕੀ ਖੇਡ ਚੁੱਕੇ ਹਨ ਪਰ ਪਤਾ ਲੱਗਣ 'ਤੇ ਸਥਾਨਕ ਨੌਜਵਾਨ ਉਨ੍ਹਾਂ ਨਾਲ ਜੁੜਦੇ ਗਏ। ਉਨ੍ਹਾਂ ਕਿਹਾ, ''ਅਸੀਂ ਦੀਨਾਨਗਰ ਸਬ-ਡਿਵੀਜ਼ਨ ਵਿੱਚੋਂ 1500 ਲੋਕਾਂ ਨੂੰ ਬਾਹਰ ਕੱਢਿਆ ਅਤੇ ਪੂਰੇ ਗੁਰਦਾਸਪੁਰ ਵਿੱਚ ਕਰੀਬ ਛੇ ਹਜ਼ਾਰ ਲੋਕਾਂ ਨੂੰ ਕੱਢਿਆ ਗਿਆ ਹੈ। ਇੱਥੇ ਇੱਕ ਵੀ ਮੌਤ ਨਹੀਂ ਹੋਈ ਪਰ ਪਸ਼ੂਆਂ ਦਾ ਬਹੁਤ ਨੁਕਸਾਨ ਹੋਇਆ ਹੈ।'' ਰੁਪਿੰਦਰ ਨੇ ਕਿਹਾ ਕਿ ਇੱਕ ਘਟਨਾ ਨੇ ਉਨ੍ਹਾਂ ਨੂੰ ਝੰਜੋੜ ਦਿੱਤਾ, ਜਦੋਂ ਇੱਕ ਪਰਿਵਾਰ ਦੇ ਚਾਰ ਜੀਅ ਆਪਣੇ ਕੱਚੇ ਕੋਠੇ ਦੀ ਛੱਤ 'ਤੇ ਫਸੇ ਹੋਏ ਸੀ ਅਤੇ ਰਾਵੀ ਦਾ ਪਾਣੀ ਛੂਕਦਾ ਵਹਿ ਰਿਹਾ ਸੀ। ਉਨ੍ਹਾਂ ਕਿਹਾ, ''ਗੰਨੇ ਦੀ ਲੰਬਾਈ ਤੋਂ ਤਿੰਨ-ਚਾਰ ਫੁੱਟ ਉੱਤੇ ਤੱਕ ਪਾਣੀ ਅਤੇ ਐੱਨਡੀਆਰਐੱਫ ਦੀ ਕਿਸ਼ਤੀ ਰਾਹੀਂ ਉੱਥੇ ਪਹੁੰਚਣਾ ਸੀ। ਉਸ ਦਿਨ ਡਰ ਲੱਗਿਆ ਪਰ ਐੱਨਡੀਆਰਐੱਫ ਦੀ ਟੀਮ ਕਾਫ਼ੀ ਹੌਸਲਾ-ਅਫ਼ਜ਼ਾਈ ਕਰਦੀ ਰਹਿੰਦੀ ਹੈ। ਪਾਣੀ ਦੇ ਵਹਾਅ ਤੋਂ ਉਲਟ ਜਾ ਕੇ ਉਨ੍ਹਾਂ ਲੋਕਾਂ ਤੱਕ ਪਹੁੰਚਿਆ ਗਿਆ।'' ਭਾਰਤ ਲਈ ਲੰਡਨ ਓਲੰਪਿਕ, 2012 ਸਣੇ 97 ਮੈਚ ਖੇਡ ਚੁੱਕੇ ਫਾਰਵਰਡ ਅਤੇ ਹੁਣ ਗੁਰਦਾਸਪੁਰ ਦੇ ਕਲਾਨੌਰ ਵਿੱਚ ਡੀਐੱਸਪੀ ਗੁਰਵਿੰਦਰ ਸਿੰਘ ਨੇ ਕਿਹਾ ਕਿ ਇੱਥੇ ਵੀ ਟੀਮਵਰਕ ਨਾਲ ਕੰਮ ਚੰਗੇ ਢੰਗ ਨਾਲ ਹੋ ਰਿਹਾ ਹੈ ਅਤੇ ਮਦਦ ਲਈ ਕਈ ਹੱਥੇ ਅੱਗੇ ਆ ਰਹੇ ਹਨ। ਉਨ੍ਹਾਂ ਦੱਸਿਆ, ''ਕੋਟਲਾ ਮੁਗਲਾ ਵਿੱਚ ਇੱਕ ਬਜ਼ੁਰਗ ਨੂੰ ਸੱਪ ਨੇ ਡੱਸ ਲਿਆ ਸੀ, ਜਿਨ੍ਹਾਂ ਨੂੰ ਡਾਕਟਰ ਤੱਕ ਪਹੁੰਚਾਇਆ ਗਿਆ। ਇਸ ਤੋਂ ਇੱਕ ਲੜਕੀ ਦਾ ਵਿਆਹ ਸੀ, ਜਿਸ ਨੂੰ ਕਲਾਨੌਰ ਦੇ ਇੱਕ ਪਿੰਡ ਤੋਂ ਵਿਆਹ ਸਥਾਨ ਤੱਕ ਪਹੁੰਚਾਇਆ ਗਿਆ। ਇਸੇ ਤਰ੍ਹਾਂ ਇੱਕ ਗਰਭਵਤੀ ਮਹਿਲਾ ਨੂੰ ਵੀ ਸੁਰੱਖਿਅਤ ਥਾਂ 'ਤੇ ਲਿਜਾਇਆ ਗਿਆ, ਜਿੱਥੇ ਅਗਲੇ ਦਿਨ ਉਸ ਦਾ ਜਣੇਪਾ ਹੋਇਆ।'' ਗੁਰਵਿੰਦਰ ਸਿੰਘ ਨੇ ਦੱਸਿਆ, ''ਇੱਕ ਗਊਸ਼ਾਲਾ ਵਿੱਚ ਪਾਣੀ ਭਰ ਗਿਆ ਸੀ, ਜਿੱਥੇ ਗਾਵਾਂ ਬੰਨ੍ਹੀਆਂ ਹੋਈਆਂ ਸਨ। ਉਨ੍ਹਾਂ ਨੂੰ ਕੱਢਿਆ ਗਿਆ। ਸਾਰੀਆਂ ਰਾਹਤ ਏਜੰਸੀਆਂ ਮਿਲੇ ਕੇ ਦਿਨ-ਰਾਤ ਲੱਗੀਆਂ ਹੋਈਆਂ ਹਨ ਪਰ ਤਬਾਹੀ ਬਹੁਤ ਹੋਈ ਹੈ।'' ਰਾਹਤ ਕਾਰਜਾਂ ਦੀਆਂ ਚੁਣੌਤੀਆਂ ਬਾਰੇ ਪੁੱਛੇ ਜਾਣ 'ਤੇ ਜੁਗਰਾਜ ਸਿੰਘ ਨੇ ਕਿਹਾ ਕਿ ਦਿਨ ਭਰ ਫੋਨ ਖੜਕ ਰਿਹਾ ਹੈ ਅਤੇ ਦਿਮਾਗ ਨੂੰ ਇੱਕ ਮਿੰਟ ਵੀ ਆਰਮ ਨਹੀਂ ਮਿਲ ਰਿਹਾ ਹੈ ਪਰ ਅਸਲ ਚੁਣੌਤੀਆਂ ਪਾਣੀ ਉੱਤਰਨ ਤੋਂ ਬਾਅਦ ਸ਼ੁਰੂ ਹੋਣਗੀਆਂ। ਉਨ੍ਹਾਂ ਕਿਹਾ, ''ਅਸੀਂ ਸਵੇਰ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਚਲੇ ਜਾਂਦੇ ਹਾਂ। ਉੱਥੇ ਜਾ ਕੇ ਦੇਖਦੇ ਹਾਂ ਕਿ ਵੰਡਣ ਲਈ ਕਿੰਨਾ ਸਾਮਾਨ ਹੈ ਅਤੇ ਫਿਰ ਸੂਚੀਆਂ ਬਣਦੀਆਂ ਹਨ ਕਿ ਕਿੱਥੇ ਵੱਧ ਲੋੜ ਹੈ।

# ਵਿਧਾਇਕਾ ਭਰਾਜ ਨੇ ਬਾਲੀਆਂ ਡਰੇਨ ਦੀ ਸਫ਼ਾਈ ਕਰਵਾਈ

ਸੰਗਰੂਰ, 5 ਸਤੰਬਰ (ਪੱਤਰ ਪ੍ਰੇਰਕ)ਸੰਗਰੂਰ-ਸੁਨਾਮ ਰੋਡ ਨਜ਼ਦੀਕ ਲੰਘਦੇ ਬਾਲੀਆਂ ਡਰੇਨ 'ਚ ਪਾੜ ਪੈਣ ਅਤੇ ਓਵਰਫਲੋਅ ਹੋਇਆ ਪਾਣੀ ਪਿੰਡ ਰਾਮਨਗਰ ਸਿਬੀਆਂ 'ਚ ਦਾਖਲ ਹੋਣ ਦੇ ਮਾਮਲੇ 'ਚ ਤੁਰੰਤ ਐਕਸ਼ਨ ਲੈਂਦਿਆਂ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਵਲੋਂ ਜੇਸੀਬੀ ਮਸ਼ੀਨਾਂ ਨਾਲ ਸਫ਼ਾਈ ਹੀ ਸ਼ੁਰੂ ਨਹੀਂ ਕਰਵਾਈ ਸਗੋਂ ਇੱਕ ਕਲੋਨੀ ਵਾਲਿਆਂ ਨੇ ਡਰੇਨ 'ਚ ਪਾਈਆਂ ਛੋਟੀਆਂ ਪਾਈਪਾਂ ਨੂੰ ਵੀ ਬਾਹਰ ਕਢਵਾ ਕੇ ਪਾਣੀ ਦੀ ਨਿਕਾਸੀ ਦੇ ਵੱਡੇ ਅੜਿੱਕੇ ਨੂੰ ਦੂਰ ਕਰਵਾਇਆ। ਦੱਸਣਯੋਗ ਹੈ ਕਿ ਬਾਲੀਆਂ ਡਰੇਨ 'ਚ ਸ਼ਹਿਰ ਦੇ ਸੀਵਰੇਜ ਦਾ ਪਾਣੀ ਪੈਂਦਾ ਵੀ ਪੈਂਦਾ ਹੈ। ਡਰੇਨ 'ਚ ਪਾਣੀ ਦੀ ਪੁਖਤਾ ਨਿਕਾਸੀ ਨਾ ਹੋਣ ਕਾਰਨ ਪਾੜ ਪੈ ਗਿਆ ਸੀ ਜੋ ਕਿ ਅੱਜ ਵੀ ਜਾਰੀ ਸੀ ਅਤੇ ਲੋਕ ਮਿੱਟੀ ਦੇ ਥੈਲੇ ਭਰ ਕੇ ਪਾੜ੍ਹ ਪੂਰਨ ਵਿਚ ਜੁਟੇ ਹੋਏ ਸਨ। ਸੁਨਾਮ ਰੋਡ 'ਤੇ ਸਾਰਾ ਦਿਨ ਪੱਕਾ ਮੋਰਚਾ ਲਗਾ ਕੇ ਖੁਦ ਆਪਣੀ ਨਿਗਰਾਨੀ ਹੇਠ ਬਾਲੀਆਂ ਡਰੇਨ ਦੀ ਸਫ਼ਾਈ ਕਰਵਾ ਰਹੇ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਕਲੋਨੀ ਦੇ ਮੁੱਖ ਗੇਟ ਤੋਂ ਅੱਗੇ ਕੰਧ ਦੇ ਨਾਲ ਨਾਲ ਕਰੀਬ ਡੇਢ ਏਕੜ ਤੋਂ ਵੀ ਵੱਧ ਲੰਮਾਈ 'ਚ ਡਰੇਨ 'ਚ ਛੋਟੀਆਂ ਪਾਈਪਾਂ ਪਾ ਕੇ ਡਰੇਨ ਉਪਰੋਂ ਕਵਰ ਕੀਤਾ ਹੋਇਆ ਸੀ ਜੋ ਕਿ ਪਾਣੀ ਦੀ ਨਿਕਾਸੀ 'ਚ ਅੜਿੱਕਾ ਬਣ



ਰਿਹਾ ਸੀ। ਉਨ੍ਹਾਂ ਦੱਸਿਆ ਕਿ ਐੱਸ ਡੀ ਐੱਮ ਸੰਗਰੂਰ ਵਲੋਂ ਨਗਰ ਕੌਂਸਲ ਨੂੰ ਆਦੇਸ਼ ਦਿੱਤੇ ਸਨ ਕਿ ਪਾਈਪਾਂ ਕਢਵਾ ਕੇ ਪਾਣੀ ਨਿਕਾਸੀ ਕਰਵਾਈ ਜਾਵੇ ਪਰ ਪਾਈਪਾਂ ਕਢਵਾਉਣ ਦੀ ਬਜਾਏ ਡਰੇਨ ਦੇ ਨਾਲ ਸਾਈਡ ਤੋਂ ਛੋਟਾ ਖਾਲਾ ਪੁਟਵਾ ਦਿੱਤਾ ਗਿਆ। ਇਸ ਕਾਰਨ ਹੀ ਡਰੇਨ ਓਵਰਫਲੋਅ ਹੋ ਗਿਆ ਅਤੇ ਪਾਣੀ ਜਿਥੇ ਪਿੰਡ 'ਚ ਦਾਖਲ ਹੋਇਆ ਉਥੇ ਨਾਲ ਲੱਗੇ ਝੋਨੇ ਦੇ ਖੇਤਾਂ 'ਚ ਵੀ ਦਾਖਲ ਹੋਇਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਬੀਤੀ ਰਾਤ ਤੋਂ ਹੀ ਡਰੇਨ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ ਸੀ ਅਤੇ ਅੱਜ ਛੋਟੀਆਂ ਪਾਈਪਾਂ ਕਾਨੂੰਨ ਮੁਤਾਬ ਕਢਵਾ ਕੇ ਕਰੀਬ ਡੇਢ ਏਕੜ ਤੱਕ ਕਵਰ ਕੀਤਾ ਡਰੇਨ ਪੂਰੀ ਤਰ੍ਹਾਂ ਖੁੱਲ੍ਹਵਾ ਦਿੱਤਾ ਹੈ। ਪਿੰਡ ਦੇ ਵਸਨੀਕਾਂ ਅਤੇ ਸ਼ਹਿਰ ਵਾਸੀਆਂ ਨੇ ਵਿਧਾਇਕ ਵਲੋਂ ਖੁਦ ਕੋਲ ਖੜ੍ਹ ਕੇ ਕਰਵਾਏ ਕਾਰਜ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਇਸ ਮੌਕੇ ਐਸਡੀਐਮ ਚਰਨਜੋਤ ਸਿੰਘ ਵਾਲੀਆ, ਡੀਐਸਪੀ ਸੁਖਦੇਵ ਸਿੰਘ, 'ਆਪ' ਆਗੂ ਮੁੰਨਾ ਠੇਕੇਦਾਰ ਅਤੇ ਕਈ ਨਗਰ ਕੌਂਸਲਰ ਮੌਜੂਦ ਸਨ। ਵਿਧਾਇਕ ਨੇ ਦੱਸਿਆ ਕਿ ਜਿਹੜੇ ਅਧਿਕਾਰੀਆਂ ਨੇ ਪਾਈਪਾਂ ਨਾ ਕਢਵਾ ਕੇ ਐੱਸਡੀਐੱਮ ਦੇ ਆਦੇਸ਼ਾਂ ਦੀ ਉਲੰਘਣਾ ਕੀਤੀ ਹੈ

## ਪ੍ਰਸ਼ਾਸਨ ਵੱਲੋਂ ਜਮ੍ਹਾਂਖੋਰੀ 'ਤੇ ਪਾਬੰਦੀ

ਸੰਗਰੂਰ, , 5 ਸਤੰਬਰ (ਪੱਤਰ ਪ੍ਰੇਰਕ)-ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਮ੍ਹਾਂਖੋਰੀ ਕਰਨ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ ਜਿਨ੍ਹਾਂ ਤਹਿਤ ਕਿਸੇ ਵੀ ਵਿਅਕਤੀ, ਵਪਾਰੀ, ਫਰਮ ਜਾਂ ਇਕਾਈ ਨੂੰ ਜ਼ਰੂਰੀ ਵਸਤਾਂ ਦਾ ਭੰਡਾਰ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਅਜਿਹਾ ਕਰਨ ਵਾਲਿਆਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਅਮਿਤ ਬੈਂਬੀ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਇਹ ਧਿਆਨ ਵਿੱਚ ਆਇਆ ਹੈ ਕਿ ਕੁਝ ਸਟਾਕਿਸਟ ਜ਼ਰੂਰੀ ਵਸਤਾਂ ਜਿਵੇਂ ਕਿ ਖਾਣ-ਪੀਣ ਦੀਆਂ ਵਸਤਾਂ, ਪੈਟਰੋਲ, ਡੀਜ਼ਲ, ਚਾਰਾ ਅਤੇ ਹੋਰ ਰੋਜ਼ਾਨਾ ਲੋੜਾਂ ਦੀ ਜਮ੍ਹਾਂਖੋਰੀ ਵਿੱਚ ਸ਼ਾਮਲ ਹਨ। ਇਹ ਅਨੈਤਿਕ ਅਭਿਆਸ ਨਕਲੀ ਕੀਮਤਾਂ ਵਿੱਚ ਵਾਧੇ, ਕਾਲਾਬਾਜ਼ਾਰੀ ਅਤੇ ਸਪਲਾਈ ਦੀ ਘਾਟ ਵੱਲ ਲੈ ਜਾ ਰਿਹਾ ਹੈ, ਜਿਸ ਨਾਲ ਆਮ ਜਨਤਾ, ਖਾਸ ਕਰਕੇ ਸਮਾਜ ਦੇ ਕਮਜ਼ੋਰ ਵਰਗ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ। ਇਸ ਲਈ, ਜਨਤਕ ਹਿੱਤਾਂ ਦੀ ਰਾਖੀ ਅਤੇ ਜ਼ਰੂਰੀ ਵਸਤਾਂ ਦੀ ਸੁਚਾਰੂ ਉਪਲਬਧਤਾ ਬਣਾਈ ਰੱਖਣ ਲਈ ਜਮ੍ਹਾਂਖੋਰੀ 'ਤੇ ਸਖ਼ਤ ਪਾਬੰਦੀ ਦੇ ਹੁਕਮ ਦਿੱਤੇ ਹਨ। ਇਸ ਅਨਾਜ, ਚਾਰਾ, ਦੁੱਧ ਅਤੇ ਡੇਅਰੀ ਉਤਪਾਦ, ਪੈਟਰੋਲ ਅਤੇ ਹੋਰ ਬਾਲਣ ਆਦਿ ਸ਼ਾਮਲ ਹਨ।

# ਬਰਿੰਦਰ ਗੋਇਲ ਵੱਲੋਂ ਘੱਗਰ ਦੇ ਕੰਢਿਆਂ ਦਾ ਜਾਇਜ਼ਾ

ਖਨੌਰੀ, 5 ਸਤੰਬਰ (ਪੱਤਰ ਪ੍ਰੇਰਕ)ਕੈਬਨਿਟ ਮੰਤਰੀ ਬਰਿੰਦਰ ਗੋਇਲ ਦੀ ਮਦਦ ਲਈ ਖੁਦ ਪਹੁੰਚੇ ਹਨ। ਇਸ ਦੌਰਾਨ ਉਨ੍ਹਾਂ ਘੱਗਰ ਦਰਿਆ ਦੇ ਮੌਜੂਦਾ



ਨੇ ਅੱਜ ਕਈ ਪਿੰਡਾਂ ਵਿੱਚ ਘੱਗਰ ਦਰਿਆ ਦੇ ਕੰਢਿਆਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਕਮਜ਼ੋਰ ਕੰਢਿਆਂ 'ਤੇ ਰੇਤ ਦੀਆਂ ਬੋਰੀਆਂ ਲਗਵਾਈਆਂ। ਉਨ੍ਹਾਂ ਨਾਲ ਉਨ੍ਹਾਂ ਦੇ ਨਿੱਜੀ ਸਹਾਇਕ ਰਾਕੇਸ਼ ਕੁਮਾਰ ਗੁਪਤਾ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਉਨ੍ਹਾਂ ਖਨੌਰੀ ਨਾਲ ਲੱਗਦੇ ਪਿੰਡ ਮੰਡਵੀ, ਚਾਂਦੂ, ਅਨੰਦਨਾ ਆਦਿ ਦਾ ਦੌਰਾ ਕੀਤਾ। ਪਿੰਡਾਂ ਵਾਲਿਆਂ ਨੇ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਉਨ੍ਹਾਂ ਦੇ ਪਿੰਡ ਨੂੰ ਘੱਗਰ ਵਿੱਚ ਪਾੜ ਪੈਣ ਕਰਕੇ ਹੜ੍ਹ ਦਾ ਡਰ ਹੈ ਤਾਂ ਉਹ ਤੁਰੰਤ ਲੋਕਾਂ ਹਾਲਾਤ ਦੇ ਮੱਦੇਨਜ਼ਰ ਪਿੰਡ ਬਨਾਰਸੀ, ਬਾਓਪਰ, ਨਵਾਗਾਓਂ, ਜਸਵੰਤਪੁਰਾ ਉਰਫ ਹੋਤੀਪੁਰ, ਅੰਨਦਾਨਾ, ਸ਼ਾਹਪੁਰਥੇੜੀ, ਚਾਦੂੰ, ਮੰਡਵੀ, ਬੰਗਾਂ, ਖਨੌਰੀ ਕਲਾਂ, ਹਮੀਰਗੜ੍ਹ, ਸੁਰਜਨਭੈਣੀ, ਭੂੰਦੜਭੈਣੀ, ਸਲੇਮਗੜ੍ਹ, ਮਕਰੌੜ ਸਾਹਿਬ, ਫੂਲਦ, ਗਨੌਟਾ, ਘਮੂਰਘਾਟ, ਰਾਮਪੁਰਾ ਗੁਜਰਾਂ, ਹਾਂਡਾ, ਕੁਦਨੀ, ਵਜੀਦਪੁਰ, ਕਬੀਰਪੁਰ, ਕੜੈਲ, ਬੁਸਹਿਰਾ ਤੇ ਮੂਨਕ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਸੁਰੱਖਿਆ ਦੇ ਮੱਦੇਨਜ਼ਰ ਬਜ਼ੁਰਗ ਅਤੇ ਬੱਚਿਆਂ ਅਤੇ ਪਸ਼ੂਆਂ ਨੂੰ ਦਰਿਆ ਨੇੜੇ ਨਾ ਲੈ ਕੇ ਜਾਣ। ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਉੱਤੇ ਯਕੀਨ ਨਾ ਕਰਨ ਅਤੇ ਪ੍ਰਸ਼ਾਸਨ ਨੂੰ ਪੂਰੀ ਤਰ੍ਹਾਂ ਸਹਿਯੋਗ ਕਰਨ, ਪੰਜਾਬ ਸਰਕਾਰ ਸੂਬਾ ਵਾਸੀਆਂ ਦੇ ਜਾਨ ਮਾਲ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਦਰਿਆ ਵਿੱਚ ਇਸ ਵੇਲੇ ਪਾਣੀ ਦਾ ਪੱਧਰ 749.7 ਫੁੱਟ ਹੈ, ਜਦੋਂਕਿ ਖਤਰੇ ਦੇ ਨਿਸ਼ਾਨ ਤੋਂ ਜ਼ਿਆਦਾ ਚੱਲ ਰਿਹਾ ਹੈ। ਦਰਿਆ ਦੇ ਆਲੇ ਦੁਆਲੇ ਦੇ ਖੇਤਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, 15 ਸੰਵੇਦਨਸ਼ੀਲ ਥਾਵਾਂ, ਜਿੱਥੇ 2023 ਵਿੱਚ ਪਾੜ ਪਿਆ ਸੀ ਪਛਾਣ ਕਰਕੇ ਜੰਬੋ ਬੈਗਾਂ ਸਮੇਤ ਰੇਤ ਦੀਆਂ ਬੋਰੀਆਂ ਨਾਲ ਕੰਢਿਆਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਪਿਛਲੇ ਦਿਨਾਂ ਤੋਂ ਠੀਕਰੀ ਪਹਿਰੇ ਸ਼ੁਰੂ ਕੀਤੇ ਹੋਏ ਹਨ। ਡਰੇਨੇਜ ਵਿਭਾਗ, ਮਾਲ ਵਿਭਾਗ, ਮੰਡੀ ਬੋਰਡ ਅਤੇ ਪੰਚਾਇਤ ਵਿਭਾਗ ਦੇ ਕਰਮਚਾਰੀ ਨੇ ਪਿੰਡ ਵਾਸੀਆਂ ਵਿਸ਼ੇਸ਼ ਟੀਮਾਂ ਬਣਾਈਆਂ ਹਨ, ਜੋ ਲਗਾਤਾਰ ਸੰਵੇਦਨਸ਼ੀਲ ਥਾਵਾਂ ਦੀ ਨਿਗਰਾਨੀ ਕਰ ਰਹੀਆਂ ਹਨ। ਰਾਤ ਸਮੇਂ ਦਰਿਆ ਦੇ ਕੰਢਿਆਂ 'ਤੇ ਪੁਲੀਸ ਗਸ਼ਤ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

# ਅਧਿਕਾਰੀਆਂ ਵੱਲੋਂ ਮੀਂਹ ਕਾਰਨ ਨੁਕਸਾਨੇ ਘਰਾਂ ਦਾ ਜਾਇਜ਼ਾ

## ਵੱਖ-ਵੱਖ ਪਿੰਡਾਂ ਦਾ ਦੌਰਾ; ਪੀੜਤਾਂ ਨੂੰ ਢੁੱਕਵਾਂ ਮੁਆਵਜ਼ਾ ਦੇਣ ਦਾ ਭਰੋਸਾ

ਦਿੜ੍ਹਬਾ ਮੰਡੀ, 5 ਸਤੰਬਰ (ਪੱਤਰ ਪ੍ਰੇਰਕ)-ਦਿੜ੍ਹਬਾ ਦੇ ਐੱਸ ਡੀ ਐੱਮ ਰਾਜੇਸ਼ ਸ਼ਰਮਾ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਓ ਐੱਸ ਡੀ ਤਪਿੰਦਰ ਸਿੰਘ ਸੋਹੀ ਅਤੇ ਹੋਰ ਅਧਿਕਾਰੀਆਂ ਨੇ ਮੀਂਹ ਕਾਰਨ ਨੁਕਸਾਨੇ ਘਰਾਂ ਦਾ ਜਾਇਜ਼ਾ ਲਿਆ। ਜ਼ਿਕਰਯੋਗ ਹੈ ਕਿ ਮੀਂਹ ਕਾਰਨ ਪਿੰਡ ਢੰਡੋਲੀ ਖੁਰਦ ਦੇ ਹਰਪ੍ਰੀਤ ਸਿੰਘ, ਬਿੱਕਰ ਸਿੰਘ ਅਤੇ ਗੁਲਾਬ ਕੌਰ, ਪਿੰਡ ਢੰਡੋਲੀ ਕਲਾਂ ਦੇ ਬਿੰਦਰ ਸਿੰਘ, ਦਿਆਲਗੜ੍ਹ ਜੇਜੀਆਂ ਦੀ ਸੁਖਜੀਤ ਕੌਰ, ਸ਼ੀਸ਼ਾ ਸਿੰਘ, ਸੋਨੀ ਕੌਰ ਅਤੇ ਪਾਸਾ ਸਿੰਘ ਦੇ ਘਰ ਨੁਕਸਾਨੇ ਗਏ ਸਨ ਤੇ ਕਈਆਂ ਦੀਆਂ ਛੱਤਾਂ ਡਿੱਗੀਆਂ ਸਨ। ਇਸ ਮੌਕੇ ਮਕਾਨਾਂ ਦੇ ਮਾਲਕਾਂ ਨੂੰ ਭਰੋਸਾ ਦਿੱਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਨੁਕਸਾਨੇ ਘਰਾਂ ਦਾ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਹਦਾਇਤਾਂ



ਆਈਆਂ ਹਨ ਕਿ ਕੁਦਰਤੀ ਆਫਤ ਦੇ ਨਾਲ ਹੋਏ ਨੁਕਸਾਨ ਦਾ ਪੀੜਤ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਮੌਕੇ 'ਤੇ ਸਬੰਧਤ ਪਟਵਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਨੁਕਸਾਨੇ ਗਏ ਘਰਾਂ ਦੀ ਰਿਪੋਰਟ ਤਿਆਰ ਕਰਕੇ ਦਿੱਤੀ ਜਾਵੇ ਤਾਂ ਕਿ ਅੱਗੇ ਪੰਜਾਬ ਸਰਕਾਰ ਨੂੰ ਭੇਜ ਕੇ ਜਲਦੀ ਤੋਂ ਜਲਦੀ ਮੁਆਵਜ਼ਾ ਪੀੜਤ ਪਰਿਵਾਰਾਂ ਨੂੰ ਦਿੱਤਾ ਜਾ ਸਕੇ। ਕਿਸੇ ਵੀ ਪੀੜਤ ਪਰਿਵਾਰ ਨੂੰ ਮੁਆਵਜ਼ੇ ਤੋਂ ਬਿਨਾਂ ਨਹੀਂ ਰਹਿਣ ਦਿੱਤਾ ਜਾਵੇਗਾ। ਇਸ ਮੌਕੇ ਬੀਡੀਪੀਓ ਦਿੜ੍ਹਬਾ ਪ੍ਰਦੀਪ ਸ਼ਾਰਦਾ, ਕਾਨੂੰਨਗੋ ਦਵਿੰਦਰਪਾਲ ਸਿੰਘ, ਰਿੰਪੀ ਸਬੰਧਤ ਪਟਵਾਰੀ, ਆਮ ਆਦਮੀ ਪਾਰਟੀ ਦੇ ਹਲਕਾ ਕਿਸਾਨ ਵਿੰਗ ਦੇ ਇੰਚਾਰਜ ਪਰਗਟ ਸਿੰਘ ਕਲੇਰ ਅਤੇ ਪਿੰਡਾਂ ਦੇ ਸਰਪੰਚ ਹਾਜ਼ਰ ਸਨ। ਲਹਿਰਾਗਾਗਾ (ਰਮੇਸ਼ ਭਾਰਦਵਾਜ): ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਓਐੱਸਡੀ ਤਪਿੰਦਰ ਸਿੰਘ ਸੋਹੀ ਅਤੇ ਚੇਅਰਮੈਨ ਜਸਵੀਰ ਕੌਰ ਨੇ ਪਿੰਡ ਸੰਗਤਪੁਰਾ ਆ ਕੇ ਭਾਰੀ ਮੀਂਹ ਕਾਰਨ ਨੁਕਸਾਨੇ ਗਏ ਘਰਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਦੱਸਿਆ ਕਿ ਰਿਪੋਰਟ ਤਿਆਰ ਕਰਕੇ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇਗਾ॥ ਇਸ ਮੌਕੇ ਟਰੱਕ ਯੂਨੀਅਨ, ਲਹਿਰਾ ਦੇ ਸਾਬਕਾ ਪ੍ਰਧਾਨ ਕੁਲਦੀਪ ਸਿੰਘ, ਗੁਰਮੀਤ ਸਿੰਘ ਭੋਲਾ, ਗੁਰਦੀਪ ਸਿੰਘ ਨੰਬਰਦਾਰ, ਸੁਪਿੰਦਰ ਸਿੰਘ, ਰਾਮਫ਼ਲ ਸਿੰਘ, ਦਰਸ਼ਨ ਸਿੰਘ ਖ਼ਾਲਸਾ, ਨਾਥਾ ਸਿੰਘ, ਦੀਪ ਸਿੰਘ, ਰਾਮ ਸਿੰਘ, ਪਰਮਿੰਦਰ ਬੱਬੂ ਅਤੇ ਮਨਦੀਪ ਸਿੰਘ ਹਾਜ਼ਰ ਸਨ।

# ਰੇਲਵੇ ਸਟੇਸ਼ਨ ਦੀ ਨਵੀਂ ਇਮਾਰਤ ਦਾ ਉਦਘਾਟਨ



ਧੂਰੀ, , 5 ਸਤੰਬਰ (ਪੱਤਰ ਪ੍ਰੇਰਕ)-ਉੱਤਰ ਰੇਲਵੇ ਦੇ ਅੰਬਾਲਾ ਡਿਵੀਜ਼ਨ ਦੇ ਡੀ ਆਰ ਐਮ ਵਿਨੋਦ ਭਾਟੀਆ ਨੇ ਧੂਰੀ ਰੇਲਵੇ ਸਟੇਸ਼ਨ 'ਤੇ ਰੇਲਵੇ ਪੁਲੀਸ ਦੇ ਰਹਿਣ ਲਈ ਤਿਆਰ ਇਮਾਰਤ ਦਾ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਰੇਲਵੇ ਸਟੇਸ਼ਨ 'ਤੇ ਜੀਆਰਪੀ ਜਵਾਨਾਂ ਲਈ 15 ਬੈੱਡਾਂ ਵਾਲੀ ਨਵੀਂ ਇਮਾਰਤ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਜੀਆਰਪੀ ਰੇਲਵੇ ਦਾ ਇੱਕ ਅਹਿਮ ਅੰਗ ਹੈ ਤੇ ਇਨ੍ਹਾਂ ਨੂੰ ਚੰਗੀਆਂ ਸਹੂਲਤਾਂ ਦੇਣਾ ਰੇਲਵੇ ਦਾ ਫਰਜ਼ ਹੈ। ਇਸ ਮੌਕੇ ਸੀਨੀਅਰ ਡੀ ਓ ਐੱਮ ਰਾਹੁਲ ਕੁਮਾਰ, ਸੀਨੀਅਰ ਡੀ ਓ ਐਮ ਜੀ ਰਿਤਿਕਾ ਵਸ਼ਿਸ਼ਟ, ਸੀਨੀਅਰ ਡੀਸੀਐੱਮ ਨਵੀਨ ਝਾਅ, ਸੀਨੀਅਰ ਕਮਾਂਡੈਂਟ ਅਰੁਣ ਤ੍ਰਿਪਾਠੀ ਤੇ ਸਟੇਸ਼ਨ ਮਾਸਟਰ ਰਜਨੀਸ਼ ਕੁਮਾਰ ਆਦਿ ਹਾਜ਼ਰ ਸਨ।

# ਆਜ਼ਾਦੀ ਘੁਲਾਟੀਆਂ ਵੱਲੋਂ ਹੜ੍ਹ ਪੀੜਤਾਂ ਲਈ ਮੁਆਵਜ਼ਾ ਜਾਰੀ ਕਰਨ ਦੀ ਮੰਗ

ਸੰਗਰੂਰ, , 5 ਸਤੰਬਰ (ਪੱਤਰ ਪ੍ਰੇਰਕ)-ਫਰੀਡਮ ਫਾਈਟਰ ਉਤਰਾਧਿਕਾਰੀ ਜਥੇਬੰਦੀ ਪੰਜਾਬ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਹੜ੍ਹ ਪੀੜਤਾਂ ਲਈ ਫੌਰੀ ਮੁਆਵਜ਼ੇ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਸਰਪ੍ਰਸਤ ਹਰਿੰਦਰ ਪਾਲ ਸਿੰਘ ਖਾਲਸਾ ਅਤੇ ਸੂਬਾ ਪ੍ਰਧਾਨ ਚਤਿੰਨ ਸਿੰਘ ਮਾਨਸਾ ਨੇ ਕਿਹਾ ਕਿ ਪੰਜਾਬ 'ਚ ਹੜ੍ਹਾਂ ਕਾਰਨ ਕਿਸਾਨਾਂ-ਮਜ਼ਦੂਰਾਂ, ਪਿੰਡਾਂ ਤੇ ਛੋਟੇ ਦੁਕਾਨਦਾਰਾਂ ਤੇ ਘਰਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਘਰ ਢਹਿ ਗਏ, ਫਸਲਾਂ ਤਬਾਹ ਹੋ ਗਈਆਂ, ਪਿੰਡਾਂ ਵਿਚ ਛੋਟੇ ਦੁਕਾਨਦਾਰਾਂ ਦੀਆਂ ਦੁਕਾਨਾਂ ਦਾ ਸਾਮਾਨ ਪਾਣੀ 'ਚ ਰੁੜ੍ਹ ਗਿਆ ਹੈ। ਉਨ੍ਹਾਂ ਕੇਂਦਰ ਅਤੇ ਰਾਜ ਸਰਕਾਰ ਤੋਂ ਮੰਗ ਕੀਤੀ ਕਿ ਇਸ ਮੁਸੀਬਤ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਨੂੰ ਤੁਰੰਤ ਮੁਆਵਜ਼ਾ ਦੇਵੇ। ਉਨ੍ਹਾਂ ਕਿਹਾ ਕਿ 1400 ਦੇ ਕਰੀਬ ਪਿੰਡ ਤਬਾਹ ਹੋਏ ਗਏ ਹਨ , ਕਈ ਜਾਨਾਂ ਵੀ ਚਲੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਸ ਵੱਡੀ ਮੁਸੀਬਤ ਵਿਚ ਦਿਲ ਖੋਲ੍ਹ ਕੇ ਪੰਜਾਬ ਲਈ ਵੱਡਾ ਆਰਥਿਕ ਪੈਕੇਜ ਦਿੱਤਾ ਜਾਵੇ। ਇਸ ਮੌਕੇ ਜਥੇਬੰਦੀ ਦੇ ਆਗੂ ਮੇਜਰ ਸਿੰਘ ਬਰਨਾਲਾ, ਸਚਿਨ ਮਨਚੰਦਾ ਲੁਧਿਆਣਾ ,ਅਜੀਤਪਾਲ ਪਾਲੀ, ਰਘਵੀਰ ਸਿੰਘ ਜਟਾਣਾ, ਜਗਜੀਤ ਸਿੰਘ, ਮਾਸਟਰ ਅਵਤਾਰ ਸਿੰਘ ਰਾਏਕੋਟ ਤੇ ਜਸਵਿੰਦਰ ਸਿੰਘ ਸਮਰਾਲਾ ਆਦਿ ਹਾਜ਼ਰ ਸਨ।

# ਡੀਸੀ ਨੇ ਪਿੰਡ ਤੁੰਗਵਾਲੀ ਤੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਟਰਾਲੀਆਂ ਨੂੰ ਦਿਖਾਈ ਹਰੀ ਝੰਡੀ



ਬਠਿੰਡਾ, 5 ਸਤੰਬਰ (ਪੱਤਰ ਪ੍ਰੇਰਕ)-ਸੰਸਾਰ 'ਤੇ ਜੇਕਰ ਨਜ਼ਰ ਮਾਰੀ ਜਾਵੇ ਤਾਂ ਮਾਨਵਤਾ ਦੀ ਸਭ ਤੋਂ ਵੱਡੀ ਸੇਵਾ ਨਿਸ਼ਕਾਮ ਦਾਨ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਡੀਸੀ ਸ੍ਰੀ ਰਾਜੇਸ਼ ਧੀਮਾਨ ਨੇ ਜ਼ਿਲ੍ਹੇ ਦੇ ਪਿੰਡ ਤੁੰਗਵਾਲੀ ਦੀ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਾਂਝੇ ਉਦਮ ਸਦਕਾ ਹੜ੍ਹ ਪੀੜਤ ਖੇਤਰਾਂ ਦੇ ਲੋਕਾਂ ਦੀ ਮਦਦ ਲਈ 8 ਟਰਾਲੀਆਂ ਨੂੰ ਰਵਾਨਾ ਕਰਨ ਉਪਰੰਤ ਕੀਤਾ। ਰਵਾਨਾ ਕੀਤੀਆਂ ਟਰਾਲੀਆਂ ਵਿੱਚ ਪਸ਼ੂਆਂ ਦੀ ਖ਼ੁਰਾਕ ਲਈ 2 ਟਰਾਲੀਆਂ ਤੂੜੀ ਦੀਆਂ, 1 ਟਰਾਲੀ ਮੱਕੀ ਦੇ ਆਚਾਰ ਦੀ, 1 ਟਰਾਲੀ ਦਾਣੇ ਚੌਂਕਰ ਦੀ, 35 ਕੁਆਇੰਟਲ ਆਟੇ ਤੋਂ ਇਲਾਵਾ ਬਾਕੀ ਰਾਸ਼ਨ ਕਿੱਟਾਂ ਆਦਿ ਸ਼ਾਮਲ ਸਨ। ਇਸ ਮੌਕੇ ਡੀਸੀ ਨੇ ਨਗਰ ਨਿਵਾਸੀਆਂ ਅਤੇ ਸਮੂਹ ਗ੍ਰਾਮ ਪੰਚਾਇਤ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਨੇਕ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਡੀਸੀ ਨੂੰ ਵਿਸ਼ਵਾਸ਼ ਦਿਵਾਉਂਦਿਆਂ ਕਿਹਾ ਕਿ ਪਿੰਡ ਵਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਦੀ ਸਹਾਇਤਾ ਲਈ ਲੋੜ ਅਨੁਸਾਰ ਭਵਿੱਖ ਵਿੱਚ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਦੌਰਾਨ ਡਿਪਟੀ ਕਮਿਸਨਰ ਨੇ ਆਮ ਲੋਕਾਂ ਨੂੰ ਵੀ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਮਦਦ ਲਈ ਸੁੱਕੇ ਰਾਸ਼ਨ, ਪੀਣ ਵਾਲੇ ਪਾਣੀ ਅਤੇ ਤਰਪਾਲਾਂ ਤੋਂ ਇਲਾਵਾ ਪਸ਼ੂਆਂ ਲਈ ਚਾਰੇ ਆਦਿ ਦੀ ਸੇਵਾ ਲਈ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ।

# ਬਠਿੰਡਾ ਜਿਲ੍ਹੇ ਦੇ ਸਾਹਿਤਕਾਰਾਂ ਨੇ ਅਕਾਸ਼ਵਾਣੀ ਦੇ ਡਾਇਰੈਕਟਰ ਨਾਲ ਰੱਫੜ ਪਾਇਆ

ਬਠਿੰਡਾ, 5 ਸਤੰਬਰ (ਪੱਤਰ ਪ੍ਰੇਰਕ)-ਬਠਿੰਡਾ ਜ਼ਿਲ੍ਹੇ ਦੀਆਂ ਲੇਖਕ ਸਭਾਵਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਅਕਾਸ਼ਵਾਣੀ ਬਠਿੰਡਾ ਦੇ ਡਾਇਰੈਕਟਰ ਨਾਲ ਰੱਫੜ ਪੈ ਗਿਆ ਹੈ। ਲੇਖਕਾਂ ਦਾ ਕਹਿਣਾ ਹੈ ਕਿ ਡਾਇਰੈਕਟਰ ਦਾ ਵਤੀਰਾ ਕਥਿਤ ਤੌਰ ਤੇ ਹੰਕਾਰੀ ਅਤੇ ਅਸਹਿਯੋਗ ਵਾਲਾ ਹੈ ਜਿਸ ਕਰਕੇ ਉਹ ਝੰਡਾ ਚੁੱਕਣ ਲਈ ਮਜਬੂਰ ਹੋਏ ਹਨ। ਲੇਖਕ ਆਗੂਆਂ ਨੇ ਮੀਟਿੰਗ ਦੌਰਾਨ ਫੈਸਲਾ ਕੀਤਾ ਹੈ ਕਿ ਜੇਕਰ ਡਾਇਰੈਕਟਰ ਨੇ ਆਪਣਾ ਰਵੱਈਆ ਨਾ ਬਦਲਿਆ ਤਾਂ ਉਹ ਅਕਾਸ਼ਵਾਣੀ ਦੇ ਮੁੱਖ ਗੇਟ ਤੇ ਧਰਨਾ ਲਾਉਣਗੇ ਅਤੇ ਲੋੜ ਪੈਣ ਤੇ ਪ੍ਰਸਾਰ ਭਾਰਤੀ ਦੇ ਪ੍ਰਬੰਧਕਾਂ ਨੂੰ ਸ਼ਕਾਇਤ ਵੀ ਕੀਤੀ ਜਾਏਗੀ। ਸਾਹਿਤਕਾਰ ਸੁਰਿੰਦਰਪ੍ਰੀਤ ਘਣੀਆ ਅਤੇ ਜਸਪਾਲ ਮਾਨਖੇੜਾ ਨੇ ਦੱਸਿਆ ਕਿ ਮੀਟਿੰਗ ਵਿੱਚ ਆਕਾਸ਼ਵਾਣੀ ਰੇਡੀਓ, ਬਠਿੰਡਾ ਦੇ ਡਾਇਰੈਕਟਰ ਨੂੰ ਰਜਿਸਟਰਡ ਪੱਤਰ ਲਿਖ ਕੇ ਮਿਲਣ ਦਾ ਸਮਾਂ ਮੰਗਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਇਹ ਵੀ ਫੈਸਲਾ ਕੀਤਾ ਗਿਆ ਕਿ ਜੇਕਰ ਡਾਇਰੈਕਟਰ ਨੇ ਖੁਦ ਮੀਟਿੰਗ ਦਾ ਲਿਖਤੀ ਸੱਦਾ ਪੱਤਰ ਨਹੀਂ ਭੇਜਿਆ ਤਾਂ ਲੇਖਕਾਂ ਦਾ ਇੱਕ ਵਫ਼ਦ ਇਸ ਅਧਿਕਾਰੀ ਨੂੰ ਉਸਦੇ ਦਫਤਰ ਵਿੱਚ ਮਿਲਣ ਲਈ ਜਾਏਗਾ। ਉਹਨਾਂ ਕਿਹਾ ਕਿ ਜੇਕਰ ਡਾਇਾਂਰੈਕਟਰ ਨੇ ਉਨ੍ਹਾਂ ਦੀਆਂ ਸ਼ਕਾਇਤਾਂ ਦੂਰ ਕਰਨ ਦਾ ਲਿਖਤੀ ਭਰੋਸਾ ਨਾਂ ਦਿੱਤਾ ਤਾਂ ਲੇਖਕ, ਰੇਡੀਓ ਸਟੇਸ਼ਨ ਦੇ ਮੁੱਖ ਗੇਟ ਅੱਗੇ ਰੋਸ ਧਰਨਾ ਦੇਣ ਤੋਂ ਇਲਾਵਾ ਪ੍ਰਸਾਰ ਭਾਰਤੀ ਦੇ



ਉੱਚ ਅਧਿਕਾਰੀਆਂ ਨੂੰ ਇਸ ਅਧਿਕਾਰੀ ਦੀ ਲਿਖਤੀ ਸ਼ਿਕਾਇਤ ਕਰਨ ਤੋਂ ਵੀ ਪਿਛੇ ਨਹੀਂ ਹਟਿਆ ਜਾਏਗਾ। ਮੀਟਿੰਗ ਦੌਰਾਨ ਸਮੂਹ ਲੇਖਕਾਂ ਵੱਲੋਂ ਡਾਇਰੈਕਟਰ ਅਕਾਸ਼ਵਾਣੀ ਦੇ ਵਤੀਰੇ, ਫੋਨ ਨਾ ਚੁੱਕਣਾ, ਕਥਿਤ ਵਿਤਕਰੇ ਅਧਾਰਿਤ ਕਾਰਜ ਸ਼ੈਲੀ ਆਦਿ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਵੀ ਕੀਤੀ ਗਈ। ਇਸ ਮੌਕੇ ਸੁਰਿੰਦਰਪ੍ਰੀਤ ਘਣੀਆਂ, ਪ੍ਰਧਾਨ, ਸਾਹਿਤ ਸਿਰਜਣਾ ਮੰਚ ,(ਰਜਿ.) ਬਠਿੰਡਾ, ਜਸਪਾਲ ਮਾਨਖੇੜਾ, ਪ੍ਰਧਾਨ ,ਪੰਜਾਬੀ ਸਾਹਿਤ ਸਭਾ (ਰਜਿ.) ਬਠਿੰਡਾ, ਸੁਖਦਰਸ਼ਨ ਗਰਗ, ਪ੍ਰਧਾਨ ,ਪੇਂਡੂ ਸਾਹਿਤ ਸਭਾ ਬਾਲਿਆਂ ਵਾਲੀ, ਕੁਲਦੀਪ ਬੰਗੀ, ਪ੍ਰਬੰਧਕ ,ਸਾਂਝਾ ਪਿਆਰ ਦੀਆਂ ਅੰਤਰਰਾਸ਼ਟਰੀ ਸਾਹਿਤਕ ਮੰਚ , ਅੰਮ੍ਰਿਤ ਕਲੇਰ ਜਨਰਲ ਸਕੱਤਰ, ਪੰਜਾਬੀ ਸਾਹਿਤ ਸਭਾ (ਰਜਿ.) ਭਗਤਾ ਭਾਈ ਤੋਂ ਇਲਾਵਾ ਟੀਚਰਜ਼ ਹੋਮ ਟਰੱਸਟ ਦੇ ਜਨਰਲ ਸਕੱਤਰ ਲਛਮਣ ਮਲੂਕਾ ਅਤੇ ਆਲੋਚਕ ਗੁਰਦੇਵ ਖੋਖਰ ਹਾਜ਼ਰ ਸਨ।

# ਕਿਉਂ ਅਤੇ ਕਿਵੇਂ ਰੱਖਿਆ ਜਾਵੇ ਬਗੀਚੀ ਦਾ ਰਿਕਾਰਡ?



ਮਨੁੱਖ ਨੇ ਕਾਰਜ ਕਿਸੇ ਵੀ ਵਿਸ਼ੇ ਦੇ ਸਬੰਧ ਵਿਚ ਕਰਨਾ ਹੋਵੇ, ਕੀ, ਕਦੋਂ, ਕਿੱਥੇ, ਕਿਵੇਂ, ਕੌਣ? ਆਦਿ ਵਰਗੇ ਅਨੇਕਾਂ ਸਵਾਲ ਉਸ ਨੂੰ ਸ਼ਸ਼ੋਪੰਜ ਵਿਚ ਪਾਉਂਦੇ ਹਨ। ਉਸ ਸ਼ਸ਼ੋਪੰਜ ਵਿਚੋਂ ਬਾਹਰ ਕੱਢਣ ਲਈ ਉਸ ਵਿਸ਼ੇ 'ਤੇ ਪਹਿਲਾਂ ਕੀਤਾ ਗਿਆ ਕਾਰਜ ਤੇ ਉਸ ਨਾਲ ਸਬੰਧਤ ਰਿਕਾਰਡ, ਸਾਨੂੰ ਸਹੀ ਦਿਸ਼ਾ ਪ੍ਰਦਾਨ ਕਰਦਾ ਹੈ। ਜਿਸ ਤਰ੍ਹਾਂ ਅਸੀਂ ਆਪਣਾ ਘਰ-ਕਾਰੋਬਾਰ, ਵਧੀਆ ਚਲਾਉਣ ਲਈ ਧਨ-ਰਾਸ਼ੀ ਦਾ ਰਿਕਾਰਡ ਰੱਖਦੇ ਹਾਂ, ਵਧਦੀ ਸੋਹਣੀ ਸਿਹਤ ਲਈ ਹਰ ਡਾਕਟਰੀ ਰਿਪੋਰਟ ਆਦਿ ਦਾ ਰਿਕਾਰਡ ਸੰਭਾਲਦੇ ਹਾਂ, ਬਿਲਕੁਲ ਉਸੇ ਤਰ੍ਹਾਂ ਹਰ ਪੱਖ ਤੋਂ ਸੰਪੂਰਨ ਬਗੀਚੀ ਲਈ ਉਸ ਦਾ ਰਿਕਾਰਡ ਰੱਖਣਾ ਜ਼ਰੂਰੀ ਹੁੰਦਾ ਹੈ, ਜਿਸ ਪ੍ਰਤੀ ਅਕਸਰ ਸਾਡਾ ਧਿਆਨ ਤੇ ਰੁਝਾਨ ਘੱਟ ਹੀ ਹੁੰਦਾ ਹੈ। ਬਗੀਚੀ ਦਾ ਰਿਕਾਰਡ ਕਈ ਪੱਖਾਂ ਦੇ ਮੱਦੇਨਜ਼ਰ ਰੱਖਿਆ ਜਾ ਸਕਦਾ ਹੁੰਦਾ ਹੈ। ਸਭ ਤੋਂ ਪਹਿਲਾਂ ਤਾਂ ਸਾਨੂੰ ਬਗੀਚੀ ਦੀ ਪੈਮਾਇਸ਼ ਯਾਨੀ ਨਕਸ਼ਾ ਆਪਣੇ ਕੋਲ ਰੱਖਣਾ ਚਾਹੀਦਾ ਹੈ। ਕਿਸੇ ਵੀ ਮਾਹਿਰ ਤੋਂ ਬਗੀਚੀ ਸਬੰਧੀ ਰਾਇ ਲੈਣੀ ਹੋਵੇ, ਘਾਹ ਦਾ ਅੰਦਾਜ਼ਾ ਲਾਉਣਾ ਹੋਵੇ, ਪੌਦਿਆਂ ਦੀ ਗਿਣਤੀ ਕੱਢਣੀ ਹੋਵੇ ਆਦਿ ਸਭ ਕੰਮਾਂ ਲਈ ਤੁਹਾਡੇ ਕੋਲ ਬਗੀਚੀ ਦਾ ਨਕਸ਼ਾ ਹੋਣਾ ਲਾਜ਼ਮੀ ਹੁੰਦਾ ਹੈ, ਉਹ ਚਾਹੇ ਖੁਦ ਨੇ ਤਿਆਰ ਕੀਤਾ ਹੋਵੇ ਜਾਂ ਫਿਰ ਕਿਸੇ ਲੈਂਡਸਕੇਪਰ ਤੋਂ ਕਿਉਂ ਨਾ ਤਿਆਰ ਕਰਵਾਇਆ ਹੋਵੇ। ਘਰ ਦੇ ਅੰਦਰ-ਬਾਹਰ ਰੱਖੇ ਗਮਲਿਆਂ ਦੀ ਗਿਣਤੀ ਅਤੇ ਉਨ੍ਹਾਂ ਦਾ ਸਾਇਜ਼ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਵੱਡੀਆਂ ਬਗੀਚੀਆਂ ਬਣਾਉਣ ਤੋਂ ਪਹਿਲਾਂ ਜਾਂ ਕੁਝ ਸਮਾਂ ਪਾ ਕੇ ਮਿੱਟੀ ਪਰਖ ਕਰਵਾਉਣੀ ਲਾਜ਼ਮੀ ਹੁੰਦੀ ਹੈ ਅਤੇ ਪਾਣੀ ਬਾਰੇ ਵੀ ਜਾਣਕਾਰੀ ਹੋਣੀ ਲਾਜ਼ਮੀ ਹੈ। ਲੈਬ ਵਿਚੋਂ ਮਿਲੀਆਂ ਰਿਪੋਰਟਾਂ ਵੀ ਤੁਹਾਡੀ ਬਗੀਚੀ ਦੇ ਰਿਕਾਰਡ ਵਿਚ ਲੱਗੀਆਂ ਹੋਣੀਆਂ ਲਾਜ਼ਮੀ ਹੁੰਦੀਆਂ ਹਨ। ਤੁਸੀਂ ਜਦ ਵੀ ਜੈਵਿਕ ਜਾਂ ਰਸਾਇਣਿਕ ਖਾਦ ਵਰਤਦੇ ਹੋ, ਉਸ ਦੀ ਮਾਤਰਾ, ਨਾਂਅ, ਸਮਾਂ ਆਦਿ ਸਭ ਨੋਟ ਕਰ ਲੈਣਾ ਚਾਹੀਦਾ ਹੈ। ਬਗੀਚੀ ਵਿਚ ਮੌਸਮੀ ਅਤੇ ਪੱਕੇ ਪੌਦੇ ਅਕਸਰ ਲਾਉਂਦੇ ਹਾਂ, ਉਨ੍ਹਾਂ ਦੇ ਬੀਜ ਬੀਜਣ, ਪੁੰਗਰਨ, ਸਹੀ ਸਥਾਨ 'ਤੇ ਲਾਉਣ ਦਾ ਸਮਾਂ ਜ਼ਰੂਰ ਰਿਕਾਰਡ ਵਿਚ ਰੱਖਿਆ ਜਾਵੇ ਤਾਂ ਆਉਣ ਵਾਲੇ ਸਾਲਾਂ ਵਿਚ ਕੰਮ ਸੁਖਾਲਾ ਹੋ ਜਾਂਦਾ ਹੈ। ਫੁੱਲ-ਪੌਦੇ ਲਾਉਣ ਤੋਂ ਬਾਅਦ ਉਨ੍ਹਾਂ ਦੇ ਖਿੜਨ ਜਾਂ ਫਲ ਪੈਣ ਦਾ ਸਮਾਂ ਵੀ ਸਾਨੂੰ ਪਤਾ ਹੋਣਾ ਚਾਹੀਦਾ ਹੈ। ਅਕਸਰ ਸਾਨੂੰ ਆਪਣੇ ਹੱਥੀਂ ਲਾਏ ਰੁੱਖ-ਪੌਦਿਆਂ ਦੇ ਲਾਉਣ ਦਾ ਸਮਾਂ ਭੁੱਲ ਜਾਂਦਾ ਹੈ ਤੇ ਜਦ ਕੋਈ ਮਹਿਮਾਨ ਸਾਲਾਂ ਬਾਅਦ ਪੌਦੇ ਦੀ ਉਮਰ ਪੁੱਛਦਾ ਹੈ ਤਾਂ ਅਸੀਂ ਅੰਦਾਜ਼ਾ ਹੀ ਲਾਉਂਦੇ ਹਾਂ। ਸਾਡੇ ਕੋਲ ਫੁੱਲਾਂ ਜਾਂ ਪੌਦਿਆਂ ਦੇ ਬੀਜ ਜਾਂ ਕਲਮਾਂ ਆਦਿ ਸਬੰਧੀ ਜਾਣਕਾਰੀ ਰਿਕਾਰਡ ਵਿਚ ਹੋਣੀ ਚਾਹੀਦੀ ਹੈ ਕਿ ਉਹ ਕਿੱਥੋਂ ਖਰੀਦੇ ਗਏ, ਨਰਸਰੀ, ਦੁਕਾਨ ਆਦਿ ਦਾ ਨਾਂਅ ਤੇ ਫੋਨ ਨੰਬਰ ਰਿਕਾਰਡ ਰਜਿਸਟਰ ਵਿਚ ਹੋਣਾ ਚਾਹੀਦਾ ਹੈ। ਬਜਟ ਯਾਨੀ ਖਰਚੇ ਦਾ ਹਿਸਾਬ ਬਹੁਤ ਲਾਜ਼ਮੀ ਹੁੰਦਾ ਹੈ। ਸਾਨੂੰ ਰਿਕਾਰਡ ਵਿਚ ਰੱਖਣਾ ਚਾਹੀਦਾ ਹੈ ਕਿ ਬੀਜ, ਖਾਦਾਂ, ਕੀੜੇਮਾਰ ਜਾਂ ਨਦੀਨਨਾਸ਼ਕ ਦਵਾਈਆਂ, ਸੰਦ, ਲੇਬਰ ਆਦਿ ਉੱਪਰ ਕਿੰਨਾ ਖਰਚਾ ਆਇਆ। ਬਗੀਚੀ ਵਿਚ ਕਈ ਵਾਰ ਕਿਸੇ ਖਾਸ ਕਿਸਮ ਦੇ ਕੀੜੇ ਆਦਿ ਦਾ ਹਮਲਾ ਜਾਂ ਬਿਮਾਰੀ ਜਾਂ ਫਿਰ ਘਾਟ ਆ ਜਾਂਦੀ ਹੈ। ਉਸ ਦੇ ਸਬੰਧ ਵਿਚ ਵਰਤੀਆਂ ਗਈਆਂ ਦਵਾਈਆਂ ਆਦਿ ਦੀ ਮਾਤਰਾ ਤੇ ਉਨ੍ਹਾਂ ਦਾ ਨਾਂਅ ਆਪਣੇ ਰਿਕਾਰਡ ਵਿਚ ਜ਼ਰੂਰ ਸ਼ਾਮਿਲ ਕਰੋ। ਕਈ ਸ਼ੌਕੀਨ ਸੱਜਣ ਤਾਂ ਖੇਤੀ ਵਿਗਿਆਨੀਆਂ ਵਾਂਗ ਆਪਣੇ ਕੋਲ ਰੱਖੇ ਹੋਏ ਰਿਕਾਰਡ ਦੇ ਆਧਾਰ 'ਤੇ ਪ੍ਰਯੋਗ ਕਰਦੇ ਰਹਿੰਦੇ ਹਨ। ਜਿਵੇਂ ਕਿ ਕਿਹੜੀ ਕੰਪਨੀ ਦਾ ਬੀਜ ਜ਼ਿਆਦਾ ਵਧੀਆ ਨਿਕਲਿਆ, ਕਿਹੜੀ ਕਿਸਮ ਦੇ ਫੁੱਲ ਜ਼ਿਆਦਾ ਸਮਾਂ ਖਿੜੇ, ਕਿਹੜੇ ਰੁੱਖ ਨੂੰ ਫਲ ਜ਼ਿਆਦਾ ਪੈਂਦਾ ਹੈ ਤੇ ਉਸ ਦੀ ਕਿਸਮ ਕਿਹੜੀ ਹੈ? ਕਿਹੜੀ ਦਵਾਈ ਕਿਸੇ ਮੁਸ਼ਕਿਲ ਨੂੰ ਹੱਲ ਕਰਨ ਵਿਚ ਜਲਦ ਸਹਾਈ ਹੋਈ। ਇਸ ਤਰ੍ਹਾਂ ਕਰਨ ਨਾਲ ਨਤੀਜੇ ਤਾਂ ਬਿਹਤਰ ਆਉਂਦੇ ਹਨ, ਸਗੋਂ ਸਾਡੀ ਬਗੀਚੀ ਦੀ ਨਾਲ ਸਾਂਝ ਵਧਦੀ ਹੈ। ਘਰ ਵਿਚ ਵੱਡੇ ਬਜ਼ੁਰਗ ਜਾਂ ਬੱਚੇ ਜਾਂ ਕਿਸੇ ਖਾਸ ਸ਼ਖ਼ਸੀਅਤ ਦੁਆਰਾ ਲਾਏ ਗਏ ਪੌਦੇ ਦਾ ਰਿਕਾਰਡ ਸਾਲਾਂ ਬਾਅਦ ਵੇਖਣ 'ਤੇ ਤੁਹਾਨੂੰ ਵੱਖਰੇ ਕਿਸਮ ਦਾ ਆਨੰਦ ਤਾਂ ਦਿੰਦਾ ਹੀ ਹੈ, ਨਾਲ ਹੀ ਨਾਲ ਤੁਸੀਂ ਕਿਸੇ ਹੋਰ ਨੂੰ ਵੀ ਸਲਾਹ ਦੇ ਸਕਦੇ ਹੁੰਦੇ ਹੋ। ਰਿਕਾਰਡ ਸਿਰਫ਼ ਸਜਾਵਟੀ ਫੁੱਲ ਪੌਦਿਆਂ ਦਾ ਰੱਖਣਾ ਹੀ ਜ਼ਰੂਰੀ ਨਹੀਂ ਹੁੰਦਾ, ਬਲਕਿ ਸਬਜ਼ੀਆਂ ਆਦਿ ਲਈ ਹੋਰ ਵੀ ਲਾਜ਼ਮੀ ਹੁੰਦਾ ਹੈ। ਕੁਝ ਪੌਦਿਆਂ, ਫ਼ਸਲਾਂ ਲਈ ਤਾਂ ਪਾਣੀ ਲਾਉਣ ਸਬੰਧੀ ਵੀ ਜਾਣਕਾਰੀ ਨੋਟ ਕੀਤੀ ਜਾਂਦੀ ਹੈ।

ਹੁਣ ਅਹਿਮ ਸਵਾਲ ਇਹ ਸਾਹਮਣੇ ਆਉਂਦਾ ਹੈ ਕਿ ਰਿਕਾਰਡ ਰੱਖਿਆ ਕਿਵੇਂ ਜਾਵੇ? ਸਭ ਤੋਂ ਸੌਖਾ ਤਰੀਕਾ ਤਾਂ ਇਹ ਹੁੰਦਾ ਹੈ ਕਿ ਤੁਸੀਂ ਕੈਲੰਡਰ ਉਹ ਲੈ ਕੇ ਆਓ, ਜਿਸ ਵਿਚ ਵੱਡੇ-ਵੱਡੇ ਖਾਨੇ ਬਣੇ ਹੋਣ। ਮਿਤੀ ਦੇ ਅਨੁਸਾਰ ਕੀਤਾ ਗਿਆ ਖਾਸ ਕਾਰਜ ਉਥੇ ਲਿਖਿਆ ਜਾ ਸਕਦਾ ਹੁੰਦਾ ਹੈ ਤੇ ਆਉਣ ਵਾਲੇ ਸਮੇਂ ਦੀ ਵਿਉਂਤਬੰਦੀ ਕਰਕੇ ਹਫ਼ਤੇ, ਮਹੀਨੇ ਜਾਂ ਪੂਰੀ ਰੁੱਤ ਵਿਚ ਕੀਤੇ ਜਾਣ ਵਾਲੇ ਕਾਰਜਾਂ ਦੀ ਯੋਜਨਾਬੰਦੀ ਕੀਤੀ ਜਾ ਸਕਦੀ ਹੁੰਦੀ ਹੈ। ਅੱਜ ਮੋਬਾਈਲ, ਇੰਟਰਨੈੱਟ ਦਾ ਯੁੱਗ ਹੈ। ਹਰ ਹੱਥ ਕੈਮਰੇ ਵਾਲਾ ਮੋਬਾਈਲ ਵੇਖਣ ਨੂੰ ਮਿਲਦਾ ਹੈ। ਤੁਸੀਂ ਆਪਣੀ ਬਗੀਚੀ ਦੀ ਹਰ ਕਿਸਮ ਜਾਣਕਾਰੀ ਨੂੰ ਤਸਵੀਰ ਦੇ ਰੂਪ ਵਿਚ ਕੈਦ ਕਰ ਸਕਦੇ ਹੋ। ਫੁੱਲ, ਫਲਾਂ, ਬਿਮਾਰੀਆਂ ਆਦਿ ਸਬੰਧੀ ਹਰ ਪਲ ਨੂੰ ਕੈਮਰੇ 'ਚ ਕੈਦ ਕਰਕੇ ਤੁਸੀਂ ਬਾਅਦ ਵਿਚ ਆਪਣੇ ਲੈਪਟਾਪ/ਕੰਪਿਊਟਰ ਵਿਚ ਰੱਖ ਸਕਦੇ ਹੋ। ਬਗੀਚੀ ਦੀ ਵੀਡੀਓ ਬਣਾ ਕੇ ਵੀ ਰਿਕਾਰਡ ਦੇ ਰੂਪ ਵਿਚ ਸਾਂਭੀ ਜਾ ਸਕਦੀ ਹੈ। ਇਨ੍ਹਾਂ ਅਨੇਕਾਂ ਯੰਤਰਾਂ ਤੋਂ ਇਲਾਵਾ ਰਜਿਸਟਰ ਵੀ ਰਿਕਾਰਡ ਸਾਂਭਣ ਲਈ ਵਧੀਆ ਤਰੀਕਾ ਹੈ। ਕਿਉਂਕਿ ਹੱਥੀਂ ਲਿਖਣ ਨਾਲ ਹਰ ਗੱਲ ਦਿਮਾਗ ਵਿਚ ਪੂਰੀ ਫਿਟ ਹੋ ਜਾਂਦੀ ਹੈ। ਕੁਝ ਸੱਜਣ ਤਾਂ ਬਗੀਚੀਆਂ ਵਿਚ ਮਿੱਟੀ-ਪਾਣੀ, ਫੁੱਲ-ਬੂਟਿਆਂ, ਖਾਦਾਂ, ਦਵਾਈਆਂ ਤੋਂ ਇਲਾਵਾ ਬਗੀਚੀਆਂ ਵਿਚ ਆਏ ਮਹਿਮਾਨ ਪੰਛੀਆਂ, ਤਿਤਲੀਆਂ, ਮਿੱਤਰ ਕੀੜਿਆਂ, ਜੀਵ-ਜੰਤੂਆਂ ਆਦਿ ਦਾ ਰਿਕਾਰਡ ਵੀ ਸੰਭਾਲਦੇ ਹਨ ਅਤੇ ਫੁਰਸਤ ਦੇ ਪਲਾਂ ਦੌਰਾਨ ਘਰ ਦੇ ਮੈਂਬਰਾਂ, ਬੱਚਿਆਂ ਅਤੇ ਹੋਰ ਸ਼ੌਕੀਨ ਸੱਜਣਾਂ ਨਾਲ ਸਾਂਝਾ ਕਰਦੇ ਹਨ।

ਕੁੱਲ ਮਿਲਾ ਕੇ ਬਗੀਚੀ ਦਾ ਰਿਕਾਰਡ ਸੰਭਾਲਣਾ ਇਕ ਚੰਗਾ ਸ਼ੌਕ ਅਤੇ ਲਾਭਕਾਰੀ ਕਾਰਜ ਹੈ, ਜੋ ਸਾਡੀਆਂ ਭਵਿੱਖ ਦੀਆਂ ਯੋਜਨਾਵਾਂ ਤੇ ਬਗੀਚੀਆਂ ਨੂੰ ਚਾਰ ਚੰਨ ਲਾ ਦਿੰਦਾ ਹੈ। ਰਿਕਾਰਡ ਰੱਖਣਾ ਲਾਜ਼ਮੀ ਹੁੰਦਾ ਹੈ, ਰੱਖਿਆ ਭਾਵੇਂ ਫ਼ੋਨ, ਕੰਪਿਊਟਰ, ਕਾਪੀ, ਰਜਿਸਟਰ ਜਾਂ ਦਿਲ-ਦਿਮਾਗ ਵਿਚ ਹੀ ਕਿਉਂ ਨਾ ਹੋਵੇ।

# ਕੀ ਹੈ ਸਾਂਦਲ ਬਾਰ ਦਾ ਇਤਿਹਾਸ



ਸਾਂਦਲ ਮਾਜੀ ਦਾ ਇਕ ਅਜਿਹਾ ਕਿਰਦਾਰ ਹੈ, ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਦੇ ਬਾਰੇ ਵੱਖ-ਵੱਖ ਰਵਾਇਤਾਂ ਮੌਜੂਦ ਹਨ, ਕੁਝ ਜ਼ਬਾਨੀ ਲੋਕਾਂ ਤੋਂ ਪਤਾ ਲੱਗੀਆਂ ਤੇ ਕਈਆਂ ਦੀ ਤਾਰੀਖੀ ਤੌਰ 'ਤੇ ਵੱਖ-ਵੱਖ ਖੋਜਕਾਰਾਂ ਨੇ ਖੋਜ ਕੀਤੀ। ਸਾਂਦਲ ਕੀ ਹੈ? ਸਾਂਦਲ ਕੌਣ ਹਨ? ਸਾਂਦਲ ਕਿਥੇ ਹੈ? ਇਸ ਦੇ ਬਾਰੇ ਮੈਂ ਵਿਚਾਰ ਸਾਂਝੇ ਕਰ ਰਿਹਾ ਹਾਂ, ਕਿ ਸਾਂਦਲ ਅਸਲ 'ਚ ਕੀ ਹੈ? ਤੇ ਕਿਹੜੀ ਜਗ੍ਹਾ ਨੂੰ ਕਹਿੰਦੇ ਹਨ? ਇਸ ਦੇ ਬਾਰੇ ਜੋ ਬਹੁਤ ਸਾਰੇ ਖੋਜਕਾਰਾਂ ਨੇ ਆਪਣੀ ਖੋਜ ਕੀਤੀ ਹੈ, ਉਸ ਨੂੰ ਵੀ ਸਾਹਮਣੇ ਰੱਖਿਆ ਜਾਵੇਗਾ। ਕੁਝ ਸਾਡੇ ਸਾਂਦਲ ਬਾਰ ਦੇ ਪੁਰਾਣੇ ਵਸਨੀਕਾਂ ਦੀਆਂ ਜ਼ਬਾਨੀ ਗੱਲਾਂ ਦਾ ਜ਼ਿਕਰ ਵੀ ਹੋਵੇਗਾ, ਜੋ ਉਹ ਪੀੜ੍ਹੀ-ਦਰ-ਪੀੜ੍ਹੀ ਆਪਣੇ ਬਜ਼ੁਰਗਾਂ ਤੋਂ ਸੁਣਦੇ ਆ ਰਹੇ ਹਨ। ਇਸ ਬਾਰੇ ਅਸੀਂ ਵਿਸਥਾਰ ਸਹਿਤ ਚਰਚਾ ਕਰ ਰਹੇ ਹਾਂ।

**ਬਿਜਲੀ ਖਾਂ ਉਰਫ਼ ਸਾਂਦਲ**

ਬਿਜਲੀ ਖਾਂ ਦੁੱਲੇ ਭੱਟੀ ਦਾ ਦਾਦਾ ਸੀ ਤੇ ਲੋਕਾਂ 'ਚ ਸਾਂਦਲ ਦੇ ਨਾਂਅ ਨਾਲ ਮਸ਼ਹੂਰ ਸੀ। ਜਿਹੜਾ ਪਿੰਡੀ ਭੱਟੀਆਂ ਤੋਂ ਉਸਦੇ ਆਲੇ-ਦੁਆਲੇ ਜਿਹੜਾ ਇਲਾਕਾ ਸੀ, ਉਥੇ ਬਿਜਲੀ ਖਾਂ ਦੀ ਚੌਧਰ ਸੀ। ਇਸੇ ਵਾਸਤੇ ਇਸ ਨੂੰ ਸਾਂਦਲ ਦੀ ਬਾਰ ਜਾਂ ਸਾਂਦਲ ਬਾਰ ਦਾ ਨਾਂਅ ਦਿੱਤਾ ਗਿਆ ਕਿਉਂਕਿ ਉਸਦੀ ਸਾਂਦਲ ਦੇ ਨਾਂਅ 'ਤੇ ਪਹਿਚਾਣ ਸੀ। ਪਰ ਇਸ ਬਾਰੇ ਕੋਈ ਪੱਕੀ ਗੱਲ ਨਹੀਂ ਪਤਾ ਲਗਦੀ ਤੇ ਕੁਝ ਲੋਕਾਂ ਨੇ ਇਸ ਨੂੰ ਆਪਣੀਆਂ ਗੱਲਾਂ ਤੇ ਕਹਾਣੀਆਂ 'ਚ ਮਿਰਚ-ਮਸਾਲੇ ਲਾ ਕੇ ਅੱਗੇ ਤੋਰਿਆ, ਜਿਹੜੀਆਂ ਕਿ ਵੱਖ-ਵੱਖ ਖੋਜਕਾਰਾਂ ਰਾਹੀਂ ਪਤਾ ਲੱਗੀਆਂ। ਤੁਸੀਂ ਇਸ ਗੱਲ ਦਾ ਅੰਦਾਜ਼ਾ ਇਸ ਤੋਂ ਲਗਾ ਸਕਦੇ ਹੋ ਕਿ ਦੁੱਲਾ ਭੱਟੀ ਸਾਡੇ ਪੰਜਾਬ ਦਾ ਬਹੁਤ ਵੱਡਾ ਤੇ ਗ਼ੈਰਤਮੰਦ ਕਿਰਦਾਰ ਸੀ। ਉਸਦੇ ਦਾਦੇ ਦੇ ਨਾਂਅ 'ਚ ਇਕ ਲਫਜ਼ ਦਾ ਵਾਧਾ ਕੀਤਾ ਗਿਆ ਤੇ ਇਸ ਕਰਕੇ ਵੀ ਲੋਕੀਂ ਦੁੱਲੇ ਭੱਟੀ ਦੇ ਦਾਦੇ ਦੀ ਵਜ੍ਹਾ ਕਰਕੇ ਇਸ ਨੂੰ ਸਾਂਦਲ ਦੀ ਬਾਰ ਕਹਿੰਦੇ ਹਨ।

ਬਿਜਲੀ ਖਾਂ ਉਰਫ ਸਾਂਦਲ ਤੇ ਉਸਦੇ ਬੇਟੇ ਫਰੀਦ, ਕਿਹੜਾ ਕਿ ਦੁੱਲੇ ਭੱਟੀ ਦਾ ਪਿਉ ਸੀ, ਨੂੰ ਮੁਗ਼ਲਾਂ ਨੇ ਦਿੱਲੀ ਦਰਵਾਜ਼ੇ ਲਾਹੌਰ ਬਾਹਰ ਬਗ਼ਾਵਤ ਦੇ ਇਲਜ਼ਾਮ 'ਚ ਫਾਂਸੀ ਦੇ ਦਿੱਤੀ ਸੀ। ਪੰਜਾਬ ਦੀ ਇਹ ਰਵਾਇਤ ਜ਼ਿਆਦਾ ਮਸ਼ਹੂਰ ਹੈ ਤੇ ਕਈ ਲੋਕਾਂ ਨੇ ਇਸ ਰਵਾਇਤ ਨੂੰ ਨਕਲ ਵੀ ਕੀਤਾ। ਜਿਹੜੀ ਪੱਕੀ ਤੇ ਢੁਕਵੀਂ ਖੋਜ ਹੈ, ਉਸਦੇ ਮੁਤਾਬਿਕ ਸਾਂਦਲ ਦਾ ਨਾਂਅ ਬਿਜਲੀ ਖਾਂ ਦੇ ਨਾਂਅ ਨਾਲ ਨਹੀਂ ਜੁੜਦਾ। ਉਸਦੀ ਵਜ੍ਹਾ ਇਹ ਹੈ ਕਿ ਬਿਜਲੀ ਖਾਂ ਤੋਂ ਪਹਿਲਾਂ ਵੀ ਇਸ ਖਿੱਤੇ 'ਚ ਸਾਂਦਲ ਦਾ ਨਾਂਅ ਮਸ਼ਹੂਰ ਸੀ। ਉਹ ਕੌਣ ਸੀ? ਅਸੀਂ ਉਸ ਦੇ ਬਾਰੇ ਵੀ ਜਾਣਕਾਰੀ ਦੇਵਾਂਗੇ।

**ਸਾਂਦਲ , ਸਾਂਗਲ ਤੇ ਸਾਰੂ**

ਬਹੁਤ ਸਾਰੀਆਂ ਰਵਾਇਤਾਂ ਅਨੁਸਾਰ ਸਾਂਦਲ , ਸਾਂਗਲ ਤੇ ਸਾਰੂ ਤਿੰਨ ਭਰਾ ਸਨ। ਸਾਂਦਲ ਇਕ ਮਸ਼ਹੂਰ ਡਾਕੂ ਸੀ, ਜਿਸਦਾ ਟਿਕਾਣਾ ਸ਼ਾਹਕੋਟ ਜ਼ਿਲ੍ਹਾ ਨਨਕਾਣਾ ਸਾਹਿਬ ਦੀਆਂ ਪਹਾੜੀਆਂ 'ਤੇ ਸੀ। ਦੂਜਾ ਭਰਾ ਸਾਂਗਲ ਅੱਜ ਦੇ ਮੌਜੂਦਾ ਸ਼ਹਿਰ ਸਾਂਗਲਾ ਹਿਲ 'ਚ ਰਹਿੰਦਾ ਸੀ। ਉਸ ਦੀ ਵਜ੍ਹਾ ਕਰਕੇ ਹੀ ਉਸ ਸ਼ਹਿਰ ਦਾ ਨਾਂਅ ਸਾਂਗਲਾ ਪਿਆ। ਤੀਜਾ ਭਰਾ ਸਾਰੂ ਮੌਜੂਦਾ ਲਾਇਲਪੁਰ ਦੀ ਜਗ੍ਹਾ 'ਤੇ ਰਹਿ ਰਿਹਾ ਸੀ। ਸਾਰੂ ਦੀ ਵਜ੍ਹਾ ਕਾਰਨ ਹੀ ਉਸਦੇ ਇਰਦ-ਗਿਰਦ ਕਈ ਪਿੰਡਾਂ ਦੇ ਨਾਂਅ ਸਾਰੋ ਕੀ ਪਏ। ਸ਼ੇਖੂਪੁਰੇ ਜ਼ਿਲ੍ਹੇ 'ਚ ਵੀ ਸਾਰੋ ਕੀ ਨਾਂਅ ਦੇ ਕਈ ਪਿੰਡ ਮੌਜੂਦ ਹਨ। ਸਾਂਦਲ ਦੇ ਬਾਰੇ ਤਾਂ ਕੁਝ ਪਤਾ ਲੱਗਦਾ ਹੈ ਪਰ ਦੂਜੇ ਭਰਾਵਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਕਿ ਉਹ ਕਿਥੇ ਤੁਰ ਗਏ, ਤੇ ਕਦੋਂ ਮਰੇ ਪਰ ਸਾਂਦਲ ਬਾਰੇ ਬਹੁਤ ਸਾਰੀਆਂ ਰਵਾਇਤਾਂ 'ਚ ਪਤਾ ਲਗਦਾ ਹੈ ਕਿ ਸਾਂਦਲ ਨੂੰ ਡੱਚ ਕੌਮ ਨੇ ਇਕ ਲੜਾਈ ਦੌਰਾਨ ਮਾਰਿਆ ਸੀ। ਦੂਜੀ ਰਵਾਇਤ ਅਨੁਸਾਰ ਸਾਂਦਲ ਨੂੰ ਇਕ ਨਾਈ ਨੇ ਉਦੋਂ ਮਾਰਿਆ ਜਦੋਂ ਇਹ ਗੂੜ੍ਹੀ ਨੀਂਦੇ ਸੁੱਤਾ ਪਿਆ ਸੀ। ਜਦੋਂ ਇਨ੍ਹਾਂ ਗੱਲਾਂ ਦੇ ਆਧਾਰ 'ਤੇ ਇਨ੍ਹਾਂ ਦੇ ਸਮੇਂ ਦੀ ਭਾਲ ਕਰੀਏ ਤਾਂ ਉਹ ਸਿਕੰਦਰ-ਏ-ਆਜ਼ਮ ਤੋਂ ਪਹਿਲਾਂ ਦਾ ਮਿਲਦਾ ਹੈ ਕਿਉਂਕਿ ਸਾਂਗਲੇ ਦੇ ਕਰੀਬ ਸਿਕੰਦਰ ਦੀ ਇਕ ਬੜੀ ਵੱਡੀ ਲੜਾਈ ਖਤਾਈ ਨਸਲ ਦੇ ਲੋਕਾਂ ਨਾਲ ਹੋਈ ਸੀ। ਇਸ ਲੜਾਈ 'ਚ ਸਿਕੰਦਰ ਨੂੰ ਬਹੁਤ ਨੁਕਸਾਨ ਝੱਲਣਾ ਪਿਆ ਸੀ। ਦੂਜਾ ਵੱਡਾ ਸਬੂਤ ਜਿਹੜਾ ਸਾਂਦਲ ਬਾਰੇ ਸਿਕੰਦਰ ਤੋਂ ਪਹਿਲਾਂ ਦਾ ਮਿਲਦਾ ਹੈ, ਉਸ ਅਨੁਸਾਰ ਸਾਂਗਲੇ ਤੋਂ ਬਾਅਦ ਸ਼ਾਹਕੋਟ ਜ਼ਿਲ੍ਹਾ ਨਨਕਾਣਾ ਸਾਹਿਬ ਦਾ ਇਕ ਸ਼ਹਿਰ ਹੈ, ਜਿਥੇ ਵੀਰੂ ਰਸਲ ਨਾਂਅ ਦਾ ਇਕ ਹਿੰਦੂ ਨੌਜਵਾਨ ਪੰਜਾਬ ਦੀ ਗ਼ੈਰਤ ਦਾ ਨਿਸ਼ਾਨ ਬਣ ਕੇ ਸਿਕੰਦਰ ਸਾਹਮਣੇ ਖਲੋ ਗਿਆ ਸੀ। ਇਥੋਂ ਇਹ ਪਤਾ ਲਗਦਾ ਹੈ ਕਿ ਸਾਂਦਲ ਦਾ ਤਾਲੁਕ ਜਾਂ ਸਾਂਦਲ ਦਾ ਵੇਲਾ ਸਿਕੰਦਰ ਤੋਂ ਪਹਿਲਾਂ ਦਾ ਹੈ ਤੇ ਸਾਂਗਲਾ ਉਸਦੀ ਇਕ ਬੜੀ ਮਜ਼ਬੂਤ ਨੀਂਹ ਹੈ। ਖਤਾਈ ਤੇ ਕਾਠੀਆ ਤਕਰੀਬਨ ਇਕੋ ਨਸਲ ਦੇ ਲੋਕ ਸਨ, ਇਹ ਆਪਣੇ ਬੜੇ ਸੋਹਣੇ ਸੱਭਿਆਚਾਰ ਕਰਕੇ ਬੜੇ ਮਸ਼ਹੂਰ ਸਨ । ਇਹ ਫਿਰ ਸਾਂਗਲੇ ਤੋਂ ਰਾਵੀ ਵੱਲ ਕੂਚ ਕਰ ਗਏ।

ਜਿਹੜੇ ਸਾਂਦਲ ਬਾਰ ਦੇ ਵਸਨੀਕ ਹਨ, ਉਹ ਸਾਂਦਲ ਨੂੰ ਇਕ ਡਾਕੂ ਸਰਦਾਰ ਮੰਨਦੇ ਹਨ। ਇਹ ਬੜਾ ਬਹਾਦਰ, ਨਿਡਰ ਤੇ ਤਾਕਤਵਰ ਸੀ। ਪੂਰਾ ਇਲਾਕਾ ਇਸ ਦੇ ਨਾਂਅ ਤੋਂ ਡਰਦਾ ਸੀ। ਇਕ ਵਾਰ ਸਾਂਦਲ ਨੇ ਇਥੋਂ ਦੇ ਰਾਜਪੂਤਾਂ ਤੋਂ ਇਕ ਕੁੜੀ ਦਾ ਰਿਸ਼ਤਾ ਮੰਗਿਆ। ਰਾਜਪੂਤ ਰਾਜ਼ੀ ਨਾ ਹੋਏ ਪਰ ਉਨ੍ਹਾਂ 'ਚ ਇਨਕਾਰ ਕਰਨ ਦੀ ਜ਼ੁਰਅਤ ਵੀ ਨਹੀਂ ਸੀ। ਕਿਉਂਕਿ ਇਨਕਾਰ ਦਾ ਮਤਲਬ ਸਾਂਦਲ ਦੀ ਗ਼ੈਰਤ ਨੂੰ ਲਲਕਾਰਨਾ ਸੀ। ਇਸ ਲਈ ਉਹ ਚੁੱਪ ਕਰ ਗਏ ਤੇ ਹੌਲੀ ਜਿਹੀ ਹਾਂ ਕਰ ਦਿੱਤੀ ਪਰ ਨਾਲ ਹੀ ਉਨ੍ਹਾਂ ਸਾਂਦਲ ਕੋਲੋਂ ਇਕ ਵਾਅਦਾ ਵੀ ਲੈ ਲਿਆ ਕਿ ਉਹ ਜਦੋਂ ਇਕ ਸਾਲ ਬਾਅਦ ਜੰਞ ਲੈ ਕੇ ਢੁੱਕੇਗਾ ਤਾਂ ਉਦੋਂ ਸਾਂਦਲ ਦੇ ਨਾਲ ਉਸ ਦੀ ਕੌਮ ਦੇ ਪੂਰੇ ਮਰਦ, ਔਰਤਾਂ ਤੇ ਬੱਚੇ ਹੋਣੇ ਚਾਹੀਦੇ ਹਨ। ਕਿਉਂਕਿ ਸਾਡੀ ਰਵਾਇਤ ਦੇ ਮੁਤਾਬਿਕ ਅਸੀਂ ਸਾਰਿਆਂ ਨੂੰ ਜੀ ਆਇਆਂ ਆਖਣਾ ਹੈ। ਜਦੋਂ ਸਾਲ ਗੁਜ਼ਰ ਗਿਆ ਤਾਂ ਸਾਂਦਲ ਜੰਞ ਲੈ ਕੇ ਪਹੁੰਚ ਗਿਆ ਰਾਜਪੂਤਾਂ ਨੇ ਜਿਸ ਜਗ੍ਹਾ 'ਤੇ ਸਾਂਦਲ ਦੀ ਜੰਞ ਬਿਠਾਉਣੀ ਸੀ, ਉਥੇ ਮੋਟੀ ਸੁੱਕੀ ਤਹਿਦਾਰ ਘਾਹ ਵਿਛਾ ਦਿੱਤੀ ਤੇ ਘਾਹ ਦੇ ਹੇਠਾਂ ਸੁੱਕੀਆਂ ਲੱਕੜਾਂ ਰੱਖ ਦਿੱਤੀਆਂ। ਮਰਦਾਂ ਨੂੰ ਉਸ ਪਾਸੇ ਬਿਠਾ ਦਿੱਤਾ ਗਿਆ ਤੇ ਔਰਤਾਂ ਵਾਸਤੇ ਵੱਖਰਾ ਇੰਤਜ਼ਾਮ ਕਰ ਦਿੱਤਾ ਗਿਆ। ਜਦੋਂ ਸਭ ਉਸ ਘਾਹ 'ਤੇ ਬੈਠ ਗਏ ਤਾਂ ਰਾਜਪੂਤਾਂ ਦੇ ਜਵਾਨਾਂ ਨੇ ਪੂਰੀ ਤਰ੍ਹਾਂ ਉਨ੍ਹਾਂ ਨੂੰ ਘੇਰਾ ਪਾ ਲਿਆ। ਨਿਕਲਣ ਵਾਲੇ ਰਸਤਿਆਂ 'ਤੇ ਉਨ੍ਹਾਂ ਆਪਣੇ ਜੰਗਜੂ ਖੜ੍ਹੇ ਕਰ ਦਿੱਤੇ। ਫਿਰ ਇਕ ਰਾਜਪੂਤ ਨੇ ਸੁੱਕੀ ਘਾਹ ਤੇ ਬਾਲਣ ਨੂੰ ਅੱਗ ਲਾ ਦਿੱਤੀ। ਕਈ ਤਾਂ ਅੱਗ ਦੇ ਭਾਂਬੜਾਂ 'ਚ ਸੜ ਗਏ ਤੇ ਜਿਹੜੇ ਉਥੋਂ ਭੱਜਣ ਦੀ ਕੋਸ਼ਿਸ਼ ਕਰਨ, ਉਨ੍ਹਾਂ ਨੂੰ ਜੰਗਜੂ ਡੰਡੇ ਮਾਰ-ਮਾਰ ਕੇ ਪਿੱਛੇ ਸੁੱਟ ਦਿੰਦੇ ਸਨ। ਇਸ ਤਰ੍ਹਾਂ ਸਾਂਦਲ ਤੇ ਉਸ ਦੇ ਸਾਰੇ ਜਾਂਞੀ ਮਾਰੇ ਗਏ। ਇਹ ਜਗ੍ਹਾ ਅੱਜ ਵੀ ਤਹਿਸੀਲ ਤਾਂਦਲਿਆਂ ਵਾਲਾ ਜ਼ਿਲ੍ਹਾ ਲਾਇਲਪੁਰ ਵਿਚ ਇਕ ਖੱਡੇ ਦੀ ਸ਼ਕਲ 'ਚ ਮੌਜੂਦ ਹੈ। ਇਸ ਤੋਂ ਬਾਅਦ ਰਾਜਪੂਤਾਂ ਨੇ ਸਾਂਦਲ ਨਾਲ ਆਈਆਂ ਔਰਤਾਂ ਨਾਲ ਵਿਆਹ ਕਰਾ ਲਏ। ਇਸ ਤਰ੍ਹਾਂ ਬੜੇ ਚੰਗੇ ਤਰੀਕੇ ਨਾਲ ਸਾਂਦਲ ਨੂੰ ਕਾਬੂ ਕੀਤਾ। ਇਲਾਕੇ ਦੇ ਜਿਹੜੇ ਦੂਜੇ ਰਾਜਪੂਤ ਸਨ, ਉਹ ਆਪਣੇ-ਆਪ ਨੂੰ ਇਨ੍ਹਾਂ ਤੋਂ ਵੀ ਵੱਡੇ ਸਮਝਦੇ ਸਨ, ਜਿਸ ਕਾਰਨ ਇਕ ਹੋਰ ਨਸਲ ਪੈਦਾ ਹੋ ਗਈ। ਸਾਂਦਲ ਦੀ ਜਾਤ ਦ੍ਰਾਵਿੜ ਕੌਮ ਦੀ ਇਕ ਗੋਤ ਨਾਲ ਸਬੰਧਤ ਹੈ। ਪਰ ਆਰੀਆਈ ਕੌਮ ਵੱਲੋਂ ਇਸ ਨੂੰ ਨਫਰਤ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ ਇਸ ਕੌਮ ਦੀਆਂ ਦੂਜੀਆਂ ਗੋਤਾਂ ਦੇ ਨਾਂਅ ਲਗਭਗ ਮਿਟ ਹੀ ਗਏ। ਇਹ ਸਾਰੀਆਂ ਆਰਿਆਈ ਕੌਮ ਦੀਆਂ ਪੈਦਾ ਕੀਤੀਆਂ ਦਰਜ਼ਾਬੰਦੀਆਂ ਹੀ ਸਨ। ਜ਼ਿਲ੍ਹਾ ਲਾਇਲਪੁਰ ਦੇ ਜੁਗਰਾਫੀਏ 'ਚ ਇਸ ਸਾਂਦਲ ਦੀ ਰਵਾਇਤ ਨੂੰ ਮੰਨਿਆ ਗਿਆ ਹੈ। ਉਸਦੇ ਸਫਾ ਨੰ: 7 'ਤੇ ਲਿਖਿਆ ਹੈ ਕਿ ਇਸ ਜੰਗਲ ਦਾ ਨਾਂਅ ਇਕ ਮਸ਼ਹੂਰ ਡਾਕੂ ਸਾਂਦਲ ਦੇ ਨਾਂਅ 'ਤੇ ਰੱਖਿਆ ਗਿਆ ਹੈ ਜੋ ਜੰਗਲ ਦੇ ਉਸ ਇਲਾਕੇ ਦਾ ਸਰਦਾਰ ਸੀ।



**ਲਿਪੀਅੰਤਰ : ਰਾਜਵਿੰਦਰ ਸਿੰਘ ਸਿੱਧੂ**

# ਧੁੱਪ ਦੀਆਂ ਕਣੀਆਂ

ਧੁੱਪ, ਧੁੱਪੀਲੇ ਪਹਿਰਾਂ ਦੀ ਜਨਮਦਾਤੀ, ਸੱਤਰੰਗੀ ਦੀ ਜਣਨਹਾਰੀ, ਜੀਵਨ-ਧੜਕਣ ਦਾ ਨਾਂਅ ਅਤੇ ਪੀਲੱਤਣ ਦੇ ਮੱਥੇ 'ਤੇ ਹਰਿਆਵਲ ਕਰਨ ਦਾ ਉੱਦਮ।

ਧੁੱਪ, ਧਰਮ ਤੇ ਦਯਾ ਦੀ ਸੂਰਤ ਅਤੇ ਸੀਰਤ। ਹਰੇਕ ਵਿਹੜੇ ਨੂੰ ਨਿੱਘੀ ਅਪਣੱਤ ਨਾਲ ਭਰਦੀ ਅਤੇ ਹਰੇਕ ਬਨੇਰੇ ਨੂੰ ਸੂਰਜ ਵਰਦੀ। ਧੁੱਪ, ਨਿੱਘ ਅਤੇ ਚਾਨਣ ਦਾ ਸੁਮੇਲ, ਕੋਸੇਪਣ ਦਾ ਹਰਫ਼ਨਾਮਾ, ਜਗਦੇ ਚਿਰਾਗਾਂ ਦੀ ਡਾਰ ਅਤੇ ਪੌੜੀਆਂ ਰਾਹੀਂ ਮਟਕ ਮਟਕ ਉਤਰਦੀ ਚਾਨਣ-ਰੁੱਤ। ਇਹ ਰੁੱਤ ਜੋ ਸਾਡੇ ਜੀਵਨ ਵਿਚ ਰੰਗ ਭਰਦੀ। ਧੁੱਪ, ਚੌਗਿਰਦੇ ਵਿਚ ਰੰਗਾਂ, ਖੁਸ਼ੀਆਂ ਅਤੇ ਖੇੜਿਆਂ ਦਾ ਪਹਿਰ। ਧੁੱਪ-ਸੋਚ ਵਿਚੋਂ ਝਰਦੀ ਸੁਪਨ-ਇਨਾਇਤ, ਕਰਮਯੋਗਤਾ ਦੀ ਕਰਮਸ਼ਾਲਾ ਅਤੇ ਵਕਤ-ਵਿਹੜੇ ਹੁੰਦੀ ਤਾਰਿਆਂ ਦੀ ਬਾਰਸ਼। ਗਾਚਣੀ ਨਾਲ ਫੱਟੀਆਂ ਪੋਚ ਕੇ ਧੁੱਪ ਵਿਚ ਸੁਕਾਉਣਾ, ਪੂਰਨੇ ਪਵਾਉਣਾ, ਪੂਰਨਿਆਂ ਰਾਹੀਂ ਲਿਖਤ ਨਿਖਾਰਨਾ ਅਤੇ ਮਾਸਟਰਾਂ ਦੀਆਂ ਨਸੀਹਤਾਂ ਤੇ ਝਿੜਕਾਂ ਵਿਚੋਂ ਜੋ ਕੁਝ ਸੋਚ-ਜੂਹੇ ਲਾਇਆ ਸੀ, ਇਹ ਸਾਡੀ ਮੌਜੂਦਾ ਸ਼ਖ਼ਸੀਅਤ ਵਿਚੋਂ ਬਾਖੂਬੀ ਝਲਕਦਾ ਏ। ਦੱਸਣ ਦੀ ਤਾਂ ਲੋੜ ਹੀ ਨਹੀਂ। ਧੁੱਪ ਸਭ ਤੋਂ ਉੱਤਮ ਦਵਾਈ। ਵਿਟਾਮਿਨ ਡੀ ਦਾ ਸਰੋਤ। ਜਰਮਾਂ ਨੂੰ ਮਾਰਨ ਦੀ ਤਰਕੀਬ। ਧੁੱਪ ਵਿਚ ਤਾਂਬੇ ਵਾਂਗ ਲਿਸ਼ਕਦੇ ਜਿਸਮਾਂ ਵਿਚੋਂ ਤੰਦਰੁਸਤੀ ਨੂੰ ਅੰਤਰੀਵ ਵਿਚ ਉਤਾਰਨਾ, ਤੁਹਾਨੂੰ ਇਸ ਦੀ ਉਤਮਤਾ ਦਾ ਅਹਿਸਾਸ ਹੋ ਜਾਵੇਗਾ। ਵਿਦੇਸ਼ਾਂ ਵਿਚ ਸਰਦ ਮੌਸਮਾਂ ਦੀ ਮਾਰ ਹੇਠ ਆਏ ਲੋਕ ਅਕਸਰ ਹੀ ਗਰਮੀਆਂ ਵਿਚ ਨੰਗੇ ਪਿੰਡੇ ਬੈਠ, ਧੁੱਪ ਨੂੰ ਜਿਸਮ ਵਿਚ ਰਚਾਉਣ ਦੇ ਆਹਰ ਵਿਚ ਰੁੱਝੇ ਦੇਖੇ ਜਾ ਸਕਦੇ ਨੇ। ਧੁੱਪ ਦੀਆਂ ਸਰਬ ਹਿੱਤਕਾਰੀ ਕਿਰਨਾਂ, ਮਨੁੱਖ ਲਈ ਸੰਜੀਵਨੀ। ਮਨੁੱਖ ਕੇਹਾ ਅਕ੍ਰਿਤਘਣ ਏ ਕਿ ਉਸ ਨੇ ਗਰੀਨ ਗੈਸਾਂ ਰਾਹੀਂ ਧਰਤੀ ਦੇ ਵਾਤਾਵਰਨੀ ਚੌਗਿਰਦੇ ਵਿਚ ਬਹੁਤ ਸਾਰੇ ਮਘੋਰੇ ਕਰ ਦਿੱਤੇ ਨੇ ਜਿਸ ਨਾਲ ਅਲਟਰਾ-ਵਾਇਲਟ ਕਿਰਨਾਂ ਮਨੁੱਖੀ ਜਿਸਮ 'ਤੇ ਪੈਂਦੀਆਂ, ਮਨੁੱਖ ਨੂੰ ਚਮੜੀ ਦੇ ਕੈਂਸਰ ਨਾਲ ਪੀੜਤ ਕਰ ਰਹੀਆਂ ਨੇ। ਇਸੇ ਲਈ ਵਿਕਸਤ ਦੇਸ਼ਾਂ ਵਿਚ ਚਮੜੀ ਦੇ ਕੈਂਸਰ ਦੀ ਬਹੁਤਾਤ ਏ। ਜਦ ਪੱਤੇ ਪੀਲੇ ਹੋ ਕੇ ਆਖਰੀ ਸਫ਼ਰ ਦੀ ਤਿਆਰੀ ਕਰਦੇ ਤਾਂ ਉਹਨਾਂ ਦੇ ਮਨ ਵਿਚ ਧੁੱਪ ਪ੍ਰਤੀ ਸ਼ੁਕਰਗੁਜ਼ਾਰੀ ਹੁੰਦੀ। ਪਰ ਤੇਜ਼ ਹਵਾਵਾਂ ਦਾ ਖੌਫ਼ ਵੀ ਹੁੰਦਾ ਕਿ ਪਤਾ ਨਹੀਂ ਇਹ ਕਿਥੇ ਉਡਾ ਕੇ ਲੈ ਜਾਣ? ਕੀ ਮਨੁੱਖੀ ਮਨ ਵਿਚ ਵੀ ਕਦੇ ਧੁੱਪ ਦੀ ਸ਼ੁਕਰਗੁਜ਼ਾਰੀ ਪੈਦਾ ਹੋਈ ਏ? 'ਨਾ ਧੁੱਪ ਰਹਿਣੀ ਨਾ ਛਾਂ ਬੰਦਿਆ, ਨਾ ਪਿਓ ਰਹਿਣਾ ਨਾ ਮਾਂ ਬੰਦਿਆ' ਗੀਤ ਵਿਚ ਪਰਮ ਸਚਾਈ ਸਰਬਮਾਨ ਹੈ ਜਿਸ ਤੋਂ ਅਸੀਂ ਹਰ ਵੇਲੇ ਬੇਮੁੱਖ ਹੋਏ ਰਹਿੰਦੇ ਹਾਂ।

ਧੁੱਪ ਹੀ ਹੁੰਦੀ ਜੋ ਹਨੇਰੇ ਪਲਾਂ ਦੀ ਕੁੱਖ ਵਿਚ ਚਾਨਣ ਬੀਜਦੀ ਅਤੇ ਹਨੇਰੀਆਂ ਰਾਤਾਂ ਨੂੰ ਦਿਨਾਂ ਦਾ ਵਰਦਾਨ ਦਿੰਦੀ। ਧੁੱਪ, ਬਿਰਖਾਂ ਦੇ ਪਿੰਡਿਆਂ 'ਤੇ ਪੈਂਦੀ ਤਾਂ ਇਹ ਪੱਤਿਆਂ ਨੂੰ ਜੀਵਨ-ਦਾਨ ਬਖਸ਼ਦੀ, ਕਦੇ ਕਦਾਈਂ ਟਾਹਣੀਆਂ ਤੋਂ ਛੱਣ ਕੇ ਆਉਂਦੀ ਚਿੱਤਕਬਰੀ ਛਾਂ ਅਤੇ ਹਵਾ ਵਿਚ ਤੈਰਦੇ ਕਣਾਂ ਨੂੰ ਨਿਹਾਰਨਾ। ਤੁਹਾਨੂੰ ਵਿਅਕਤੀਤੱਵ ਕੁਤਾਹੀਆਂ ਅਤੇ ਕਮੀਆਂ ਨਜ਼ਰ ਆਉਣਗੀਆਂ ਜੋ ਅਕਸਰ ਸਾਨੂੰ ਨਜ਼ਰ ਨਹੀਂ ਆਉਂਦੀਆਂ। ਧੁੱਪ ਹੀ ਸਾਨੂੰ ਇਨ੍ਹਾਂ ਦੇ ਰੂਬਰੂ ਕਰਦੀ। ਧੁੱਪ, ਬਹੁਪਰਤੀ ਸਰੋਕਾਰਾਂ ਰਾਹੀਂ ਜ਼ਿੰਦਗੀ ਨੂੰ ਪ੍ਰਭਾਵਤ ਕਰਦੀ ਅਤੇ ਅਸੀਂ ਇਸ ਵਿਚੋਂ ਖੁਦ ਨੂੰ ਵਿਸਥਾਰਤ ਕਰ ਸਕਦੇ ਹਾਂ। ਯਾਦ ਰੱਖਣਾ! ਧੁੱਪ ਵਿਚ ਸਾਰੇ ਰੰਗ ਸਮੋਏ ਹੁੰਦੇ ਹਨ ਜੋ ਮਿਲ ਕੇ ਧੁੱਪ ਨੂੰ ਚਿੱਟਾਪਣ ਬਖਸ਼ਦੇ ਨੇ। ਇਹ ਵੱਖੋ-ਵੱਖਰੇ ਰੰਗ ਜਦ ਹਵਾ ਵਿਚ ਲਟਕਦੇ ਜਲ-ਕਣਾਂ ਵਿਚੋਂ ਆਰ-ਪਾਰ ਹੁੰਦੇ ਤਾਂ ਅੰਬਰ ਦੇ ਮੱਥੇ 'ਤੇ ਸਤਰੰਗੀ ਉੱਕਰ ਜਾਂਦੇ ਜੋ ਮਨੁੱਖੀ ਜੀਵਨ ਨੂੰ ਅਨੰਦਿਤਾ ਨਾਲ ਭਰ ਜਾਂਦੀ। ਕੀ ਅਸੀਂ ਕਦੇ ਆਪਣੀ ਅੰਦਰਲੀ ਸੱਤਰੰਗੀ ਦੇ ਸਨਮੁੱਖ ਹੋ ਕੇ ਇਸ ਦੇ ਰੰਗਾਂ ਨੂੰ ਨਿਖਾਰ ਕੇ ਮਨੁੱਖਤਾ ਦਾ ਮੁਹਾਂਦਰਾ ਲਿਸ਼ਕਾਉਣ ਦਾ ਉਪਰਾਲਾ ਕੀਤਾ ਏ? ਧੁੱਪ, ਧੁੱਪ ਵਰਗੇ ਮਨੁੱਖਾਂ ਦਾ ਸਾਥ ਲੋਚਦੀ, ਧੁੱਪ ਨੂੰ ਨਵੇਂ ਦਿਸਹੱਦਿਆਂ ਦਾ ਸਿਰਨਾਵਾਂ ਬਣਾਉਣਾ ਲੋਚਦੀ, ਧੁੱਪੀਲੀ ਕਰਮਯੋਗਤਾ ਦੀ ਢੂੰਡਾਓ ਅਤੇ ਧੁੱਪ 'ਚੋਂ ਧੁੱਪ ਨੂੰ ਨਵੇਂ ਅਰਥ ਦੇਣ ਦੀ ਚਾਹਨਾ। ਧੁੱਪ, ਸਾਡੇ ਆਲੇ-ਦੁਆਲੇ ਫੈਲੀ, ਰੋਲ-ਮਾਡਲਾਂ ਦੇ ਰੂਪ ਵਿਚ ਹਾਜ਼ਰ। ਸੂਰਜ, ਤਾਰੇ ਧੁੱਪ ਦਾ ਹੋਕਰਾ ਲਾਉਂਦੇ। ਪਰ ਅਸੀਂ ਕੇਹੇ ਨਿਕਰਮੇ ਹਾਂ ਕਿ ਧੁੱਪ ਨੂੰ ਪਿੱਠ ਕਰੀ ਬੈਠੇ ਹਾਂ ਅਤੇ ਧੁੱਪ ਨੂੰ ਝੋਲੀ ਵਿਚ ਪਾਉਣ ਤੋਂ ਨਾਬਰ। ਧੁੱਪ ਦੇ ਨੈਣਾਂ ਵਿਚ ਖਾਰੇ ਪਾਣੀਆਂ ਦੀ ਨੈਂਅ ਵਗਦੀ ਜਦ ਮਨੁੱਖ ਨਾ-ਸ਼ੁਕਰਾ ਹੋ, ਧੁੱਪ ਦੀ ਹਾਜ਼ਰੀ ਤੋਂ ਅਣਜਾਣ ਅਤੇ ਇਸ ਦੀ ਸਾਰਥਿਕਤਾ ਨੂੰ ਅਪਣਾਉਣ ਤੇ ਨਿਭਾਉਣ ਤੋਂ ਆਕੀ ਹੋ ਜਾਂਦਾ। ਪਰ ਧੁੱਪ ਬਹੁਤ ਹਠੀਲੀ। ਉਹ ਬੰਦ ਮੁੱਠੀਆਂ, ਮੁੰਦ ਨੈਣਾਂ ਅਤੇ ਬੰਦ ਕਿਤਾਬਾਂ ਦੇ ਵਰਕਿਆਂ 'ਤੇ ਵੀ ਆਪਣੀ ਦਸਤਕ ਦਿੰਦੀ ਤਾਂ ਕਿ ਅਸੀਂ ਕਿਤਾਬਾਂ ਨੂੰ ਸਿਰਫ਼ ਧੂਫ਼ ਦੇਣ ਤੀਕ ਹੀ ਸੀਮਤ ਨਾ ਰੱਖੀਏ। ਇਨ੍ਹਾਂ ਵਿਚ ਉਸਲਵੱਟੇ ਲੈਂਦੀ ਧੁੱਪ ਨੂੰ ਜਗਾਈਏ। ਗਲ ਨਾਲ ਲਾਈਏ ਅਤੇ ਇਸਦੀ ਹਮਸਫ਼ਰਤਾ ਨਾਲ ਆਪਣੇ ਰਾਹਾਂ ਨੂੰ ਰੁਸ਼ਨਾਈਏ। ਘਰ ਦੇ ਵਿਹੜੇ ਵਿਚ ਜਦ ਧੁੱਪ ਉਤਰਦੀ ਸੀ ਤਾਂ ਬਜ਼ੁਰਗ ਮਾਵਾਂ ਸੂਰਜ ਨੂੰ ਨਮਸਕਾਰਦੀਆਂ, ਇਸਦੇ ਸਦਕੇ ਜਾਂਦੀਆਂ, ਧੁੱਪ ਵਿਚੋਂ ਹੀ ਆਪਣੀ ਜੀਵਨ-ਸਾਧਨਾ ਨੂੰ ਕਿਆਸਦੀਆਂ ਸਨ। ਵਿਹੜਾ ਚਾਨਣ ਨਾਲ ਭਰ ਜਾਂਦਾ ਸੀ ਅਤੇ ਇਸ ਚਾਨਣ ਵਿਚੋਂ ਨਵੀਆਂ ਉਮੰਗਾਂ ਜਨਮ ਲੈਂਦੀਆਂ ਸਨ। ਕਈ ਵਾਰ ਬਦਲੋਟੀਆਂ ਧੁੱਪ ਨੂੰ ਛੁਪਾਉਣ ਦੇ ਆਹਰ ਵਿਚ ਖੁਦ ਦੀ ਹੋਂਦ ਤੇ ਪ੍ਰਸ਼ਨ ਚਿੰਨ੍ਹ ਖੁਦਵਾ ਲੈਂਦੀਆਂ। ਧੁੱਪ ਨੂੰ ਕਿੰਨਾ ਵੀ ਲੁਕਾਉਣ ਦੀ ਕੋਸ਼ਿਸ਼ ਕਰੋ, ਆਖਰ ਨੂੰ ਤਾਂ ਇਸ ਨੇ ਦਸਤਕ ਦੇਣੀ ਹੀ ਹੁੰਦੀ। ਜਿਹੜੇ ਲੋਕ ਧੁਪੀਲੇ ਰਾਹਾਂ ਦੇ ਪਾਂਧੀ ਬਣ ਜਾਂਦੇ, ਉਨ੍ਹਾਂ ਦੇ ਰਾਹਾਂ ਵਿਚ ਦੀਵਿਆਂ ਦੀ ਲਾਮਡੋਰੀ ਕਦੇ ਨਾ ਟੁੱਟਦੀ। ਉਹ ਧੁੱਪ ਦੇ ਹਾਣੀ ਬਣ ਇਕਸੁਰਤਾ ਅਤੇ ਇਕਸਾਰਤਾ ਦਾ ਅਜਿਹਾ ਕਰਮਯੋਗ ਸਿਰਜਦੇ ਕਿ ਉਨ੍ਹਾਂ ਦੀ ਅਸੀਮਤਾ ਉਨ੍ਹਾਂ ਨੂੰ ਮੁਖਾਤਬ ਹੋਣ ਤੋਂ ਵੀ ਝਿਜਕਣ ਲਗਦੀ। ਧੁੱਪ ਬਹੁਰੂਪਾਂ ਸੰਗ ਵੱਖ-ਵੱਖ ਪੜਾਵਾਂ 'ਤੇ ਮਨੁੱਖ ਦੇ ਰੂਬਰੂ ਹੁੰਦੀ, ਕਦੇ ਬਚਪਨੇ ਦੀ ਮਾਸੂਮ ਜਿਹੀ ਕੋਸੀ ਕੋਸੀ ਧੁੱਪ, ਕਦੇ ਜਵਾਨੀ ਦੀ ਤਿੱਖੜ ਦੁਪਹਿਰ ਜਿਸ ਵਿਚ ਢਲਦੇ ਸੂਰਜਾਂ ਦਾ ਕਿਆਸ ਵੀ ਨਹੀਂ ਹੁੰਦਾ, ਕਦੇ ਢਲਦੇ ਪ੍ਰਛਾਵੇਂ ਮਨੁੱਖ ਨੂੰ ਮੁਖਾਤਬ ਹੁੰਦੇ ਅਤੇ ਉਸਦੇ ਅੰਦਰਲੇ ਸੇਕ ਵਿਚੋਂ ਰਿਸ਼ਮ ਅਤੇ ਨਿੱਘ ਦਾ ਸਿਰਨਾਵਾਂ ਪੁੱਛਦੇ। ਧੁੱਪ ਹਰ ਵਿਹੜੇ ਅਤੇ ਦਰ 'ਤੇ ਦਸਤਕ ਦਿੰਦੀ। ਅਸੀਂ ਹੀ ਅਣਭੋਲਤਾ ਵਿਚ ਇਸ ਨੂੰ ਅਣਗੌਲਿਆਂ ਕਰ ਦਿੰਦੇ। ਕਦੇ ਵੀ ਧੁੱਪ ਨੂੰ ਅਣਗੌਲਿਆਂ ਨਾ ਕਰੋ ਕਿਉਂਕਿ ਧੁੱਪਾਂ ਦੀ ਰੁੱਤ ਸਦੀਵ ਨਹੀਂ ਰਹਿੰਦੀ ਅਤੇ ਨਾ ਹੀ ਲਹਿੰਦੀ ਧੁੱਪ ਨੇ ਚੜ੍ਹਦੀ ਧੁੱਪ ਦਾ ਰੂਪ ਵਟਾਉਣਾ ਏ। ਧੁੱਪ ਦਾ ਟੋਟਾ ਹਨੇਰ-ਨਗਰੀ ਦੇ ਰਾਹ ਰੁਸ਼ਨਾਵੇ, ਜੋਤਹੀਣ ਹੱਥ ਧੁੱਪ-ਡੰਗੋਰੀ ਫੜਾਵੇ। ਧੁੱਪ ਜਦ ਧੁੱਪ ਨੂੰ ਪਿੰਡੇ ਲਾਵੇ ਤਾਂ ਧੁੱਪ ਦੀ ਨਗਰੀ ਧੁੱਪ ਖਿਡਾਵੇ। ਧੁੱਪ ਦੀ ਚਾਹਨਾ ਨਿੱਘ ਦਿਲਾਸਾ, ਧੁੱਪ ਦੀ ਆਮਦ, ਮਿਟੇ ਨਿਰਾਸ਼ਾ। ਧੁੱਪ ਸੰਗ ਆੜੀ ਮਸਤਕ-ਚਿਰਾਗ, ਧੁੱਪ 'ਚ ਬੈਠਿਆਂ ਜਾਗਣ ਭਾਗ। ਧੁੱਪ ਦੀ ਬੀਹੀ ਗੇੜਾ ਮਾਰੋ, ਦਰ-ਦਰਵਾਜ਼ੀਂ ਧੁੱਪ-ਆਰਤੀ ਉਤਾਰੋ। ਧੁੱਪ ਬਿਨਾਂ ਦੱਸੋ ਕਾਹਦਾ ਜੀਣਾ, ਧੁੱਪ ਨੂੰ ਪਹਿਨਣਾ ਤੇ ਧੁੱਪ ਥੀਂ ਥੀਣਾ। ਧੁੱਪ ਦੀ ਪੁਸਤਕ ਪੜ੍ਹਨ ਦੀ ਸੋਚੋ, ਅਰਥਾਂ ਵਿਚੋਂ ਲੰਘਣਾ ਲੋਚੋ। ਧੁੱਪ 'ਚ ਧੁੱਪ ਦਾ ਨਗ਼ਮਾ ਗਾਵੋ ਅਤੇ ਰੁੱਸੇ ਹੋਠੀਂ ਧੁੱਪ ਟਿਕਾਵੋ। ਧੁੱਪ, ਧੂੜਾਂ 'ਚ ਚਾਨਣ-ਲਾਟ, ਧੁੱਪ ਵਿਚ ਮੁੱਕੇ ਲੰਮੇਰੀ ਵਾਟ। ਧੁੱਪ ਦੇ ਬਸਤਰ ਜਿਹੜਾ ਪਾਵੇ, ਕਦੇ ਨਾ ਹੱਡੀਂ ਸਿਆਲ ਹੰਢਾਵੇ। ਧੁੱਪ ਦੀ ਬਾਣੀ, ਉੱਤਮ ਬਾਣੀ, ਜੀਵਨ-ਜਾਚ ਜਿਸ ਨੈਣੀਂ ਵਿਛਾਣੀ।

# ਸਟੇਟ ਬੱਗੀ ਖ਼ਾਨਾ

ਅਸੀਂ ਸਟੇਟ ਬੱਗੀ ਖ਼ਾਨਾ (ਗੱਡੀ ਘਰ) ਦੇਖਣ ਵੀ ਗਏ ਜੋ ਬਹੁਤ ਹੀ ਸੁੰਦਰ ਸਮਕੇਂਦਰੀ ਨਮੂਨੇ ਦਾ ਬਣਿਆ ਹੋਇਆ ਹੈ ਤੇ ਦਰਬਾਰ ਹਾਲ ਜਾਂ ਕਚਹਿਰੀ ਦੇ ਕੋਲ ਹੈ। ਇਹ 1899 ਵਿਚ ਬਣਵਾਇਆ ਗਿਆ ਸੀ। ਇਸ ਦੇ ਵਿਚ ਪਹਿਲੇ ਕਪੂਰਥਲਾ ਲਾਂਸਰਜ਼ ਨੂੰ ਰੱਖਿਆ ਗਿਆ ਸੀ ਤੇ ਮਗਰੋਂ ਬਾਡੀਗਾਰਡ ਕੰਟਿਨਜੈਂਟ ਹਾਰਸਿਜ਼ ਅਤੇ ਹਾਊਸਹੋਲਡ ਮਾਊਂਟ ਸਟੇਬਲ (ਘਰੇਲੂ ਘੋੜਾ ਅਸਤਬਲ) ਬਾਹਰਵਾਰ ਗੋਲਾਕਾਰ ਦਿੱਖ ਦਾ ਬਣਿਆ ਹੋਇਆ ਸੀ। ਅੰਦਰਲੇ ਪਾਸੇ ਦੇ ਸਮਕੇਂਦਰੀ ਭਾਗ ਵਿਚ ਸਟੇਟ ਮੋਟਰ ਗੈਰਾਜ ਬਣਿਆ ਹੋਇਆ ਸੀ ਜਦ ਕਪੂਰਥਲਾ ਰਿਆਸਤ ਵਿਚ ਪਹਿਲੀ ਵਾਰ ਮੋਟਰਾਂ ਲਿਆਂਦੀਆਂ ਗਈਆਂ ਸਨ। ਸਥਾਨਕ ਲੋਕ ਦੱਸਦੇ ਹਨ ਕਿ ਜਦ ਥੋੜ੍ਹੀ ਉਚਾਈ ਤੋਂ ਦੇਖਿਆ ਜਾਏ ਤਾਂ ਦੋ ਸਮਕੇਂਦਰੀ ਗੋਲਾਕਾਰ ਨਿਰਮਾਣ ਦਿਸਦੇ ਹਨ, ਜੋ ਫ਼ੋਟੋਗ੍ਰਾਫ਼ੀ ਲਈ ਬਹੁਤ ਹੀ ਸੁੰਦਰ ਸਥਲ ਹੈ। ਮਹਾਰਾਜਾ ਕਪੂਰਥਲਾ ਨੇ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਇਸ ਭਵਨ ਨੂੰ ਸੁਰਜੀਤ ਕਰਕੇ ਮਿੰਨੀ ਕਨਾਟ ਪੈਲੇਸ, ਦਿੱਲੀ ਵਰਗੀ, ਬਣਾ ਲਿਆ ਜਾਵੇ। ਐਸਾ ਸਮਕੇਂਦਰੀ ਨਿਰਮਾਣ ਵਪਾਰਕ ਵਰਤੋਂ ਵਿਚ ਸੈਂਟਰਲ ਇੰਟਰਟੇਨਮੈਂਟ (ਕੇਂਦਰੀ ਮਨੋਰੰਜਨ ਸਥਾਨ) ਜਾਂ ਪਲਾਜ਼ਾ ਬਣਾਇਆ ਜਾ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਪ੍ਰਕਾਰ ਕਪੂਰਥਲੇ ਦਾ ਆਪਣਾ ਹੀ ਵਧੀਆ ਸ਼ਾਪਿੰਗ ਮਾਲ ਕੰਪਲੈਕਸ ਬਣ ਸਕਦਾ ਹੈ ਉਚੀਆਂ ਮੰਜ਼ਿਲਾਂ ਦੀ ਸ਼ਕਲ ਬਣਾਏ ਬਿਨਾਂ ਹੀ। ਮੇਰੀ ਬਹੁਤ ਤੀਬਰ ਇੱਛਾ ਹੈ ਕਿ ਇੰਝ ਛੇਤੀ ਹੀ ਸੰਭਵ ਹੋ ਜਾਵੇ। ਵਿਲਾ ਬੋਨਾ ਵਿਸਟਾ ਦੇ ਗੇਟ ਵਿਚੋਂ ਦੀ ਲੰਘ ਕੇ ਅਸੀਂ ਝੀਲ ਕਾਂਜਲੀ ਅਤੇ ਕਾਂਜਲੀ ਵੈਟਲੈਂਡ (ਛੰਭ) ਵੱਲ ਗਏ, ਬੇਈਂ ਨਦੀ ਦੇ ਪੱਛਮ ਵੱਲ ਕਪੂਰਥਲਾ ਦੇ ਬਾਹਰਵਾਰ। ਸਾਡੀ ਇਸ ਜਗ੍ਹਾ ਲਈ ਬਹੁਤ ਪ੍ਰਕਾਰ ਦੇ ਪੰਛੀ ਦੇਖਣ ਖ਼ਾਤਰ ਬਹੁਤ ਦਿਲਚਸਪੀ ਸੀ, ਵਿਸ਼ੇਸ਼ਕਰ ਮੌਸਮੀ ਪੰਛੀ ਦੇਖਣ ਲਈ। ਛੇਤੀ ਹੀ ਅਸੀਂ ਕਪੂਰਥਲਾ ਦੇ ਪਿੰਡ ਕਾਂਜਲੀ ਤੋਂ ਚਾਰ ਕਿਲੋ ਮੀਟਰ ਦੂਰ ਕਾਂਜਲੀ ਝੀਲ ਕੰਢੇ ਗੱਡੀ ਜਾ ਰੋਕੀ। ਬਹੁਤ ਸਾਲ ਪਹਿਲਾਂ 1870 ਵਿਚ ਮਹਾਰਾਜਾ ਕਪੂਰਥਲਾ, ਰਣਧੀਰ ਸਿੰਘ, ਨੇ ਇਥੇ ਕਾਲੀ ਬਈਂ ਉੱਪਰ ਹੈਡ ਵਰਕ ਅਤੇ ਬੈਰੇਜ ਬਣਵਾਇਆ ਸੀ ਜਿਸ ਦੇ ਫਲਸਰੂਪ ਕਾਂਜਲੀ ਛੰਭ ਬਣ ਗਿਆ ਸੀ ਅਤੇ ਕਾਂਜਲੀ ਝੀਲ ਵੀ। ਕਾਲੀ ਬੇਈਂ ਵੱਡੇ ਦਰਿਆ ਬਿਆਸ ਦੀ ਹੀ ਇਕ ਸ਼ਾਖਾ ਹੈ। ਇਨ੍ਹਾਂ ਦਾ ਨਿਰਮਾਣ ਆਲੇ-ਦੁਆਲੇ ਵੱਸਦੇ ਕਿਸਾਨਾਂ ਦੀ ਚੰਗੇਰੀ ਖੇਤੀ ਲਈ ਪਾਣੀ ਉਪਲਬੱਧ ਕਰਨ ਲਈ ਕੀਤਾ ਗਿਆ ਸੀ। ਫਿਰ ਉਸ ਨੇ ਸ਼ਾਹੀ ਵਾਰਸਾਂ ਵਾਸਤੇ ਕਾਂਜਲੀ ਝੀਲ ਦੇ ਕੰਢੇ ਵਿਸ਼ੇਸ਼ ਆਰਾਮਗਾਹ ਵੀ ਬਣਵਾਈ ਸੀ, ਫ਼ਰੈਂਚ ਭਵਨ ਨਿਰਮਾਣ ਕਲਾ-ਵਿਲਾ ਬੌਨਾ ਵਿਸਟਾ ਦੇ ਨਮੂਨੇ ਦੀ। ਜਿੱਥੇ ਬਹੁਤ ਹੀ ਸੁੰਦਰ ਵਾਤਾਵਰਨ ਸੀ। ਜਦ ਮੈਂ ਕਾਂਜਲੀ ਝੀਲ, ਜੋ ਕਾਂਜਲੀ ਛੰਭ ਦੇ ਅੱਧੇ ਤੋਂ ਵੱਧ ਹਿੱਸੇ ਵਿਚ ਫੈਲੀ ਹੋਈ ਹੈ, ਦੀਆਂ ਪੌੜੀਆਂ 'ਤੇ ਰਤਾ ਆਰਾਮ ਕਰਨ ਬੈਠ ਗਈ ਸੀ ਤਾਂ ਮੇਰਾ ਮਨ ਪਿਛਲ ਝਾਤ ਪਾਉਣ ਲੱਗ ਪਿਆ, ਇਸ ਦੇ ਧਾਰਮਿਕ ਅਤੇ ਇਤਿਹਾਸਕ ਪਿਛੋਕੜ ਦੇ ਮਹੱਤਵ ਵੱਲ। ਮੈਨੂੰ ਕਾਂਜਲੀ ਝੀਲ ਦੇ ਹਰ ਪਾਸੇ ਭਰੇ ਪਏ ਬੈਂਗਣੀ ਪੌਦੇ ਅਤੇ ਗੰਦ ਦੇਖ ਕੇ ਦੁੱਖ ਹੁੰਦਾ ਹੈ ਕਿਉਂਕਿ ਇਹ ਥਾਂ ਆਪਣੀ ਵਨਸਪਤੀ ਅਤੇ ਜੀਵ-ਜੰਤੂਆਂ ਲਈ ਵੀ ਪ੍ਰਸਿੱਧ ਹੈ। ਇਥੇ ਕਈ ਪ੍ਰਕਾਰ ਦੀ ਮੱਛੀ ਹੁੰਦੀ ਹੈ ਅਤੇ ਕੱਛੂਕੁੰਮੇ ਵੀ। 28 ਪ੍ਰਕਾਰ ਦੇ ਭਾਰਤੀ ਪੰਛੀ ਅਤੇ 9 ਪ੍ਰਕਾਰ ਦੇ ਮੌਸਮੀ ਪੰਛੀ ਇਥੇ ਦੇਖੇ ਜਾਂਦੇ ਹਨ।



ਸਟੇਟ ਬੱਗੀ ਖ਼ਾਨਾ (ਗੱਡੀ ਘਰ)

# ਵਿਸ਼ਵ-ਸ਼ਾਂਤੀ ਸਤੂਪ ਰਾਜਗੀਰ

ਰਾਜਗੀਰ ਨਾਲੰਦਾ ਜ਼ਿਲ੍ਹੇ ਦਾ ਪੁਰਾਤਨ ਇਤਿਹਾਸਕ ਸ਼ਹਿਰ ਹੈ। ਭਾਰਤ ਦੇ ਸੱਤ ਅਤੇ ਵਿਸ਼ਵ ਦੇ 80 ਸ਼ਾਂਤੀ ਸਤੂਪਾਂ (ਪੀਸ ਪਗੋਡਾਜ਼) ਵਿਚੋਂ ਇਕ ਰਾਜਗੀਰ ਵਿਚ ਸਥਿਤ ਹੈ। ਰਾਜਗੀਰ ਮਗਧ ਸਲਤਨਤ ਦੀ ਪਹਿਲੀ ਰਾਜਧਾਨੀ ਰਿਹੈ। ਇਥੇ ਜਰਾਸੰਧ ਵਰਗੇ ਸ਼ਕਤੀਸ਼ਾਲੀ ਰਾਜੇ, ਜਿਸ ਦਾ ਮਹਾਭਾਰਤ ਵਿਚ ਵੀ ਜ਼ਿਕਰ ਹੈ, ਸਮੇਤ ਅਜਾਤਸ਼ੱਤਰੂ ਵਰਗੇ ਕਈ ਹੋਰ ਪਰਕਰਮੀ ਰਾਜਿਆਂ ਨੇ ਰਾਜ ਕੀਤਾ। ਰਾਜਗੀਰ ਦਾ ਪਹਿਲਾ ਨਾਂਅ ਗਿਰੀਵਰੱਜ ਸੀ। ਰਾਜਗੀਰ ਦਾ ਅਰਥ 'ਰਾਜੇ/ਰਾਜਿਆਂ ਦਾ ਘਰ' ਹੈ। ਇਸ ਨੂੰ 'ਰਾਜਗਰਿਹਾ' ਵੀ ਕਿਹਾ ਜਾਂਦੈ ਜਿਸ ਦਾ ਅਰਥ ਵੀ ਉਹੀ ਹੈ। ਗਿਰੀਵਰੱਜਾ ਦਾ ਅਰਥ ਹੈ ਜੋ ਪਹਾੜਾਂ ਨਾਲ ਘਿਰਿਆ ਹੋਵੇ। ਰਾਜਗੀਰ ਦਰਅਸਲ ਪੰਜ ਪਹਾੜੀ ਸ਼ਿਰੰਖਲਾਵਾਂ, ਜਿਨ੍ਹਾਂ ਵਿਚ ਰਤਨਾਗਿਰੀ ਸ਼ੰਖਲਾ ਵੀ ਸ਼ਾਮਿਲ ਹੈ, ਨਾਲ ਘਿਰਿਆ ਹੋਇਆ ਇਕ ਰਮਣੀਕ ਅਸਥਾਨ ਹੈ ਜੋ ਸੰਸਾਰ ਭਰ ਦੇ ਸੈਲਾਨੀਆਂ ਲਈ ਆਕਰਸ਼ਣ ਦਾ ਕੇਂਦਰ ਹੈ। ਰਾਜਗੀਰ ਦਾ ਇਕ ਹੋਰ ਨਾਂਅ ਵਾਸੂਮਤੀ ਵੀ ਹੈ। ਇਹ ਨਾਂਅ ਰਮਾਇਣ ਵਿਚ ਵੀ ਮਿਲਦੈ। ਸੰਭਵ ਹੈ ਕਿ ਇਹ ਮਿਥਿਹਾਸਿਕ ਰਾਜੇ ਵਾਸੂ, ਜੋ ਬ੍ਰਹਮਾਂ ਦਾ ਪੁੱਤਰ ਸੀ, ਕਰਕੇ ਹੈ ਅਤੇ ਰਵਾਇਤਾਂ ਅਨੁਸਾਰ ਇਸ ਸ਼ਹਿਰ ਦੀ ਸਥਾਪਨਾ ਵੀ ਇਸ ਰਾਜੇ ਨਾਲ ਹੀ ਜੋੜੀ ਜਾਂਦੀ ਹੈ। ਚੀਨੀ ਯਾਤਰੀ ਹਿਊਨ ਸਾਂਗ ਅਤੇ ਫਾਹੀਯਾਨ ਵੀ ਇਸ ਦਾ ਜ਼ਿਕਰ ਕਰਦੇ ਹਨ। ਇਥੇ ਜੈਨ ਮੱਤ, ਬੋਧ ਮੱਤ ਸਮੇਤ ਹਿੰਦੂਆਂ ਦੇ ਵੀ ਮੰਦਿਰ ਹਨ ਅਤੇ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਵੀ ਹੈ। ਭਗਵਾਨ ਮਹਾਂਵੀਰ ਜੈਨ ਅਤੇ ਮਹਾਤਮਾ ਬੁੱਧ ਇਸ ਅਸਥਾਨ ਉੱਪਰ ਕਈ ਵਾਰ ਆਏ ਸਨ। ਰਾਜਗੀਰ ਗਰਮ ਪਾਣੀ ਦੇ ਚਸ਼ਮਿਆਂ ਲਈ ਵੀ ਮਸ਼ਹੂਰ ਹੈ। ਇਥੋਂ ਦਾ ਹਵਾਈ ਚੇਅਰ-ਕਾਰ ਰੋਪ-ਵੇਅ ਵੀ ਬੜਾ ਪ੍ਰਸਿੱਧ ਹੈ। ਸਤੂਪ ਜਾਂ ਸਤੂਪਾ ਇਕ ਬੋਧੀ ਸਮਾਰਕ ਚਿੰਨ੍ਹ ਹੈ ਜੋ ਭਿਕਸ਼ੂਆਂ, ਖਾਸ ਤੌਰ ਤੇ ਜਪਾਨੀ ਭਿਕਸ਼ੂ ਗਯੋਮੋ ਨਾਕਾਮੁਰਾ, ਵਲੋਂ ਮਹਾਤਮਾ ਬੁੱਧ ਦੇ ਅਮਨ-ਸ਼ਾਂਤੀ ਅਤੇ ਅਹਿੰਸਾ ਦੇ ਸੰਦੇਸ਼ ਨੂੰ ਲੋਕਾਂ ਵਿਚ ਪਹੁੰਚਾਉਣ ਅਤੇ ਮਾਨਵਤਾ ਨੂੰ ਇਸ ਸਬੰਧੀ ਪ੍ਰੇਰਨ ਦੇ ਉਦੇਸ਼ ਨਾਲ ਬਣਾਇਆ ਗਿਆ ਸੀ। ਰਾਜਗੀਰ ਦਾ ਸਤੂਪ 1969 ਵਿਚ ਉਸਾਰਿਆ ਗਿਆ ਸੀ। ਰਾਜਗੀਰ ਤੋਂ ਇਲਾਵਾ ਦੂਸਰੇ ਵਿਸ਼ਵ ਸ਼ਾਂਤੀ ਸਤੂਪ ਵੈਸ਼ਾਲੀ, ਵਰਧਾ, ਲਦਾਖ, ਦਾਰਜੀਲਿੰਗ, ਧੌਲਗਿਰੀ ਹਿਲਜ਼ ਉੜੀਸਾ ਅਤੇ ਦਿੱਲੀ ਵਿਚ ਹਨ।



ਇਹ ਉਨ੍ਹਾਂ ਸਤੂਪਾਂ ਤੋਂ ਇਲਾਵਾ ਹਨ ਜੋ ਪੂਰਬ ਈਸਾ ਕਾਲ ਦੇ ਮਹਾਰਾਜਿਆਂ ਵਲੋਂ ਮਹਾਤਮਾ ਬੁੱਧ ਦੀਆਂ ਪਵਿੱਤਰ ਨਿਸ਼ਾਨੀਆਂ/ਅਸਥੀਆਂ(ਰੈਲਿੱਕਜ਼) ਸਥਾਪਤ ਕਰਨ ਉਪਰੰਤ ਇੱਟਾਂ/ਪੁਰਾਣੇ ਪੱਥਰਾਂ ਨਾਲ ਬੌਧ-ਸ਼ਿਲਪ ਕਲਾ ਅਨੁਸਾਰ ਉਸਾਰੇ ਗਏ ਸਨ, ਜਿਵੇਂ ਸਾਂਚੀ ਦਾ ਮਹਾਨ ਸਤੂਪ ਮੌਲਕ ਰੂਪ ਵਿਚ ਤੀਸਰੀ ਸਦੀ ਈਸਾ ਪੂਰਵ ਵਿਚ ਸਮਰਾਟ ਅਸ਼ੋਕ ਵਲੋਂ ਨਿਵੇਕਲੈ ਕਿਸਮ ਦੇ ਪੱਥਰ ਜੜਵਾ ਕੇ ਬਣਵਾਇਆ ਗਿਆ ਸੀ। ਵੈਸ਼ਾਲੀ ਵਿਚ ਵੀ ਰੈਲਿਕ ਸਤੂਪ ਹੈ। ਮੌਜੂਦਾ ਸਤੂਪ ਚਿੱਟੇ ਪੱਥਰ/ਸੰਗਮਰਮਰ ਦੇ ਹਨ। ਸਤੂਪ ਜਾਂ ਸਤੂਪਾ ਦਾ ਅਰਥ ਹੈ ਟਿੱਲਾ ਜਾਂ ਧੋੜਾ। ਭਾਵ ਭਵਨ ਨਿਰਮਾਣ ਕਲਾ ਵਿਚ ਉਸਾਰੀ ਦਾ ਉਹ ਨਮੂਨਾ ਜਿਸ ਦਾ ਆਕਾਰ ਧੋੜੇ ਜਾਂ ਟਿੱਲੇ ਵਰਗਾ ਹੋਵੇ ਭਾਵ ਗੋਲਾਰਧ(ਅਰਧਗੋਲਾ) ਹੋਵੇ। ਇਨ੍ਹਾਂ ਸਤੂਪਾਂ ਦੇ ਨਾਲ ਇਕ ਚੇਤਾਲਿਆ-ਗ੍ਰਹਿ ਵੀ ਹੁੰਦਾ ਹੈ ਜਿਥੇ ਚਿੰਤਨ ਜਾਂ ਭਜਨ-ਬੰਦਗੀ ਕੀਤੀ ਜਾਂਦੀ ਹੈ। ਚੀਨੀ ਯਾਤਰੀ ਫਾਹੀਯਾਨ ਅਨੁਸਾਰ ਰਾਜਗੀਰ ਵਿਚ ਅਜਾਤਸ਼ੱਤਰੂ ਮਹਾਰਾਜੇ ਦਾ ਸਤੂਪ ਵੀ ਸੀ ਜਦ ਕਿ ਹਿਊਨ ਸਾਂਗ ਅਨੁਸਾਰ ਇਥੇ ਮਹਾਰਾਜਾ ਅਸ਼ੋਕਾ ਦਾ ਸਤੂਪ ਵੀ ਸੀ ਪਰ ਆਰਕਿਆਲੋਜੀ ਸਰਵੇ ਆਫ ਇੰਡੀਆ ਖੁਦਾਈ ਦੌਰਾਨ ਇਨ੍ਹਾਂ ਨੂੰ ਲੱਭ ਨਹੀਂ ਸਕਿਆ। ਇਕ ਧਾਰਨਾ ਹੋਰ ਵੀ ਹੈ ਕਿ ਲਿਛਾਵੀ ਵੰਛ ਦੇ ਮਹਾਰਾਜਿਆਂ ਅਤੇ ਅਜਾਤਸ਼ੱਤਰੂ ਨੇ ਮਹਾਤਮਾ ਬੁੱਧ ਵਲੋਂ ਕੁਸ਼ੀਨਗਰ ਵਿਚ 483 ਈਸਵੀ ਪੂਰਵ ਵਿਚ ਚੋਲਾ ਤਿਆਗਣ ਉਪਰੰਤ ਉਸ ਦੀਆਂ ਪਵਿੱਤਰ ਨਿਸ਼ਾਨੀਆਂ/ਅਸਥੀਆਂ ਨੂੰ ਅੱਠ ਭਾਗਾਂ ਵਿਚ ਵੰਡ ਕੇ ਅੱਠ ਸਤੂਪ ਬਣਾਏ। ਗਰਿੱਧਕੂਟ ਪਰਬਤ ਦੀ ਬਗਲ ਵਿਚ ਰਤਨਾਗਿਰੀ ਪਹਾੜ ਉਪਰ ਰਾਜਗੀਰ ਦਾ ਸਤੂਪ ਹੈ। ਇਥੇ ਰੋਪਵੇ (ਜਪਾਨੀ ਝੂਲਾ) ਉਪਰ ਚੜ੍ਹਨ ਵਾਲੇ ਸੈਲਾਨੀਆਂ ਦੀ ਚਹਿਲ-ਪਹਿਲ ਲੱਗੀ ਰਹਿੰਦੀ ਹੈ। ਇਸ ਰੋਪਵੇ ਦਾ ਨਿਰਮਾਣ ਜਾਪਾਨ ਦੇ ਬੌਧ ਸੰਘ ਨੇ ਕੀਤਾ ਹੈ ਅਤੇ ਇਸ ਰਾਹੀਂ ਸੈਲਾਨੀ/ਸ਼ਰਧਾਲੂ 160 ਫੁੱਟ ਉਚੇ ਸਤੂਪ ਦੇ ਦਰਸ਼ਨ ਕਰਦੇ ਹਨ। ਪਹਾੜ ਉਪਰ ਚੜ੍ਹਨ ਲਈ ਪੈਦਲ ਰਸਤਾ ਵੀ ਹੈ ਜੋ ਪਹਾੜ ਕੱਟ ਕੇ ਬਣਾਇਆ ਗਿਆ ਹੈ, ਪਰ ਇਹ ਕਾਫੀ ਕਠਿਨ ਹੈ ਅਤੇ ਸਮਾਂ ਵੀ ਬਹੁਤ ਲਗਦੈ। ਰੋਪਵੇ ਰਾਹੀਂ ਸਿਰਫ 7.5 ਮਿੰਟ ਲਗਦੇ ਹਨ ਅਤੇ ਇਕ ਵਿਅਕਤੀ ਦੀ ਟਿਕਟ ਵੀ 80 ਰੁਪਏ(ਦੋਨਾਂ ਪਾਸਿਆਂ ਦੀ) ਹੈ। ...ਤੇ ਰਾਜਗੀਰ ਦੇ ਪਹਾੜਾਂ ਦਾ ਮਨੋਹਰ ਦ੍ਰਿਸ਼-ਦਰਸ਼ਨ ਮੁਫਤੋ-ਮੁਫਤੀ !2000 ਫੁੱਟ ਲੰਮਾ ਇਹ ਰੋਪਵੇ ਸਿਰਫ ਵੀਰਵਾਰ ਵਾਲਾ ਦਿਨ ਛੱਡ ਕੇ ਚਲਦਾ ਰਹਿੰਦੈ ਅਤੇ ਇਸ ਵਿਚਲੀਆਂ ਕੁਰਸੀਆਂ ਉਪਰ ਬੈਠਣ ਦਾ ਆਪਣਾ ਹੀ ਅਨੰਦ ਹੈ। ਉਪਰ ਇਕ ਡਰੰਮ ਦੀ ਤਾਲ ਤੇ ਮੰਤਰਾਂ ਦਾ ਉਚਾਰਨ ਹੁੰਦਾ ਰਹਿੰਦਾ ਹੈ ਜੋ ਫਿਜ਼ਾ ਨੂੰ ਅਧਿਆਤਮਮਈ ਬਣਾ ਦਿੰਦਾ ਹੈ। ਪਰ ਬੱਚਿਆਂ ਨੂੰ ਇਸ ਵਿਚ ਚੜ੍ਹਨ ਦੀ ਮਨਾਹੀ ਹੈ। ਬਿਹਾਰ ਸਰਕਾਰ ਇਸ ਚੇਅਰ-ਕਾਰ ਵਾਲੇ ਸਿਸਟਮ ਨੂੰ ਕੈਬਿਨ ਵਾਲਾ ਬਣਾਉਣ ਬਾਰੇ ਵਿਚਾਰ ਰਹੀ ਹੈ ਤਾਂ ਕਿ ਬੱਚੇ ਵੀ ਬੈਠ ਸਕਣ। ਇਸ ਵਿਸ਼ਾਲ ਸਤੂਪ ਦੇ ਚਾਰ ਦਿਸ਼ਾਵਾਂ ਵਿਚ ਮਹਾਤਮਾ ਬੁੱਧ ਦੀਆਂ ਚਾਰ ਸੋਨੇ ਦੀਆਂ ਮੂਰਤੀਆਂ ਹਨ ਜੋ ਉਨ੍ਹਾਂ ਦੇ ਚਾਰ ਕਰਮਾਂ-ਜਨਮ, ਬੁੱਧਤਵ-ਪ੍ਰਾਪਤੀ, ਉਪਦੇਸ਼-ਪ੍ਰਦਾਨਤਾ ਅਤੇ ਮ੍ਰਿਤੂ ਦੀਆਂ ਪ੍ਰਤੀਕ ਹਨ। ਕੋਲ ਹੀ ਇਕ ਸੁੰਦਰ ਬੋਧ-ਮੰਦਿਰ ਵੀ ਹੈ। ਰਾਜਗੀਰ ਸੜਕ, ਰੇਲ ਅਤੇ ਹਵਾਈ ਮਾਰਗ ਰਾਹੀਂ ਦੇਸ਼ ਦੇ ਵਖ 2 ਭਾਗਾਂ ਨਾਲ ਜੁੜਿਆ ਹੈ। ਹਵਾਈ ਸਫਰ ਬੋਧ ਗਇਆ ਦੇ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਕੀਤਾ ਜਾ ਸਕਦੈ। ਬੋਧ ਗਇਆ ਅਤੇ ਰਾਜਗੀਰ ਦੀ ਸੜਕ ਰਾਹੀਂ ਦੂਰੀ 56 ਕਿ.ਮੀ. ਹੈ। ਰਾਜਗੀਰ ਦੀ ਖੂਬਸੂਰਤੀ ਦੇਖਿਆਂ ਹੀ ਬਣਦੀ ਹੈ, ਦੱਸ ਭਾਵੇਂ ਅਸੀਂ ਦਿੱਤਾ ਹੈ-'ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪਰਵਾਨੁ' !



# ਰਾਣਾ ਗੁਰਜੀਤ ਸਿੰਘ ਵੱਲੋਂ ਪੰਜਾਬ ਵਿੱਚ ਆਏ ਹੜ੍ਹ ਦੀ ਤਬਾਹੀ 'ਤੇ ਨਿਆਂਇਕ ਜਾਂਚ ਦੀ ਮੰਗ

ਕਪੂਰਥਲਾ, 5 ਸਤੰਬਰ (ਪੱਤਰ ਪ੍ਰੇਰਕ)-ਸੀਨੀਅਰ ਕਾਂਗਰਸ ਆਗੂ ਅਤੇ ਕਪੂਰਥਲਾ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਨੂੰ ਸੰਭਾਲਣ ਵਿੱਚ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ "ਪੂਰੀ ਨਾਕਾਮੀ" ਲਈ ਸਖਤ ਸਬਦਾਂ ਵਿੱਚ ਨਿਖੇਧੀ ਕੀਤੀ ਹੈ। ਅੱਜ ਮੀਡੀਆ ਨੂੰ ਜਾਰੀ ਪ੍ਰੈਸ ਬਿਆਨ ਵਿੱਚ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਗੰਭੀਰ ਚਿੰਤਾਵਾਂ ਜਾਹਰ ਕਰਦਿਆਂ ਕਿਹਾ ਕਿ ਇਹ ਵਿਆਪਕ ਹੜ੍ਹ ਕੁਦਰਤੀ ਆਫਤ ਨਹੀਂ ਸੀ, ਸਗੋਂ ਗੰਭੀਰ ਪ੍ਰਸਾਸਕੀ ਲਾਪਰਵਾਹੀਆਂ ਅਤੇ ਮਨੁੱਖੀ ਗਲਤੀਆਂ ਦਾ ਨਤੀਜਾ ਹੈ। ਹੜ੍ਹ ਸੰਕਟ ਦੀ ਨਿਆਂਇਕ ਜਾਂਚ ਦੀ ਮੰਗ ਕਰਦਿਆਂ ਰਾਣਾ ਗੁਰਜੀਤ ਸਿੰਘ ਨੇ ਮੰਗ ਕੀਤੀ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਦੀ ਅਗਵਾਈ ਹੇਠ ਜਾਂਚ ਕਮੇਟੀ ਬਣਾਈ ਜਾਵੇ, ਜੋ ਇਸ ਤਬਾਹੀ ਦੇ ਕਾਰਨਾਂ ਦੀ ਪੂਰੀ ਤਰ੍ਹਾਂ ਜਾਂਚ ਕਰੇ। ਉਨ੍ਹਾਂ ਕਿਹਾ, "ਪੰਜਾਬ ਅੱਜ ਜਿਸ ਬਰਬਾਦੀ ਦਾ ਸਾਹਮਣਾ ਕਰ ਰਿਹਾ ਹੈ,



ਉਹ ਸਿਰਫ ਕੁਦਰਤ ਕਾਰਨ ਨਹੀਂ ਸਗੋਂ ਪੰਜਾਬ ਸਰਕਾਰ ਦੀ ਤਿਆਰੀ ਦੀ ਘਾਟ ਅਤੇ ਗੰਭੀਰ ਬੇ-ਇੰਤਜਾਮੀ ਦਾ ਮੁੱਖ ਕਾਰਨ ਹੈ।" ਉਨ੍ਹਾਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੂੰ ਵੀ ਇਸ ਤਬਾਹੀ ਲਈ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ, "ਬੀਬੀਐਮਬੀ ਭਾਖੜਾ ਅਤੇ ਪੌਂਗ ਡੈਮਾਂ 'ਤੇ ਪਾਣੀ ਦੇ ਪ੍ਰਬੰਧ ਅਤੇ ਯੋਜਨਾ ਬਣਾਉਣ ਵਿੱਚ ਫੇਲ੍ਹ ਰਹੀ। ਉਨ੍ਹਾਂ ਕਿਹਾ ਕਿ ਪਾਣੀ ਦੇ ਇਨਫਲੋਅ ਤੇ ਆਉਟਫਲੋਅ ਨੂੰ ਢੰਗ ਨਾਲ ਕੰਟਰੋਲ ਨਾ ਕਰਨ ਕਾਰਨ ਹੜ੍ਹ ਦੀ ਸਥਿਤੀ ਹੋਰ ਗੰਭੀਰ ਹੋਈ ਹੈ।" ਰਣਜੀਤ ਸਾਗਰ ਡੈਮ (ਨਦੀ ਰਾਵੀ 'ਤੇ ਬਣਿਆ) ਤੋਂ ਵੀ ਪਾਣੀ ਛੱਡਿਆ ਗਿਆ, ਜਿਸ ਨਾਲ ਹਾਲਾਤ ਹੋਰ ਵਿਗੜ ਗਏ। ਰਾਣਾ ਗੁਰਜੀਤ ਸਿੰਘ ਨੇ ਜੋਰ ਦਿੰਦੇ ਹੋਏ ਕਿਹਾ ਕਿ ਬੀ ਬੀ ਐਮ ਬੀ ਨੂੰ ਪੰਜਾਬ ਦੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨੀ ਚਾਹੀਦੀ ਹੈ ਅਤੇ ਪਾਣੀ ਦੇ ਸਰੋਤਾਂ ਦੇ ਪ੍ਰਬੰਧ ਦੀ ਪੂਰੀ ਪ੍ਰਕਿਰਿਆ ਨੂੰ ਨਵੀਂ ਰਣਨੀਤੀ ਨਾਲ ਮੁੜ ਸੁਧਾਰਨਾ ਚਾਹੀਦਾ ਹੈ। ਉਨ੍ਹਾਂ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਤਬਾਹੀਆਂ ਤੋਂ ਬਚਣ ਲਈ, ਉਨ੍ਹਾਂ ਅੰਤਰਰਾਸਟਰੀ ਮਾਹਰਾਂ, ਇੰਜੀਨੀਅਰਾਂ ਅਤੇ ਖੇਤਰੀ ਵਿਸੇਸਗਿਆਨਾਂ ਦੀ ਇਕ ਵਿਸੇਸ ਕਮੇਟੀ ਬਣਾਉਣ ਦਾ ਸੁਝਾਅ ਦਿੱਤਾ। ਇਸ ਕਮੇਟੀ ਦਾ ਕੰਮ ਪੂਰੇ ਹੜ੍ਹ ਦੀ ਜਾਂਚ ਕਰਨਾ, ਗਲਤੀਆਂ ਦੀ ਪਛਾਣ ਕਰਨਾ ਅਤੇ ਸੁਧਾਰਾਤਮਕ ਢੰਗਾਂ ਦੀ ਸਿਫਾਰਸ ਕਰਨਾ ਹੋਵੇਗਾ। ਕਮੇਟੀ ਨੂੰ ਮੌਸਮੀ ਤਬਦੀਲੀ ਹੇਠ ਡੈਮਾਂ ਦੇ ਪ੍ਰਬੰਧ ਲਈ ਵੀ ਰਣਨੀਤੀ ਬਣਾਉਣੀ ਚਾਹੀਦੀ ਹੈ। ਰਾਹਤ ਕਾਰਜਾਂ ਵਿੱਚ ਕਮੀ ਦਾ ਜ਼ਿਕਰ ਕਰਦਿਆਂ ਕਪੂਰਥਲਾ ਦੇ ਵਿਧਾਇਕ ਨੇ ਕਿਹਾ, "ਰਾਹਤ ਸਮੱਗਰੀ ਜਾਂ ਵਲੰਟੀਅਰਾਂ ਦੀ ਕੋਈ ਘਾਟ ਨਹੀਂ ਹੈ, ਪਰ ਪ੍ਰਭਾਵਿਤ ਇਲਾਕਿਆਂ ਵਿੱਚ ਆਗੂਆਂ ਅਤੇ ਵੀ ਆਈਪੀ ਦੀਆਂ ਆਵਾਜਾਈ ਕਾਰਨ ਰਾਹਤ ਕਾਰਜ ਪ੍ਰਭਾਵਿਤ ਹੋ ਰਹੇ ਹਨ। ਪੰਜਾਬ ਸਰਕਾਰ ਨੂੰ ਇਸ ਉੱਤੇ ਤੁਰੰਤ ਰੋਕ ਲਗਾਉਣੀ ਚਾਹੀਦੀ ਹੈ।" ਰਾਣਾ ਗੁਰਜੀਤ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਜਲਦੀ ਤੋਂ ਜਲਦੀ ਕਿਸਾਨਾਂ ਦੀ ਜਮੀਨ ਵਿੱਚੋਂ ਮਿੱਟੀ ਹਟਾਉਣ (ਡੀ-ਸਿਲਟਿੰਗ) ਦੀ ਨੀਤੀ ਦਾ ਐਲਾਨ ਕੀਤਾ ਜਾਵੇ। ਉਨ੍ਹਾਂ ਕਿਹਾ, "ਕਿਸਾਨਾਂ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਇਆ ਹੈ। ਜੇਕਰ ਤੁਰੰਤ ਮਿੱਟੀ ਸੁਧਾਰ ਨਾ ਕੀਤਾ ਗਿਆ ਤਾਂ ਖੇਤੀਬਾੜੀ ਨੂੰ ਲੰਮੇ ਸਮੇਂ ਲਈ ਨੁਕਸਾਨ ਹੋਵੇਗਾ।" ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਕਿਸਾਨਾਂ ਨੂੰ ਆਪਣੀ ਜਮੀਨ 'ਚ ਆਈ ਰੇਤ ਵੇਚਣ ਦੀ ਆਜਾਦੀ ਦਿੱਤੀ ਜਾਵੇ। ਇਸ ਤੋਂ ਇਲਾਵਾ, ਉਨ੍ਹਾਂ ਮੰਗ ਕੀਤੀ ਕਿ ਵਿੱਚ ਡੈਮਾਂ ਅਤੇ ਸਿੰਚਾਈ ਪ੍ਰਣਾਲੀ ਦੇ ਪ੍ਰਬੰਧ ਲਈ ਡਾਇਰੈਕਟਰ ਇਰੀਗੇਸਨ ਦਾ ਅਹੁਦਾ ਪੰਜਾਬ ਦੇ ਇੰਜੀਨੀਅਰਾਂ ਨੂੰ ਸੌਂਪਿਆ ਜਾਵੇ ਕਿਉਂਕਿ ਉਹ ਸਥਾਨਕ ਭੂਗੋਲ ਅਤੇ ਸਿੰਚਾਈ ਦੀਆਂ ਲੋੜਾਂ ਨੂੰ ਵਧੀਆ ਢੰਗ ਨਾਲ ਸਮਝਦੇ ਹਨ। ਉਨ੍ਹਾਂ ਕਿਹਾ ਕਿ ਪਾਣੀ ਦੇ ਸੰਵੇਦਨਸੀਲ ਪ੍ਰਬੰਧ ਲਈ ਸਥਾਨਕ ਮਾਹਰਤਾ ਨੂੰ ਤਰਜੀਹ ਦੇਣੀ ਲਾਜਮੀ ਹੈ। ਵਿਧਾਇਕ ਨੇ ਮੌਸਮੀ ਤਬਦੀਲੀ ਦੇ ਪੈਟਰਨਾਂ ਦੇ ਅਧਿਐਨ ਦੀ ਵੀ ਜਰੂਰਤ 'ਤੇ ਜੋਰ ਦਿੱਤਾ ਜੋ ਮੀਂਹ ਅਤੇ ਦਰਿਆਵਾਂ ਦੇ ਪਾਣੀ ਦੇ ਪ੍ਰਵਾਹ 'ਤੇ ਅਸਰ ਪਾ ਰਹੇ ਹਨ। ਰਾਵੀ ਦਰਿਆ 'ਤੇ ਬਣੇ ਰਾਣਜੀਤ ਸਾਗਰ ਡੈਮ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਫ਼ਿਰੋਜਪੁਰ ਅਤੇ ਫਾਜ਼ਿਲਕਾ ਦੇ ਵਸਨੀਕ ਬਿਨਾਂ ਕਿਸੇ ਚੇਤਾਵਨੀ ਦੇ ਪਾਣੀ ਛੱਡੇ ਜਾਣ ਕਾਰਨ ਬੇਖਬਰ ਫਸ ਗਏ। ਉਨ੍ਹਾਂ ਪਾਣੀ ਰੀਚਾਰਜ ਸਿਸਟਮ ਬਣਾਉਣ ਦਾ ਵੀ ਸੁਝਾਅ ਦਿੱਤਾ ਜੋ ਹੜ੍ਹ ਦੇ ਪਾਣੀ ਨੂੰ ਧਰਤੀ ਵਿੱਚ ਸਮਾਉਣ ਯੋਗ ਬਣੇ, ਤਾਂ ਜੋ ਹੜ੍ਹ ਦੇ ਪ੍ਰਭਾਵ ਨੂੰ ਘਟਾਇਆ ਜਾ ਸਕੇ ਅਤੇ ਨਾਲ ਹੀ ਭੂਗਰਭੀ ਜਲ ਪੱਧਰ ਨੂੰ ਵੀ ਵਧਾਇਆ ਜਾ ਸਕੇ। "ਪੰਜਾਬ ਦੇ ਲੋਕ ਜਵਾਬ ਦੇ ਹੱਕਦਾਰ ਹਨ ਅਤੇ ਇਹ ਕਦੇ ਮੁੜ ਨਹੀਂ ਹੋਣਾ ਚਾਹੀਦਾ," ਰਾਣਾ ਗੁਰਜੀਤ ਸਿੰਘ ਨੇ ਕਿਹਾ, ਮਨੁਖੀ ਜਾਨਾਂ, ਸਮਾਨ, ਜਾਨਵਰ, ਦੂਧਾਰੋ ਖੇਤਾਂ ਅਤੇ ਫਸਲਾਂ ਨੂੰ ਹੋਏ ਭਾਰੀ ਨੁਕਸਾਨ ਨੂੰ ਲੈ ਕੇ ਚਿੰਤਾ ਜਾਹਰ ਕਰਦਿਆਂ।

## ਜ਼ਿਲ੍ਹਾ ਪੱਧਰੀ ਸਹਾਇਤਾ ਕੇਂਦਰ ਗੁਰਦਾਸਪੁਰ ਤੋਂ ਹੜ੍ਹ ਪੀੜ੍ਹਤ ਪਰਿਵਾਰਾਂ ਲਈ ਰਾਹਤ ਸਮਗਰੀ ਰਵਾਨਾ



ਗੁਰਦਾਸਪੁਰ, 5 ਸਤੰਬਰ (ਪੱਤਰ ਪ੍ਰੇਰਕ)-ਪੰਜਾਬ ਸਰਕਾਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸਾਸਨ ਗੁਰਦਾਸਪੁਰ ਵੱਲੋਂ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਯਤਨ ਲਗਾਤਾਰ ਜਾਰੀ ਹਨ। ਡਿਪਟੀ ਕਮਿਸਨਰ ਸ੍ਰੀ ਦਲਵਿੰਦਰਜੀਤ ਸਿੰਘ ਦੇ ਨਿਰਦੇਸਾਂ ਤਹਿਤ ਜ਼ਿਲ੍ਹਾ ਪ੍ਰਸਾਸਨ ਵੱਲੋਂ ਪੰਚਾਇਤ ਭਵਨ ਗੁਰਦਾਸਪੁਰ ਵਿਖੇ ਬਣਾਏ ਗਏ 'ਸਹਾਇਤਾ ਕੇਂਦਰ' ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਸਮਗਰੀ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਇਸ ਜ਼ਿਲ੍ਹਾ ਪੱਧਰੀ ਰਾਹਤ ਕੇਂਦਰ ਵੱਲੋਂ ਹੁਣ ਤੱਕ 5000 ਤੋਂ ਵੱਧ ਰਾਸਨ ਕਿੱਟਾਂ ਤੇ ਹੋਰ ਲੋੜੀਂਦਾ ਸਮਾਨ ਵੰਡਣ ਲਈ ਭੇਜਿਆ ਜਾ ਚੁੱਕਾ ਹੈ। ਜ਼ਿਲ੍ਹਾ ਪੱਧਰੀ ਸਹਾਇਤਾ ਕੇਂਦਰ ਦੇ ਨੋਡਲ ਅਫਸਰ ਸ੍ਰੀਮਤੀ ਨਵਜੋਤ ਸਰਮਾ ਨੇ ਦੱਸਿਆ ਕਿ ਇਸ ਕੇਂਦਰ ਤੋਂ ਹੁਣ ਤੱਕ 5000 ਤੋਂ ਵੱਧ ਰਾਸਨ ਦੀਆਂ ਕਿੱਟਾਂ, ਸੁੱਕੇ ਦੁੱਧ ਦੇ ਪੈਕੇਟ, ਬੱਚਿਆਂ ਲਈ ਬਿਸਕੁਟ, ਕੱਪੜੇ, ਵੱਡੀ ਮਾਤਰਾ ਵਿੱਚ ਸੈਨੇਟਰੀ ਪੈਡ ਅਤੇ ਹੋਰ ਘਰੇਲੂ ਜਰੂਰਤ ਦਾ ਸਮਾਨ ਭੇਜਿਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਰਾਹਤ ਕੇਂਦਰ ਵੱਲੋਂ ਤਰਪਾਲਾਂ ਅਤੇ 470 ਕੁਇੰਟਲ ਪਸੂਆਂ ਲਈ ਚਾਰਾ ਵੀ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਐਸ.ਡੀ.ਐਮਜ਼ ਵੱਲੋਂ ਰਾਹਤ ਸਮਗਰੀ ਦੀ ਜੋ ਵੀ ਡਿਮਾਂਡ ਆਉਂਦੀ ਹੈ ਜ਼ਿਲ੍ਹਾ ਪੱਧਰੀ ਰਾਹਤ ਕੇਂਦਰ ਵੱਲੋਂ ਉਸ ਨੂੰ ਪੂਰਾ ਕੀਤਾ ਜਾਂਦਾ ਹੈ। ਆਰ.ਟੀ.ਓ. ਸ੍ਰੀਮਤੀ ਨਵਜੋਤ ਸਰਮਾ ਨੇ ਸਮਾਜ ਸੇਵੀ ਸੰਸਥਾਵਾਂ ਅਤੇ ਦਾਨੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਹੜ੍ਹ ਪੀੜ੍ਹਤਾਂ ਨੂੰ ਰਾਹਤ ਸਮਗਰੀ ਦੇਣ ਤੋਂ ਪਹਿਲਾਂ ਜ਼ਿਲ੍ਹਾ ਪ੍ਰਸਾਸਨ ਨਾਲ ਰਾਬਤਾ ਜਰੂਰ ਕਰਨ ਤਾਂ ਜੋ ਉਨ੍ਹਾਂ ਨੂੰ ਇਹ ਪਤਾ ਲੱਗ ਜਾਵੇਗਾ ਕਿ ਕਿਸ ਇਲਾਕੇ ਵਿੱਚ ਮਦਦ ਦੀ ਜ਼ਿਆਦਾ ਜਰੂਰਤ ਹੈ ਅਤੇ ਹੜ੍ਹ ਪੀੜ੍ਹਤਾਂ ਦੀਆਂ ਲੋੜਾਂ ਕੀ ਹਨ। ਉਨ੍ਹਾਂ ਕਿਹਾ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਸਹਾਇਤ ਕੇਂਦਰ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਹਰ ਸਮੇਂ ਹਾਜ਼ਰ ਹੈ।

## ਮਾਨਸਾ ਵਿੱਚ ਮੀਂਹ ਪ੍ਰਭਾਵਿਤ ਲੋਕਾਂ ਨੂੰ ਖਾਣੇ ਦਾ ਪ੍ਰਬੰਧ ਕਰ ਰਹੀਆਂ ਧਾਰਮਿਕ ਜਥੇਬੰਦੀਆਂ : ਗੁਰਲਾਭ ਮਾਹਲ , ਬੱਬੀ ਦਾਨੇਵਾਲੀਆ



ਮਾਨਸਾ, 5 ਸਤੰਬਰ:- (ਗੁਰਪ੍ਰੀਤ ਧਾਲੀਵਾਲ) ਪ੍ਰਸ਼ਾਸਨ ਅਤੇ ਸਰਕਾਰੀ ਨੁਮਾਇੰਦਿਆਂ ਦੀ ਗੈਰ ਹਾਜ਼ਰੀ ਭਾਰੀ ਮੀਂਹ ਪ੍ਰਭਾਵਿਤ ਸ਼ਹਿਰ ਪ੍ਰਭਾਵਿਤ ਲੋਕਾਂ ਦੇ ਮੱਦਦ ਤੇ ਆਇਆ ਮਾਨਸਾ ਦੀਆਂ ਸੰਸਥਾਵਾਂ। ਮਾਨਸਾ ਸ਼ਹਿਰ ਵਿੱਚ ਭਾਰੀ ਮੀਂਹ ਵਿੱਚ ਹੜ੍ਹ ਜਿਹੇ ਹਾਲਾਤ ਵਿੱਚ ਮਾਨਸਾ ਦੇ ਨੀਵੇਂ ਏਰੀਏ ਦੇ ਲੋਕਾਂ ਲਈ ਅੱਜ ਸ਼ਾਮ ਖਾਣੇ ਦਾ ਪ੍ਰਬੰਧ ਸ੍ਰੀ ਹਰ ਹਰ ਮਹਾਂਦੇਵ ਸੇਵਾ ਮੰਡਲ ਮਾਨਸਾ ਅਤੇ ਬੁੱਢਾ ਦਲ ਗੁਰਦਵਾਰਾ ਸਾਹਿਬ ਪਿੰਡ ਮਾਨਸਾ ਖੁਰਦ ਅਤੇ ਮਾਨਸਾ ਦੀ ਧਾਰਮਿਕ ਸੰਸਥਾਵਾ ਦੇ ਸਹਿਯੋਗ ਨਾਲ ਕੀਤਾ ਗਿਆ। ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਇਹ ਕੋਸ਼ਿਸ਼ ਕਰਨ ਗੀਆਂ ਕੇ ਮਾਨਸਾ ਦੇ ਮੀਂਹ ਪ੍ਰਭਾਵਿਤ ਹਰ ਘਰ ਖਾਣਾ ਪਹੁੰਚਾਇਆ ਜਾਵੇ । ਇਸ ਖਾਣੇ ਦਾ ਪ੍ਰਬੰਧ ਕਰਦੇ ਮੁਨੀਸ਼ ਬੱਬੀ ਦਾਨੇਵਾਲੀਆ ਅਤੇ ਗੁਰਲਾਭ ਸਿੰਘ ਮਾਹਲ ਐਡਵੋਕੇਟ ਨੇ ਕਿਹਾ ਕਿ ਮਾਨਸਾ ਵਿੱਚ ਬੂਹਤ ਭਾਰੀ ਮੀਂਹ ਪੈਣ ਕਾਰਨ ਆਮ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਪੰਜਾਬ ਸਰਕਾਰ ਅਤੇ ਮਾਨਸਾ ਪ੍ਰਸ਼ਾਸਨ ਆਪਣੀ ਜਿੰਮੇਵਾਰੀ ਤੋਂ ਭੱਜ ਰਹੇ ਹੈ। ਸਾਰਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੇ ਆਗੂ ਆਪਣੇ ਘਰਾਂ ਵਿੱਚ ਬੈਠੇ ਹਨ ਮਾਨਸਾ ਦੇ ਲੋਕਾਂ ਨੂੰ ਰੱਬ ਭਰੋਸੇ ਛੱਡ ਦਿੱਤਾ ਹੈ। ਜੋ ਕਿ ਬਹੁਤ ਨਿੰਦਣਯੋਗ ਗੱਲ ਹੈ। ਪਰ ਮਾਨਸਾ ਦੇ ਆਮ ਲੋਕਾਂ ਦੀ ਸਾਰ ਮਾਨਸਾ ਦੀਆਂ ਧਾਰਮਿਕ ਸੰਸਥਾਵਾਂ ਆਮ ਲੋਕਾਂ ਦੇ ਸਹਿਯੋਗ ਨਾਲ ਕੁਦਰਤ ਦੀ ਕਰੋਪੀ ਨਾਲ ਨਜਿੱਠਣਗੇ। ਉਹਨਾਂ ਦੱਸਿਆ ਕੇ ਸ਼ਾਮ ਨੂੰ ਲੰਗਰ ਦਾ ਪ੍ਰਬੰਧ ਮਾਨਸਾ ਰੇਲਵੇ ਲਾਈਨ ਦੇ ਦੋਹੇਂ ਪਾਸੇ ਰਹਿੰਦੇ ਲੋਕਾਂ ਲਈ ਕੀਤਾ ਜਾਵੇਗਾ। ਲੰਗਰ ਨੂੰ ਜਰੂਰਤ ਮੰਦ ਲੋਕ ਸ਼ਾਮ 5 ਵਜੇ ਤੋਂ ਸ਼ਾਮ 7 ਵਜੇ ਤੱਕ ਰੇਲਵੇ ਫਾਟਕ ਮਾਨਸਾ ਤੋਂ ਪ੍ਰਾਪਤ ਕਰ ਸਕਦੇ ਹਨ। ਇਸ ਸਮੇ ਗਿਆਨ ਚੰਦ, ਅਰੁਣ ਬਿੱਟੂ, ਰਾਜਬੀਰ ਸਿੰਘ ਮਾਨਸ਼ਾਹੀਆ, ਵਿਵੇਕ ਕੁਮਾਰ , ਇੰਦਰ ਸੈਨ ਅਤੇ ਰਘਬੀਰ ਸਿੰਘ ਨੇ ਅਪਣਾ ਸਹਿਯੋਗ ਕੀਤਾ।

## ਹੜ੍ਹਾਂ ਦੇ ਮੱਦੇਨਜ਼ਰ 33000 ਲੀਟਰ ਪੈਟਰੋਲ ਅਤੇ 46500 ਲੀਟਰ ਡੀਜ਼ਲ ਦਾ ਭੰਡਾਰ ਅਲਾਟ

ਚੰਡੀਗੜ੍ਹ, 5 ਸਤੰਬਰ (ਪੱਤਰ ਪ੍ਰੇਰਕ)-ਸੂਬੇ ਭਰ ਵਿੱਚ ਆਏ ਭਾਰੀ ਹੜ੍ਹਾਂ ਦੇ ਮੱਦੇਨਜ਼ਰ ਚੁਣੌਤੀਪੂਰਨ ਸਥਿਤੀਆਂ ਨਾਲ ਨਜਿੱਠਣ ਲਈ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਨੇ ਸੂਬੇ ਦੇ ਸਾਰੇ ਪੈਟਰੋਲ ਪੰਪਾਂ ਲਈ ਪ੍ਰਤੀ ਪੈਟਰੋਲ ਪੰਪ ਦੇ ਆਧਾਰ 'ਤੇ ਕੁੱਲ 33000 ਲੀਟਰ ਪੈਟਰੋਲ, 46500 ਲੀਟਰ ਡੀਜ਼ਲ ਭੰਡਾਰ ਅਲਾਟ ਕੀਤਾ ਹੈ, ਤੇ ਇਸ ਤੋਂ ਇਲਾਵਾ ਪ੍ਰਤੀ ਗੈਸ ਏਜੰਸੀ ਦੇ ਆਧਾਰ 'ਤੇ 1320 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ। ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹੇ ਲਈ ਪ੍ਰਤੀ ਪੈਟਰੋਲ ਪੰਪ ਦੇ ਆਧਾਰ 'ਤੇ 4000 ਲੀਟਰ ਪੈਟਰੋਲ ਅਤੇ 4000 ਲੀਟਰ ਡੀਜ਼ਲ ਭੰਡਾਰ ਅਲਾਟ ਕੀਤਾ ਹੈ, ਅਤੇ ਪ੍ਰਤੀ ਏਜੰਸੀ ਦੇ ਆਧਾਰ 'ਤੇ 50 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ। ਇਸੇ ਤਰ੍ਹਾਂ ਬਰਨਾਲਾ ਨੂੰ 1000 ਲੀਟਰ ਪੈਟਰੋਲ ਤੇ 1500 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ ਅਤੇ ਬਠਿੰਡਾ ਨੂੰ 1500 ਲੀਟਰ ਪੈਟਰੋਲ ਤੇ 3000 ਲੀਟਰ ਡੀਜਲ ਨਾਲ 25 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ। ਇਸੇ ਤਰ੍ਹਾਂ ਫਰੀਦਕੋਟ ਦੇ ਪੈਟਰੋਲ ਪੰਪਾਂ ਨੂੰ 1000 ਲੀਟਰ ਪੈਟਰੋਲ ਤੇ 1000 ਲੀਟਰ ਡੀਜਲ ਨਾਲ 50 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ। ਫਿਰੋਜਪੁਰ ਅਤੇ ਫਾਜ਼ਿਲਕਾ (ਹਰੇਕ) ਲਈ 1000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜਲ ਨਾਲ 50 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ,



ਫਤਿਹਗੜ੍ਹ ਸਾਹਿਬ ਲਈ 1000 ਲੀਟਰ ਪੈਟਰੋਲ ਅਤੇ 1000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਗੁਰਦਾਸਪੁਰ ਲਈ 2000 ਲੀਟਰ ਪੈਟਰੋਲ ਅਤੇ 3000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਹੁਸ਼ਿਆਰਪੁਰ ਲਈ 500 ਲੀਟਰ ਪੈਟਰੋਲ ਅਤੇ 1000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਜਲੰਧਰ ਲਈ 500 ਲੀਟਰ ਪੈਟਰੋਲ ਅਤੇ 1000 ਲੀਟਰ ਡੀਜਲ ਨਾਲ 100 ਗੈਸ ਸਿਲੰਡਰ, ਕਪੂਰਥਲਾ ਲਈ 500 ਲੀਟਰ ਪੈਟਰੋਲ ਅਤੇ 1000 ਲੀਟਰ ਡੀਜਲ ਨਾਲ 50 ਗੈਸ ਸਿਲੰਡਰ, ਲੁਧਿਆਣਾ ਲਈ 1000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜਲ ਨਾਲ 50 ਗੈਸ ਸਿਲੰਡਰ, ਮਲੇਰਕੋਟਲਾ ਲਈ 1000 ਲੀਟਰ ਪੈਟਰੋਲ ਅਤੇ 1000 ਲੀਟਰ ਡੀਜਲ ਨਾਲ 25 ਗੈਸ ਸਿਲੰਡਰ ਅਤੇ ਮਾਨਸਾ ਲਈ 1000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ। ਇਸੇ ਤਰ੍ਹਾਂ ਮੋਗਾ ਲਈ 1000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜ਼ਲ ਨਾਲ 100 ਗੈਸ ਸਿਲੰਡਰ, ਪਟਿਆਲਾ ਲਈ 2000 ਲੀਟਰ ਪੈਟਰੋਲ ਅਤੇ 3000 ਲੀਟਰ ਡੀਜ਼ਲ ਨਾਲ 65 ਗੈਸ ਸਿਲੰਡਰ, ਪਠਾਨਕੋਟ ਲਈ 2000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜ਼ਲ ਨਾਲ 50 ਗੈਸ ਸਿਲੰਡਰ, ਰੂਪਨਗਰ ਲਈ 2000 ਲੀਟਰ ਪੈਟਰੋਲ ਅਤੇ 3000 ਲੀਟਰ ਡੀਜ਼ਲ ਨਾਲ 100 ਗੈਸ ਸਿਲੰਡਰ, ਐਸ.ਏ.ਐਸ. ਨਗਰ ਲਈ 2000 ਲੀਟਰ ਪੈਟਰੋਲ ਅਤੇ 3000 ਲੀਟਰ ਡੀਜ਼ਲ ਨਾਲ 80 ਗੈਸ ਸਿਲੰਡਰ, ਐਸ.ਬੀ.ਐਸ. ਲਈ 2000 ਲੀਟਰ ਪੈਟਰੋਲ ਅਤੇ 2000 ਲੀਟਰ ਡੀਜ਼ਲ ਨਾਲ 100 ਗੈਸ ਸਿਲੰਡਰ, ਸ੍ਰੀ ਮੁਕਤਸਰ ਸਾਹਿਬ ਲਈ 1000 ਲੀਟਰ ਪੈਟਰੋਲ ਅਤੇ 1000 ਲੀਟਰ ਡੀਜਲ ਨਾਲ 25 ਗੈਸ ਸਿਲੰਡਰ, ਸੰਗਰੂਰ ਲਈ 1000 ਲੀਟਰ ਪੈਟਰੋਲ ਅਤੇ 1000 ਲੀਟਰ ਡੀਜਲ ਨਾਲ 50 ਗੈਸ ਸਿਲੰਡਰ, ਤਰਨਤਾਰਨ ਲਈ 3000 ਲੀਟਰ ਪੈਟਰੋਲ ਅਤੇ 4000 ਲੀਟਰ ਡੀਜਲ ਭੰਡਾਰ ਨਾਲ 50 ਗੈਸ ਸਿਲੰਡਰ ਅਲਾਟ ਕੀਤੇ ਗਏ ਹਨ।

## ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲਗਾਤਾਰ ਸੇਵਾ ਕਰਨ ਵਾਲੇ ਨਵਨੀਤ ਸਿੰਘ ਦੀ ਹਰੇ ਚਾਰੇ ਦੀ ਸੇਵਾ ਦੌਰਾਨ ਹੋਈ ਮੌਤ

ਮਾਨਸਾ, 5 ਸਤੰਬਰ:- (ਗੁਰਪ੍ਰੀਤ ਧਾਲੀਵਾਲ) ਜਿਵੇਂ ਕਿ ਪੰਜਾਬ ਵਿੱਚ ਲਗਾਤਾਰ ਮੀਂਹ ਪੈਣ ਕਰਕੇ ਹੜ੍ਹਾਂ ਦੀ ਮਾਰ ਵਿੱਚ ਆਏ ਪਿੰਡਾਂ ਦੇ ਪਸ਼ੂਆਂ ਦੇ ਲਈ ਲਗਾਤਾਰ ਮਾਨਸਾ ਤੋਂ ਹਰੇ ਚਾਰੇ ਦੀ ਸੇਵਾ ਨਿਭਾਈ ਜਾ ਰਹੀ ਹੈ। ਇਸੇ ਦੌਰਾਨ ਕੱਲ ਰਾਤ ਨੂੰ ਆਪਣੀ ਸੇਵਾ ਨਿਭਾਉਣ ਤੋਂ ਬਾਅਦ ਨਵਨੀਤ ਸਿੰਘ ਨੀਟੂ ਢੈਪਈ (ਹਲਕਾ ਕੋਆਰਡੀਨੇਟਰ ਯੂਥ ਵਿੰਗ੍ ਆਪ ਹਲਕਾ ਮਾਨਸਾ) ਆਪਣੇ ਪਿੰਡ ਜਾਣ ਲਈ ਰਵਾਨਾ ਹੋਇਆ ਤਾਂ ਅਚਾਨਕ ਇੱਕ ਦਰਦਨਾਕ ਹਾਦਸੇ 'ਚ ਸਾਨੂੰ ਸਦਾ ਲਈ ਛੱਡ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਪ੍ਰੀਤ ਸਿੰਘ ਭੁੱਚਰ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਮੰਡੀ ਬੋਰਡ ਮਾਨਸਾ ਨੇ ਕਿਹਾ ਕਿ ਨਵਨੀਤ ਸਿੰਘ ਨੀਟੂ ਦੂਜਿਆਂ ਲਈ ਜੀਣਾ ਵਾਲਾ, ਖੁਦ ਦੁਨੀਆਂ ਨੂੰ ਇੰਨ੍ਹਾਂ ਜਲਦੀ ਅਲਵਿਦਾ ਆਖ ਗਿਆ ਜਿਸ ਬਾਰੇ ਸਾਇਦ ਅਸੀਂ ਕਦੇ ਸੋਚਿਆ ਵੀ ਨਹੀਂ ਸੀ। ਸਾਡੇ ਯੂਥ ਵਿੰਗ ਪਰਿਵਾਰ ਦਾ ਚੜ੍ਹਦਾ ਸੋਹਣਾ ਜਵਾਨ, ਭਰਾ ਕੱਲ੍ਹ ਹੀ ਉਹ ਮਾਨਸਾ ਵਿਖੇ ਹੜ੍ਹ ਪੀੜਤਾਂ ਲਈ ਹਰੇ-ਚਾਰੇ ਦਾ ਟੋਕਾ ਕਰਵਾ ਕੇ ਆਪਣੇ ਪਿੰਡ ਵਾਪਸ ਮੁੜ ਰਿਹਾ ਸੀ ਕਿ ਰਸਤੇ ਵਿੱਚ ਮੋਟਰਸਾਈਕਲ ਅੱਗੇ ਅਵਾਰਾ ਢੱਠਾ ਆ ਗਿਆ ਜਿਸ ਨਾਲ ਜ਼ਿਆਦਾ ਸੱਟਾਂ ਵੱਜਣ ਨਾਲ ਉਸਦੀ ਜਾਨ ਚਲੀ ਗਈ। ਇਸ ਮੌਕੇ ਤੇ ਕ੍ਰਿਸਨ ਸਿੰਘ ਧਾਲੀਵਾਲ



ਜ਼ਿਲ੍ਹਾ ਜਨਰਲ ਸਕੱਤਰ ਨੇ ਦੁੱਖੀ ਹਿਰਦੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨੀਟੂ ਭਰਾ ਹਮੇਸ਼ਾ ਪਿੰਡਾਂ ਦੇ ਹੱਕਾਂ, ਨੌਜਵਾਨਾਂ ਦੀਆਂ ਆਵਾਜ਼ਾਂ ਤੇ ਲੋਕਾਂ ਦੀ ਭਲਾਈ ਲਈ ਅੱਗੇ ਰਹਿੰਦਾ ਸੀ। ਜੋ ਕਿ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਪ੍ਰਮਾਤਮਾਂ ਨੇ ਬਹੁਤ ਮਾੜੀ ਕੀਤੀ ਹੈ ਸਾਡੇ ਤੋਂ ਸਾਡਾ ਮਿਹਨਤੀ, ਹੱਕ ਸੱਚ ਲਈ ਖੜ੍ਹਨ ਵਾਲਾ ਭਰਾ ਸਾਡੇ ਤੋਂ ਖੋ ਲਿਆ। ਅੱਜ ਸਾਡੀ ਯੂਥ ਵਿੰਗ ਨੇ ਇੱਕ ਨਿਡਰ ਸਿਪਾਹੀ, ਸੱਚਾ ਸਾਥੀ ਤੇ ਲੋਕਾਂ ਦੀਆਂ ਧੜਕਨਾਂ ਵਾਂਗੂੰ ਯੁਵਕ ਖੋ ਦਿੱਤਾ ਹੈ। ਪ੍ਰਮਾਤਮਾਂ ਉਸਦੀ ਆਤਮਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸੇ ਅਤੇ ਪਰਿਵਾਰ ਨੂੰ ਇਹ ਵੱਡਾ ਘਾਟਾ ਸਹਿਣ ਦੀ ਹਿੰਮਤ ਦੇਵੇ।

## ਮੁਕਤਸਰ ਪੁਲਿਸ ਵੱਲੋਂ ਨਸ਼ਿਆਂ ਖਿਲਾਫ ਕਾਰਵਾਈ ਦੌਰਾਨ ਸਾਢੇ ਤਿੰਨ ਕਿਲੋ ਅਫੀਮ ਸਮੇਤ ਦੋ ਗ੍ਰਿਫਤਾਰ



ਸ੍ਰੀ ਮੁਕਤਸਰ ਸਾਹਿਬ, 5 ਸਤੰਬਰ (ਪੱਤਰ ਪ੍ਰੇਰਕ)-ਨਸਾ ਤਸਕਰੀ ਵਿਰੁੱਧ ਚੱਲ ਰਹੀ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਤਹਿਤ ਐਸ.ਐਸ.ਪੀ. ਡਾ. ਅਖਿਲ ਚੌਧਰੀ, ਆਈ.ਪੀ.ਐਸ ਵੱਲੋਂ ਜ਼ਿਲ੍ਹੇ ਵਿੱਚ ਨਸ਼ਿਆਂ ਖਿਲਾਫ ਨਿਰੰਤਰ ਕਾਰਵਾਈ ਕੀਤੀ ਜਾ ਰਹੀ ਹੈ। ਇਸ ਅਭਿਆਨ ਹੇਠ ਸ੍ਰੀ ਮਨਮੀਤ ਸਿੰਘ ਢਿੱਲੋਂ ਐਸ.ਪੀ (ਡੀ) ਅਤੇ ਸ੍ਰੀ ਰਸਪਾਲ ਸਿੰਘ ਡੀ.ਐਸ.ਪੀ (ਡੀ) ਦੀ ਨਿਗਰਾਨੀ ਹੇਠ ਥਾਣਾ ਸਿਟੀ ਮਲੋਟ ਪੁਲਿਸ ਵੱਲੋਂ 03 ਕਿਲੋ 500 ਗ੍ਰਾਮ ਅਫੀਮ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ ਪੁਲਿਸ ਪਾਰਟੀ ਵੱਲੋਂ ਜੀ.ਟੀ. ਰੋਡ, ਪਿੰਡ ਰਥੜੀਆ ਨਜਦੀਕ ਚੈਕਿੰਗ ਦੌਰਾਨ ਇੱਕ ਕਾਲੀ ਸਕਾਰਪਿਓ ਨੂੰ ਰੋਕ ਕੇ ਚੈਕ ਕੀਤਾ ਗਿਆ। ਇਸ ਵਿੱਚੋਂ ਦੋ ਵਿਅਕਤੀ ਗੁਰਬਖਸ ਸਿੰਘ ਅਤੇ ਸਿਕੰਦਰ ਸਿੰਘ ਬੈਠੇ ਹੋਏ ਮਿਲੇ ਜਿਨ੍ਹਾਂ ਦੀ ਤਲਾਸੀ ਦੌਰਾਨ 3 ਕਿਲੋ 500 ਗ੍ਰਾਮ ਅਫੀਮ ਬਰਾਮਦ ਹੋਈ। ਇਸ ਸਬੰਧ ਵਿੱਚ ਥਾਣਾ ਸਿਟੀ ਮਲੋਟ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਹੈ। ਗ੍ਰਿਫਤਾਰ ਮੁਲਜਮਾਂ ਦੀ ਪਛਾਣ ਗੁਰਬਖਸ ਸਿੰਘ, ਪੁੱਤਰ ਰਾਮ ਸਿੰਘ, ਵਾਸੀ ਪਿੰਡ ਕੁਦਈਆ, ਥਾਣਾ ਮੰਦਨਾਪੁਰ, ਜ਼ਿਲ੍ਹਾ ਸਾਹਜਹਾਂਪੁਰ (ਉੱਤਰ ਪ੍ਰਦੇਸ) ਅਤੇ ਸਿਕੰਦਰ ਸਿੰਘ, ਪੁੱਤਰ ਸੁਖਮੰਦਰ ਸਿੰਘ, ਵਾਸੀ ਪਿੰਡ ਜੋੜਕੀ ਅੰਧੇਵਾਲੀ, ਥਾਣਾ ਅਰਨੀਵਾਲਾ, ਜ਼ਿਲ੍ਹਾ ਫਾਜ਼ਿਲਕਾ ਵਜੋਂ ਕੀਤੀ ਗਈ ਹੈ। ਪੁਲਿਸ ਹੁਣ ਮੁਲਜਮ ਨੂੰ ਅਦਾਲਤ ਵਿੱਚ ਪੇਸ ਕਰਕੇ ਰਿਮਾਂਡ ਹਾਸਿਲ ਕਰੇਗੀ ਜਿਸ ਤੋਂ ਬਾਅਦ ਅਗਲੀ ਪੁੱਛ ਪੜਤਾਲ ਕੀਤੀ ਜਾਏਗੀ।ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਡਰੱਗ ਸਪਲਾਈ ਚੇਨਾਂ ਨੂੰ ਖਤਮ ਕਰਨ ਅਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸਾਮਲ ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਕਰਨ ਲਈ ਵਚਨਬੱਧਤਾ ਜਤਾਈ ਗਈ ਹੈ। ਪੁਲਿਸ ਨੇ ਜਨਤਾ ਨੂੰ ਚੌਕਸ ਰਹਿਣ ਅਤੇ ਬਿਨਾਂ ਕਿਸੇ ਡਰ ਦੇ ਕਿਸੇ ਵੀ ਨਸ਼ਿਆਂ ਨਾਲ ਸੰਬੰਧਤ ਗਤੀਵਿਧੀ ਦੀ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ ਦੀ ਅਪੀਲ ਕੀਤੀ ਹੈ । ਸੂਚਨਾ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਏਗਾ।

### ਅੰਮ੍ਰਿਤਸਰ ਡੀਸੀ ਦ.ਫਤਰ ਦੇ ਬਾਹਰ ਕਿਸਾਨਾਂ ਵੱਲੋਂ ਹੰਗਾਮਾ

ਅੰਮ੍ਰਿਤਸਰ, 5 ਸਤੰਬਰ (ਪੱਤਰ ਪ੍ਰੇਰਕ)-ਹੜ੍ਹਾਂ ਨਾਲ ਬਰਬਾਦ ਹੋਈਆਂ ਫਸਲਾਂ ਦੇ ਮੁਆਵਜੇ ਦੀ ਮੰਗ ਨੂੰ ਲੈ ਕੇ ਅੱਜ ਅੰਮ੍ਰਿਤਸਰ ਵਿੱਚ ਕਿਸਾਨਾਂ ਦਾ ਗੁੱਸਾ ਫੁੱਟਿਆ । ਪ੍ਰਦਰਸਨਕਾਰੀ ਕਿਸਾਨਾਂ ਨੇ ਡੀਸੀ ਦਫਤਰ ਦੇ ਬਾਹਰ ਜਬਰਦਸਤ ਹੰਗਾਮਾ ਕੀਤਾ, ਜਿਸ ਤੋਂ ਬਾਅਦ ਉਨ੍ਹਾਂ ਦੀ ਪੁਲਿਸ ਨਾਲ ਧੱਕਾ-ਮੁੱਕੀ ਵੀ ਹੋਈ। ਕਿਸਾਨ ਹੜ੍ਹ ਪ੍ਰਭਾਵਿਤ ਫਸਲਾਂ ਲਈ 70,000 ਰੁਪਏ ਪ੍ਰਤੀ ਏਕੜ ਮੁਆਵਜੇ ਦੀ ਮੰਗ ਕਰ ਰਹੇ ਹਨ।
1. ਮੁਆਵਜੇ ਦੀ ਮੰਗ: ਕਿਸਾਨ ਹੜ੍ਹਾਂ ਕਾਰਨ ਆਪਣੀਆਂ ਤਬਾਹ ਹੋ ਚੁੱਕੀਆਂ ਫਸਲਾਂ ਲਈ ਤੁਰੰਤ ਮੁਆਵਜੇ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਜਲਦ ਤੋਂ ਜਲਦ ਉਨ੍ਹਾਂ ਨੂੰ 70,000 ਰੁਪਏ ਪ੍ਰਤੀ ਏਕੜ ਦਾ ਮੁਆਵਜਾ ਦੇਣਾ ਚਾਹੀਦਾ ਹੈ ਤਾਂ ਜੋ ਉਹ ਇਸ ਸੰਕਟ ਵਿੱਚੋਂ ਉੱਭਰ ਸਕਣ।
2. ਕੇਂਦਰੀ ਮੰਤਰੀ ਦੇ ਦੌਰੇ ਤੋਂ ਬਾਅਦ ਵਧੀਆਂ ਉਮੀਦਾਂ: ਇਹ ਪ੍ਰਦਰਸਨ ਕੇਂਦਰੀ ਖੇਤੀਬਾੜੀ ਮੰਤਰੀ ਸਿਵਰਾਜ ਸਿੰਘ ਚੌਹਾਨ ਦੇ ਕੱਲ੍ਹ ਦੇ ਦੌਰੇ ਤੋਂ ਠੀਕ ਇੱਕ ਦਿਨ ਬਾਅਦ ਹੋਇਆ ਹੈ।

## ਹੜ੍ਹ ਪੀੜਤਾਂ ਦੀ ਮਦਦ ਲਈ ਅਧਿਆਪਕਾਂ ਨੇ ਦਿੱਤੀ 1 ਲੱਖ ਰੁਪਏ ਦੀ ਰਾਸ਼ੀ

ਹੁਸ਼ਿਆਰਪੁਰ, 5 ਸਤੰਬਰ (ਪੱਤਰ ਪ੍ਰੇਰਕ)-ਸਿੱਖਿਆ ਵਿਭਾਗ ਨੇ



ਇਕ ਵਾਰ ਫਿਰ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਂਦੇ ਹੋਏ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਇੱਕ ਸਲਾਘਾਯੋਗ ਪਹਿਲ ਕੀਤੀ ਹੈ। ਹਾਲ ਹੀ ਵਿੱਚ ਹੋਈ ਭਾਰੀ ਬਾਰਿਸ ਕਾਰਨ ਜ਼ਿਲ੍ਹੇ ਦੇ ਕਈ ਪਿੰਡ ਪਾਣੀ ਵਿੱਚ ਡੁੱਬ ਗਏ, ਜਿਸ ਕਾਰਨ ਭਾਰੀ ਨੁਕਸਾਨ ਹੋਇਆ ਸੀ। ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਹੁਸ਼ਿਆਰਪੁਰ ਬਲਾਕ ਵਨ-ਏ, ਵਨ-ਬੀ ਅਤੇ ਬਲਾਕ 2-ਏ ਅਤੇ 2-ਬੀ ਦੇ ਅਧਿਆਪਕਾਂ ਨੇ ਮਿਲ ਕੇ 1 ਲੱਖ ਰੁਪਏ ਦੀ ਰਾਸੀ ਇਕੱਠੀ ਕੀਤੀ, ਜੋ ਕਿ ਉਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਅਮਨਦੀਪ ਸਰਮਾ ਦੀ ਅਗਵਾਈ ਹੇਠ ਰੈੱਡ ਕਰਾਸ ਰਾਹਤ ਫੰਡ ਲਈ ਐਸ.ਡੀ.ਐਮ ਗੁਰਸਿਮਰਨਜੀਤ ਕੌਰ ਨੂੰ ਭੇਟ ਕੀਤੀ ਗਈ। ਇਸ ਮੌਕੇ ਅਮਨਦੀਪ ਸਰਮਾ ਨੇ ਕਿਹਾ ਕਿ ਅਧਿਆਪਕ ਭਾਈਚਾਰਾ ਸਿਰਫ ਪੜ੍ਹਾਈ ਤੱਕ ਹੀ ਸੀਮਤ ਨਹੀਂ ਹੈ, ਸਗੋਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਵੀ ਹਮੇਸਾ ਮੋਹਰੀ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਨੇ ਬਹੁਤ ਸਾਰੇ ਲੋਕਾਂ ਦੇ ਘਰ ਵਹਾ ਦਿੱਤੇ, ਭੋਜਨ ਪ੍ਰਾਪਤ ਕਰਨਾ ਮੁਸਕਲ ਹੋ ਗਿਆ ਅਤੇ ਪਸੂਆਂ ਨੂੰ ਵੀ ਪ੍ਰਭਾਵਿਤ ਕੀਤਾ। ਅਜਿਹੇ ਹਾਲਾਤਾਂ ਵਿੱਚ ਅਧਿਆਪਕਾਂ ਨੇ ਸਮੂਹਿਕ ਯਤਨਾਂ ਰਾਹੀਂ ਇਹ ਰਕਮ ਇਕੱਠੀ ਕੀਤੀ ਹੈ। ਉਨ੍ਹਾਂ ਕਿਹਾ ਕਿ ਬੂੰਦ-ਬੂੰਦ ਨਾਲ ਤਲਾਬ ਭਰਦਾ ਹੈ ਅਤੇ ਜੇਕਰ ਅਸੀਂ ਸਾਰੇ ਮਿਲ ਕੇ ਮਦਦ ਕਰੀਏ ਤਾਂ ਪ੍ਰਭਾਵਿਤ ਪਰਿਵਾਰਾਂ ਦੇ ਦੁੱਖ ਨੂੰ ਕੁਝ ਹੱਦ ਤੱਕ ਘਟਾਇਆ ਜਾ ਸਕਦਾ ਹੈ। ਇਸ ਮੌਕੇ ਚੰਦਰ ਪ੍ਰਕਾਸ ਸੈਣੀ ਨੇ ਕਿਹਾ ਕਿ ਉਨ੍ਹਾਂ ਨੇ ਖੁਦ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਉੱਥੋਂ ਦੀਆਂ ਮੁਸਕਲਾਂ ਨੂੰ ਨੇੜਿਓਂ ਦੇਖਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲਗਾਤਾਰ ਰਾਹਤ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਅਜਿਹੇ ਸਮੇਂ ਵਿੱਚ ਅਧਿਆਪਕਾਂ ਵੱਲੋਂ ਰੈੱਡ ਕਰਾਸ ਫੰਡ ਵਿੱਚ ਯੋਗਦਾਨ ਪਾਉਣਾ ਇੱਕ ਬਹੁਤ ਹੀ ਸਲਾਘਾਯੋਗ ਕਦਮ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਆਪਣੇ ਦੌਰੇ ਦੌਰਾਨ ਡਿਪਟੀ ਕਮਿਸਨਰ ਆਸ਼ਿਕਾ ਜੈਨ ਨੇ ਐਸ.ਡੀ.ਐਮ ਰਾਹੀਂ ਇਹ ਸਹਾਇਤਾ ਰਾਸੀ ਰੈੱਡ ਕਰਾਸ ਫੰਡ ਵਿੱਚ ਜਮ੍ਹਾਂ ਕਰਵਾਉਣ ਦੇ ਨਿਰਦੇਸ ਦਿੱਤੇ ਸਨ। ਐਸ.ਡੀ.ਐਮ ਗੁਰਸਿਮਰਨਜੀਤ ਕੌਰ ਨੇ ਅਧਿਆਪਕ ਭਾਈਚਾਰੇ ਦੇ ਇਸ ਉਪਰਾਲੇ ਦੀ ਸਲਾਘਾ ਕੀਤੀ ਅਤੇ ਉਨ੍ਹਾਂ ਦੇ ਯੋਗਦਾਨ ਲਈ ਧੰਨਵਾਦ ਕੀਤਾ। ਇਸ ਮੌਕੇ ਬੀ.ਪੀ.ਈ.ਓ ਚਰਨਜੀਤ ਕੁਮਾਰ ਵੀ ਵਿਸੇਸ ਤੌਰ 'ਤੇ ਮੌਜੂਦ ਸਨ।

## ਮਾਨਸਾ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦੀ ਮਾਨਤਾ ਰੱਦ

### ਖਿਡਾਰੀਆਂ ਦੀਆਂ ਉਮਰਾਂ ਚ ਘਪਲੇ ਦੇ ਚਲਦਿਆਂ ਪੰਜਾਬ ਕ੍ਰਿਕਟ ਐਸੋਸੀਏਸ਼ਨ ਨਾਲੋਂ ਮਾਨਤਾ ਰੱਦ ਕਰਨ ਦੇ ਤੁਰੰਤ ਹੁਕਮ ਜਾਰੀ: ਲੋਕਪਾਲ

ਮਾਨਸਾ, 5 ਸਤੰਬਰ:- (ਗੁਰਪ੍ਰੀਤ ਧਾਲੀਵਾਲ) ਮਾਨਸਾ ਜਿਲ੍ਹਾ



ਕ੍ਰਿਕਟ ਐਸੋਸੀਏਸ਼ਨ ਚ ਰਾਜਸਥਾਨ, ਹਰਿਆਣਾ, ਯੂਪੀ, ਦਿੱਲੀ, ਨੋਇਡਾ ਆਦਿ ਤੋਂ ਵੱਡੀ ਉਮਰ ਦੇ ਖਿਡਾਰੀ ਲਿਆ ਕੇ ਪੰਜਾਬ ਦੀ ਛੋਟੀ ਉਮਰ ਦੇ ਖਿਡਾਰੀਆਂ ਦੀ ਕ੍ਰਿਕਟ ਟੀਮ ਵਿੱਚ ਸਾਮਲ ਕੀਤੇ ਜਾਣ ਦੀ ਖਾਣ ਬਣਾਉਣ ਦੇ ਕਦਮਾਂ ਨੂੰ ਤਿੰਨ ਸਾਲ ਦੀ ਲੜਾਈ ਲੜਣ ਤੋਂ ਬਾਅਦ ਅੱਜ ਆਖ਼ਿਰਕਾਰ ਠੱਲ ਪੈ ਗਈ ਹੈ। ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਲੋਕਪਾਲ ਓਬਡਸਮੈਨ ਜੋ ਕਿ ਹਾਈ ਕੋਰਟ ਦੇ ਰਿਟਾਇਰਡ ਜੱਜ ਸਾਹਿਬ ਹਨ ਵੱਲੋਂ ਮਾਨਸਾ ਕ੍ਰਿਕਟ ਐਸੋਸੀਏਸ਼ਨ ਵੱਲੋਂ ਉਮਰਾਂ ਘਟਾਕੇ ਖਿਡਾਰੀਆਂ ਦੇ ਜਾਅਲੀ ਦਸਤਾਵੇਜ ਤਿਆਰ ਕਰਕੇ ਛੋਟੀ ਉਮਰ ਦੇ ਖਿਡਾਰੀ ਵਜੋਂ ਖਿਡਾਏ ਜਾਣ ਲਈ ਮਾਨਸਾ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਨੂੰ ਦੋਸੀ ਮੰਨਦੇ ਹੋਏ ਜੱਜ ਸਾਹਿਬ ਨੇ ਪੰਜਾਬ ਕ੍ਰਿਕਟ ਐਸੋਸੀਏਸਨ ਮੋਹਾਲੀ ਨਾਲੋਂ ਪ੍ਰਾਪਤ ਮਾਨਤਾ ਨੂੰ ਰੱਦ ਕਰਨ ਦਾ ਹੁਕਮ ਸੁਣਾ ਦਿੱਤਾ ਹੈ ਅਤੇ ਪੀ ਸੀ ਏ ਨੂੰ ਖਿਡਾਰੀਆਂ ਦੀ ਭਲਾਈ ਲਈ ਫੌਰਨ ਬਦਲਵੇਂ ਪ੍ਰਬੰਧ ਕਰਨ ਦੇ ਵੀ ਆਦੇਸ਼ ਜਾਰੀ ਕੀਤੇ ਹਨ। ਇਸ ਸ਼ਿਕਾਇਤ ਨੂੰ ਕਰਨ ਵਾਲੇ ਐਡਵੋਕੇਟ ਅਮਨ ਮਿੱਤਲ ਨੇ ਫੈਸਲੇ ਤੇ ਸੰਤੁਸ਼ਟੀ ਪ੍ਰਗਟ ਕਰਦਿਆ ਕਿਹਾ ਕਿ ਕ੍ਰਿਕਟ ਇਤਿਹਾਸ ਵਿੱਚ ਇਹ ਵੱਡਾ ਤੇ ਪਹਿਲਾ ਫੈਸਲਾ ਹੈ ਜਿਸਦੇ ਤਹਿਤ ਸਹੀ ਉਮਰ ਦੇ ਅਤੇ ਮਾਨਸਾ ਜ਼ਿਲ੍ਹੇ ਦੇ ਖਿਡਾਰੀਆਂ ਨੂੰ ਹੀ ਮਾਨਸਾ ਵੱਲੋਂ ਖਿਡਾਇਆ ਜਾਵੇ ਇਸ ਸਬੰਧੀ ਸਾਡੇ ਵੱਲੋਂ ਸੁਰੂ ਕੀਤੀ ਸੱਚੀ ਲੜਾਈ ਦੀ ਜਿੱਤ ਹੋਈ ਹੈ। ਉਹਨਾਂ ਕਿਹਾ ਕਿ ਭਾਵੇ ਉਹ ਸਹੀ ਉਮਰ ਦੇ ਖਿਡਾਰੀਆਂ, ਜੋ ਕ੍ਰਿਕਟ ਖੇਡਣਾ ਛੱਡ ਗਏ ਸਨ ਨੂੰ ਦੋਬਾਰਾ ਖੇਡਣ ਲਗਾਉਣਾ ਅਸੰਭਵ ਹੈ ਪਰੰਤੂ ਜੋ ਖੇਡ ਰਹੇ ਹਨ ਉਹਨਾਂ ਨੂੰ ਮਾਨਸਾ ਜ਼ਿਲ੍ਹੇ ਵੱਲੋਂ ਪੂਰੇ ਮੌਕੇ ਮਿਲਣ ਦੀ ਆਸ ਬੱਝੀ ਹੈ। ਉਹਨਾਂ ਮਾਪਿਆਂ ਨੂੰ ਕਿਹਾ ਕਿ ਜਿੰਨ੍ਹਾਂ ਦੇ ਬੱਚਿਆਂ ਨਾਲ ਧੱਕਾ ਹੋਇਆ ਹੈ ਉਹਨਾਂ ਨੂੰ ਹੋਰ ਬੱਚਿਆਂ ਨਾਲ ਧੱਕਾ ਨਾ ਹੋਵੇ ਇਹ ਨਿਸਚਤ ਕਰਨ ਲਈ ਹਮੇਸਾਂ ਨਿਡਰ ਹੋ ਕੇ ਜੇ ਆਵਾਜ ਬੁਲੰਦ ਕੀਤੀ ਜਾਵੇ ਤਾਂ ਸੱਚ ਦੀ ਜਿੱਤ ਜਰੂਰ ਹੁੰਦੀ ਹੈ। ਜਿਕਰਯੋਗ ਹੈ ਕਿ ਇਸ ਸੰਬੰਧੀ ਇੱਕ ਐਫ ਆਈ ਆਰ ਸਾਲ 2023 ਵਿੱਚ ਦਰਜ ਕੀਤੀ ਗਈ ਸੀ। ਜਿਸ ਵਿੱਚ ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਦੇ ਉਸ ਸਮੇਂ ਦੇ ਸੈਕਟਰੀ ਜਗਮੋਹਨ ਸਿੰਘ ਧਾਲੀਵਾਲ ਅਤੇ ਉਸ ਸਮੇ ਦੇ ਕੋਚ ਹਰਦੀਪ ਸ਼ਰਮਾ ਸਮੇਤ ਅੱਠ ਦੋਸ਼ੀਆ ਦਾ ਚਲਾਨ ਪੇਸ਼ ਹੋ ਚੁੱਕਿਆ ਹੈ ਅਤੇ ਕੁੱਝ ਕੁ ਦੋਸ਼ੀਆਂ ਦਾ ਚਲਾਨ ਪੇਸ਼ ਕਰਨਾ ਬਾਕੀ ਹੈ। ਪੀੜ੍ਹਤ ਖਿਡਾਰੀਆਂ ਅਤੇ ਮਾਪਿਆਂ ਨੇ ਕਿਹਾ ਕਿ ਇਸ ਫੈਸਲੇ ਨਾਲ ਮਾਨਸਾ ਜ਼ਿਲ੍ਹੇ ਤੋਂ ਜਾਅਲ ਸਾਜੀਆ ਕਰਨ ਵਾਲੇ ਕ੍ਰਿਕਟ ਖਿਡਾਰੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਪੱਕੀ ਠੱਲ ਪਵੇਗੀ ਅਤੇ ਮਾਨਸਾ ਦੇ ਸਹੀ ਖਿਡਾਰੀਆਂ ਨੂੰ ਅੱਗੇ ਜਾਣ ਦਾ ਮੌਕਾ ਮਿਲੇਗਾ।

## ਵੁਆਇਸ ਆਫ ਮਾਨਸਾ ਵੱਲੋਂ ਬਾਰਿਸ ਪ੍ਰਭਾਵਿਤ ਪਰਿਵਾਰਾਂ ਨੂੰ ਕੀਤੀ ਤਰਪਾਲਾਂ ਦੀ ਵੰਡ : ਡਾ ਜਨਕ ਰਾਜ ਸਿੰਗਲਾ

ਮਾਨਸਾ, 5 ਸਤੰਬਰ (ਗੁਰਪ੍ਰੀਤ ਧਾਲੀਵਾਲ) ਲਗਾਤਾਰ ਭਾਰੀ ਬਾਰਿਸ ਕਾਰਨ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਵੁਆਇਸ ਆਫ ਮਾਨਸਾ ਵੱਲੋਂ ਤਰਪਾਲਾਂ ਵੰਡੀਆਂ ਗਈਆਂ। ਸੰਗੀਤ ਜਗਤ ਦੀ ਉੱਘੀ ਸਖਸੀਅਤ ਸ੍ਰੀ ਅਸੋਕ ਬਾਂਸਲ ਮਾਨਸਾ ਦੀ ਅਪੀਲ ਉਪਰੰਤ ਦਿੱਲੀ ਤੋਂ ਸਿੰਘ ਐਮ ਪਾਇਰ ਹੋਟਲ ਦੇ ਮਾਲਕ ਹਰਪ੍ਰੀਤ ਸਿੰਘ ਗੁਜਰਾਲ ਅਤੇ ਉਹਨਾਂ ਦੇ ਸਾਥੀ ਕਾਰੋਬਾਰੀ ਅਨੁਸ ਨਾਗਪਾਲ ਵੱਲੋਂ ਵੀ ਉੱਚ ਕੁਆਲਿਟੀ ਦੀਆ ਤਰਪਾਲਾਂ ਭੇਜ ਕੇ ਸੰਸਥਾ ਵੱਲੋਂ ਕੀਤੀ ਜਾ ਰਹੀ ਸੇਵਾ ਵਿੱਚ ਹਿੱਸਾ ਪਾਇਆ ਗਿਆ। ਇਹ ਤਰਪਾਲਾਂ ਵੁਆਇਸ ਆਫ ਮਾਨਸਾ ਦੇ ਪ੍ਰਧਾਨ ਡਾ. ਜਨਕ ਰਾਜ ਸਿੰਗਲਾ, ਨਗਰ ਕੌਂਸਲ ਮਾਨਸਾ ਦੇ ਸਾਬਕਾ ਪ੍ਰਧਾਨ ਬਲਵਿੰਦਰ ਸਿੰਘ ਕਾਕਾ, ਸੋਸਲਿਸਟ ਪਾਰਟੀ ਆਗੂ ਹਰਿੰਦਰ ਮਾਨਸਾਹੀਆ, ਡਾ. ਲਖਵਿੰਦਰ ਮੂਸਾ, ਦਰਸਨਪਾਲ ਗਰਗ, ਓਮ ਪ੍ਰਕਾਸ਼ (ਰਿਟਾਇਰਡ ਐਸ.ਡੀ.ਐਮ.), ਨਰਿੰਦਰ ਸਰਮਾ, ਬਲਜੀਤ ਸਿੰਘ ਸੂਬਾ, ਸੀਨੀਅਰ ਸਿਟੀਜਨ ਆਗੂ ਬਿੱਕਰ ਸਿੰਘ ਮਿਘਾਣੀਆ, ਸਮਾਜ ਸੇਵੀ ਮਿੱਠੂ ਰਾਮ ਅਰੋੜਾ ਅਤੇ ਜਰਨਲ ਸਕੱਤਰ ਵਿਸਵਦੀਪ ਬਰਾੜ ਦੀ ਅਗਵਾਈ ਵਿੱਚ ਸਹਿਰ ਦੇ ਕੁਰੜ ਦਾ ਟਿੱਬਾ, ਕਰਤਾਰ ਕੰਡੇ ਵਾਲਾ ਏਰੀਆ ਅਤੇ ਮਾਨਸਾ ਖੁਰਦ ਤੇ ਪਿੰਡ ਸਮਾਓ ਦੇ ਉਹਨਾਂ ਘਰਾਂ ਤੱਕ ਪਹੁੰਚਾ ਕੇ ਵੰਡੀਆਂ ਗਈਆਂ ਜੋ ਬਾਰਿਸ ਕਾਰਨ ਚਿਓ ਰਹੇ ਸਨ। ਇਸ ਮੱਦਦ ਦਾ ਮੰਤਵ ਪ੍ਰਭਾਵਿਤ ਪਰਿਵਾਰਾਂ



ਦੇ ਘਰਾਂ ਨੂੰ ਡਿੱਗਣ ਤੋਂ ਬਚਾਉਣਾ ਅਤੇ ਛੱਤਾ ਚਿਉਣ ਕਰਕੇ ਉਹਨਾ ਨੂੰ ਦਰਪੇਸ਼ ਮੁਸ਼ਕਿਲਾ ਨੂੰ ਘੱਟ ਕਰਨਾ ਹੈ। ਇਸ ਤੋਂ ਇਲਾਵਾ, ਠੂਠਿਆਂਵਾਲੀ ਅਤੇ ਖਿਆਲਾਂ ਕਲਾਂ ਵਿੱਚ ਵੀ ਮੁਸਲਿਮ ਫਰੰਟ ਪੰਜਾਬ ਦੇ ਪ੍ਰਧਾਨ ਹੰਸਰਾਜ ਮੋਫਰ, ਸੇਠੀ ਸਿੰਘ ਸਰਾਂ (ਰਿਟਾਇਰਡ ਏ.ਆਰ.) ਅਤੇ ਹਰਜੀਵਨ ਸਰਾਂ ਦੀ ਨਿਸਾਨਦੇਹੀ 'ਤੇ ਮੁਸਲਿਮ ਭਾਈਚਾਰੇ ਦੇ ਲੋੜਵੰਦਾਂ ਨੂੰ ਵੀ ਤਰਪਾਲਾਂ ਮੁਹੱਈਆ ਕਰਵਾਈਆਂ ਗਈਆਂ ਅਤੇ ਡਾ ਸ਼ੇਰ ਜੰਗ ਸਿੰਘ ਸਿੱਧੂ ਦੁਆਰਾ ਪਿੰਡ ਨਰਿੰਦਰਪੁਰਾ ਦੇ ਇੱਕ ਲੋੜਵੰਦ ਪਰਿਵਾਰ ਨੂੰ ਦੋ ਵੱਡੀਆ ਤਿਰਪਾਲਾ ਮਹੁੱਈਆ ਕਰਵਾਈਆਂ ਗਈਆਂ। ਜਗਸੀਰ ਸਿੰਘ, ਤਰਸੇਮ ਜੋਗਾ, ਮਾਸਟਰ ਰਿਸ਼ੀ ਜੀ ਅਤੇ ਸੰਸਥਾ ਦੇ ਕੈਸੀਅਰ ਨਰੇਸ ਬਿਰਲਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਧਨੌਲਾ ਦੇ ਕਾਰੋਬਾਰੀ ਗੁਰਚਰਨ ਸਿੰਘ ਕਲੇਰ (ਅਸੋਕ ਬਾਂਸਲ ਦੇ ਮਿੱਤਰ) ਵੱਲੋਂ ਕੀਤੀ ਗਈ ਵਿੱਤੀ ਸਹਾਇਤਾ ਨਾਲ ਸਹਿਰ ਵਾਸੀਆਂ ਵੱਲੋਂ ਅਜਨਾਲਾ ਭੇਜੇ ਗਏ ਰਸਦ ਵਿੱਚ ਵੀ ਵੁਆਇਸ ਆਫ ਮਾਨਸਾ ਨੇ ਯੋਗਦਾਨ ਪਾਇਆ ਸੀ। ਇਸੇ ਤਰ੍ਹਾਂ ਖੱਤਰੀਵਾਲ ਪਿੰਡ ਦੇ ਭਾਰੀ ਮੀਂਹ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਰਾਸਨ ਤੇ ਦਵਾਈਆਂ ਨਾਲ ਵੀ ਸਹਾਇਤਾ ਦਿੱਤੀ ਗਈ। ਡਾ ਜਨਕ ਰਾਜ ਸਿੰਗਲਾ, ਬਲਜੀਤ ਸੂਬਾ, ਵਿਸ਼ਵ ਬਰਾੜ ਤੇ ਬਲਵਿੰਦਰ ਕਾਕਾ ਨੇ ਦੱਸਿਆ ਕਿ ਇੱਕ ਜਲਦੀ ਵਿੱਚ ਕੀਤੇ ਗਏ ਸਰਵੇਖਣ ਅਨੁਸਾਰ ਪੂਰੇ ਮਾਨਸਾ ਜ਼ਿਲ੍ਹੇ ਵਿੱਚ ਭਾਰੀ ਬਰਸਾਤ ਕਾਰਨ ਲੱਗਭੱਗ 200 ਮਕਾਨ ਗਿਰ ਚੁੱਕੇ ਹਨ ਅਤੇ ਹੋਰ ਕਈਆ ਦੀਆ ਛੱਤਾ ਝੁਕਣ ਕਾਰਨ ਡਿੱਗਣ ਲਈ ਤਿਆਰ ਹਨ ਜੋ ਕਿ ਧੁੱਪਾ ਨਿਕਲਣ ਤੋਂ ਬਾਅਦ ਕਿਸੇ ਸਮੇ ਵੀ ਕੋਈ ਜਾਨੀ ਮਾਲੀ ਨੁਕਸਾਨ ਕਰ ਸਕਦੇ ਹਨ ਅਤੇ ਹਜਾਰਾਂ ਮਕਾਨ ਖਾਸ ਤੌਰ ਤੇ ਛੋਟੇ ਮਕਾਨ ਭਾਰੀ ਬਰਸਾਤ ਕਾਰਣ ਚਿਉਣ ਲੱਗੇ ਹਨ। ਇਸ ਕਰਕੇ ਇਹ ਲੋਕ ਭਾਰੀ ਮੁਸ਼ਕਿਲਾ ਦਾ ਸਾਹਮਣਾ ਕਰ ਰਹੇ ਹਨ ਤੇ ਪ੍ਰਸ਼ਾਸਨ ਅਤੇ ਸਰਕਾਰ ਨੂੰ ਬੇਨਤੀ ਹੈ ਕਿ ਇਹ ਸਾਰਾ ਕੰਮ ਸਮਾਜ ਸੇਵੀ ਸੰਸਥਾਵਾਂ ਨੂੰ ਕਰਨਾ ਮੁਸ਼ਕਿਲ ਹੈ ਸੋ ਕਿਰਪਾ ਕਰਕੇ ਆਪਣੀ ਜਿੰਮੇਵਾਰੀ ਸਮਝਦੇ ਹੋਏ ਪਹਿਲ ਦੇ ਆਧਾਰ ਤੇ ਸਹੀ ਸਰਵੇ ਕਰਵਾ ਕੇ ਲੋਕਾ ਦੇ ਢੱਠੇ ਹੋਏ ਮਕਾਨ ਜਲਦੀ ਬਣਵਾ ਕੇ ਦਿੱਤੇ ਜਾਣ ਤਾ ਜੋ ਕਿ ਇਹ ਪ੍ਰਭਾਵਤ ਲੋਕ ਸੁੱਖ ਦਾ ਸਾਹ ਲੈ ਸਕਣ। ਸੰਸਥਾ ਨੇ ਐਲਾਨ ਕੀਤਾ ਹੈ ਕਿ ਮਦਦ ਕਰਨ ਵਾਲੇ ਸਾਰੇ ਕਾਰੋਬਾਰੀਆਂ ਨੂੰ ਮਾਨਸਾ ਵਾਸੀਆਂ ਵੱਲੋਂ ਜਲਦ ਹੀ ਸਨਮਾਨਿਤ ਕੀਤਾ ਜਾਵੇਗਾ। ਸਕੱਤਰ ਵਿਸਵਦੀਪ ਬਰਾੜ ਨੇ ਕਿਹਾ ਕਿ ਹੜ੍ਹ ਤੋਂ ਬਾਅਦ ਮੁੜ ਵਸੇਬੇ ਦੇ ਪ੍ਰੋਗਰਾਮਾਂ ਵਿੱਚ ਵੀ ਸੰਸਥਾ ਲੰਬੇ ਸਮੇਂ ਤੱਕ ਯੋਗਦਾਨ ਦੇਣ ਲਈ ਵਚਨਬੱਧ ਹੈ। ਇਸ ਕਾਰਜ ਲਈ ਵਿਦੇਸ ਵੱਸਦੇ ਮਾਨਸਾ ਵਾਸੀਆਂ ਵੱਲੋਂ ਵੀ ਵੱਡੇ ਯੋਗਦਾਨ ਦਾ ਭਰੋਸਾ ਦਿੱਤਾ ਗਿਆ ਹੈ। ਨਾਲ ਹੀ ਉਨ੍ਹਾਂ ਸਾਰੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਦਾ ਵੀ ਬਹੁਤ ਧੰਨਵਾਦ ਕੀਤਾ ਜਿਹੜੀਆਂ ਆਪਣੇ ਆਪਣੇ ਢੰਗ ਨਾਲ ਪਰਭਾਵਿਤ ਪਰਿਵਾਰਾਂ ਦੀ ਮੱਦਦ ਲਈ ਅੱਗੇ ਆ ਰਹੀਆਂ ਹਨ ।

## ਹੜ੍ਹ ਪੀੜਤਾਂ ਨੂੰ ਮੁਆਵਜ਼ਾ ਤੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦੇਵੇ ਸਰਕਾਰ: ਐਨ.ਕੇ. ਸਰਮਾ

### ਸਾਬਕਾ ਵਿਧਾਇਕ ਨੇ ਬਟੌਲੀ ਵਿੱਚ ਪਸੂ ਪਾਲਕ ਦੀ ਮੌਤ 'ਤੇ ਦੁੱਖ ਪ੍ਰਗਟਾਇਆ



ਲਾਲੜੂ, 5 ਸਤੰਬਰ (ਜਸਵਿੰਦਰ ਜੁਲਕਾ)-ਸ੍ਰੋਮਣੀ ਅਕਾਲੀ ਦਲ ਦੇ ਖਜਾਨਚੀ ਅਤੇ ਸਾਬਕਾ ਵਿਧਾਇਕ ਐਨ.ਕੇ. ਸਰਮਾ ਨੇ ਪੰਜਾਬ ਸਰਕਾਰ ਤੋਂ ਹੜ੍ਹਾਂ ਵਿੱਚ ਮਾਰੇ ਗਏ ਡੇਰਾਬੱਸੀ ਹਲਕੇ ਦੇ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜਾ ਅਤੇ ਇਕ ਮੈਂਬਰ ਨੂੰ ਨੌਕਰੀ ਦੇਣ ਦੀ ਮੰਗ ਕੀਤੀ ਹੈ। ਐਨ.ਕੇ. ਸਰਮਾ ਨੇ ਅੱਜ ਬਟੌਲੀ ਵਿੱਚ ਪਸੂਆਂ ਦੇ ਸੈੱਡ ਦੇ ਢਹਿਣ ਕਾਰਨ ਮਾਰੇ ਗਏ ਪਸੂ ਪਾਲਕ ਜਸਵੀਰ ਸਿੰਘ ਦੇ ਘਰ ਦਾ ਦੌਰਾ ਕੀਤਾ ਅਤੇ ਪਰਿਵਾਰਕ ਮੈਂਬਰਾਂ ਨੂੰ ਦਿਲਾਸਾ ਦਿੱਤਾ। ਡੇਰਾਬੱਸੀ ਹਲਕੇ ਵਿੱਚ ਹੁਣ ਤੱਕ ਦੋ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ ਜਦੋਂ ਕਿ ਕਈ ਲੋਕਾਂ ਦੇ ਘਰ ਢਹਿ ਗਏ ਹਨ। ਐਨ.ਕੇ. ਸਰਮਾ ਨੇ ਅੱਜ ਬਟੌਲੀ ਤੋਂ ਇਲਾਵਾ ਸਰਸੀਨੀ, ਸਾਧਾਂਪੁਰ, ਆਲਮਗੀਰ, ਖਜੂਰਮੰਡੀ, ਟਿਵਾਣਾ, ਡੰਗਡਹੀਰਾ ਆਦਿ ਦਾ ਦੌਰਾ ਕੀਤਾ ਅਤੇ ਵਧੇ ਪਾਣੀ ਦੇ ਪੱਧਰ ਦਾ ਜਾਇਜਾ ਲਿਆ। ਉਕਤ ਪਿੰਡਾਂ ਵਿੱਚ ਪਿੰਡ ਵਾਸੀਆਂ ਨੇ ਸਾਬਕਾ ਵਿਧਾਇਕ ਨੂੰ ਦੱਸਿਆ ਕਿ ਮੀਂਹ ਕਾਰਨ ਉਨ੍ਹਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ। ਕਈ ਲੋਕਾਂ ਦੇ ਘਰਾਂ ਵਿੱਚ ਜਾਨਵਰਾਂ ਲਈ ਬਣਾਏ ਕਮਰੇ ਢਹਿ ਗਏ ਹਨ, ਪਰ ਅਜੇ ਤੱਕ ਕੋਈ ਸਰਕਾਰੀ ਮਦਦ ਉਨ੍ਹਾਂ ਤੱਕ ਨਹੀਂ ਪਹੁੰਚੀ ਹੈ। ਐਨ.ਕੇ. ਸਰਮਾ ਨੇ ਕਿਹਾ ਕਿ ਉਕਤ ਪਿੰਡਾਂ ਦੇ ਲੋਕਾਂ ਦੇ ਘਰਾਂ ਅਤੇ ਖੇਤਾਂ ਵਿੱਚ ਪਾਣੀ ਭਰ ਗਿਆ ਹੈ। ਇੱਥੇ ਬਿਮਾਰੀਆਂ ਫੈਲਣ ਦਾ ਖਤਰਾ ਹੈ। ਇਸ ਦੇ ਬਾਵਜੂਦ, ਸਰਕਾਰ ਵੱਲੋਂ ਅਜੇ ਤੱਕ ਕੋਈ ਰਾਹਤ ਦਾ ਐਲਾਨ ਨਹੀਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇੱਥੇ ਦੋ ਕਿਸਾਨਾਂ ਦੀ ਮੌਤ ਹੋ ਗਈ ਹੈ। ਇੱਕ ਦਰਜਨ ਤੋਂ ਵੱਧ ਲੋਕਾਂ ਦੇ ਘਰ ਢਹਿ ਗਏ ਹਨ। ਸਰਕਾਰ ਨੂੰ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਬਿਨਾਂ ਕਿਸੇ ਦੇਰੀ ਦੇ ਮੁਆਵਜਾ ਅਤੇ ਸਰਕਾਰੀ ਨੌਕਰੀ ਦੇਣੀ ਚਾਹੀਦੀ ਹੈ। ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਹਨ, ਉਨ੍ਹਾਂ ਨੂੰ ਮੁਆਵਜਾ ਦਿੱਤਾ ਜਾਣਾ ਚਾਹੀਦਾ ਹੈ। ਸਾਬਕਾ ਵਿਧਾਇਕ ਨੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਹੜ੍ਹ ਪੀੜਤਾਂ ਦੀ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ। ਪੀੜਤਾਂ ਨੂੰ ਮੁਆਵਜਾ ਅਤੇ ਰਾਹਤ ਦੇਣ ਲਈ ਹਰ ਸੰਭਵ ਕੋਸਿਸ ਕੀਤੀ ਜਾਵੇਗੀ।

### ਰਾਵੀ ਦਰਿਆ ਤੋਂ ਪਾਰ ਦੇ ਪਿੰਡਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੇ ਰਾਹਤ ਸਮਗਰੀ ਵੰਡੀ

ਮਕੌੜਾ ਪੱਤਣ/ਗੁਰਦਾਸਪੁਰ, 5 ਸਤੰਬਰ (ਪੱਤਰ ਪ੍ਰੇਰਕ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਦੇ ਕਾਰਜ ਲਗਾਤਾਰ ਜਾਰੀ ਹਨ। ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਅੱਜ ਕਿਸ਼ਤੀ ਰਾਹੀਂ ਸਵਾਰ ਹੋਕੇ ਰਾਵੀ ਦਰਿਆ ਤੋਂ ਪਾਰ ਦੇ ਪਿੰਡ ਤੂਰ, ਚੇਬੇ, ਝੂਮਰ, ਕੱਜਲਾ, ਭਰਿਆਲ, ਲਸਿਆਣ, ਮੰਮੀ ਚੱਕਰੰਜਾ ਤੱਕ ਪਹੁੰਚ ਕੀਤੀ ਗਈ। ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮਾਂ ਵੱਲੋਂ ਇਨ੍ਹਾਂ ਪਿੰਡਾਂ ਦੇ ਹੜ੍ਹ ਪ੍ਰਭਾਵਿਤ ਲੋਕਾਂ ਦਾ ਹਾਲ ਜਾਣਿਆ ਅਤੇ ਨਾਲ ਹੀ ਉਨ੍ਹਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਹਤ ਸਮਗਰੀ ਵੰਡੀ ਗਈ।

# ਪੰਜਾਬ ਦੇ ਨੌਜੁਆਨ ਨਸ਼ੇੜੀ ਦਾ ਧੱਬਾ ਲਾਹ ਕੇ ਕਮਾਊ ਪੁੱਤ ਬਣਨਗੇ: ਸਿਹਤ ਮੰਤਰੀ ਡਾ. ਬਲਬੀਰ ਸਿੰਘ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 5 ਸਤੰਬਰ (ਪੱਤਰ ਪ੍ਰੇਰਕ)– ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਇੱਥੇ ਦੱਸਿਆ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਆਰੰਭੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਾ ਕੇਵਲ ਤਸਕਰਾਂ ਤੇ ਨੱਥ ਪਾਉਣ ਵਿੱਚ ਸਫਲ ਹੋਈ ਹੈ ਬਲਕਿ ਨਸ਼ਿਆਂ ਤੋਂ ਪੀੜਤ ਪੰਜਾਬ ਦੀ ਜਵਾਨੀ ਨੂੰ ਨਸ਼ਾ ਮੁਕਤੀ ਕੇਂਦਰਾਂ ਤੇ ਮੁੜ ਵਸੇਬਾ ਕੇਂਦਰਾਂ ਵਿੱਚ ਲਿਆ ਕੇ ਮੁਫਤ ਇਲਾਜ ਦੇਣ ਵਿੱਚ ਵੀ ਕਾਮਯਾਬ ਹੋ ਰਹੀ ਹੈ। ਉਹਨਾਂ ਕਿਹਾ ਕਿ ਅਗਲੇ ਦਿਨਾਂ ਵਿੱਚ ਪੰਜਾਬ ਦੇ ਨਸ਼ਾ ਮੁਕਤੀ ਕੇਂਦਰਾਂ ਅਤੇ ਮੁੜ ਵਸੇਬਾ ਕੇਂਦਰਾਂ ਚੋਂ ਸਿਹਤਯਾਬ ਹੋ ਕੇ ਅਤੇ ਨਸ਼ਿਆਂ ਨੂੰ ਨਾਂਹ ਆਖ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਹੋਏ ਨੌਜਵਾਨਾਂ ਨੂੰ ਵੱਡੀ ਜਿੰਮੇਵਾਰੀ ਦਿੱਤੀ ਜਾਵੇਗੀ ਤਾਂ ਜੋ ਉਹ ਆਪਣੇ ਆਲੇ ਦੁਆਲੇ ਅਤੇ ਸਮਾਜ ਵਿੱਚ, ਨਸ਼ਿਆਂ ਦੇ ਹਨੇਰੇ ਵਿੱਚ ਭਟਕੇ ਆਪਣੇ ਵਰਗੇ ਹੋਰਨਾਂ ਨੌਜਵਾਨਾਂ ਨੂੰ ਵੀ ਨਸ਼ਾ ਮੁਕਤੀ ਕੇਂਦਰਾਂ ਵਿੱਚ ਇਲਾਜ ਲਈ ਲਿਆ ਸਕਣ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਕੇਂਦਰ ਚਾਹੇ ਸਰਕਾਰੀ ਹੋਵੇ ਜਾਂ ਨਿਜੀ ਹੋਵੇ, ਪੰਜਾਬ ਸਰਕਾਰ ਵੱਲੋਂ ਇੱਥੇ ਆਉਣ ਵਾਲੇ ਹਰ ਨੌਜਵਾਨ ਦਾ ਇਲਾਜ ਮੁਫਤ ਕਰਵਾਇਆ ਜਾ ਰਿਹਾ



ਹੈ। ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੇਵਲ ਨਸ਼ਾ ਮੁਕਤੀ ਦਾ ਇਲਾਜ ਹੀ ਮੁਹੱਈਆ ਨਹੀਂ ਕਰਵਾਇਆ ਜਾਂਦਾ ਬਲਕਿ ਨਸ਼ਾ ਮੁਕਤ ਹੋਣ ਬਾਅਦ ਸਬੰਧਤ ਨੌਜਵਾਨ ਨੂੰ ਆਪਣੀ ਅਗਲੀ ਜਿੰਦਗੀ ਸੁਰੂ ਕਰਨ ਲਈ ਪੁਨਰਵਸੇਬੇ ਦੇ ਤੌਰ ਤੇ ਸਕਿੱਲ ਟਰੇਨਿੰਗ ਵੀ ਕਰਵਾਈ ਜਾਂਦੀ ਹੈ ਤਾਂ ਜੋ ਉਹ ਮੋਬਾਈਲ ਰਿਪੇਅਰ ਜਾਂ ਪਲੰਬਰ ਜਾਂ ਕੰਪਿਊਟਰ ਜਾਂ ਫਿਟਰ ਵਰਗੇ ਕੋਰਸ ਕਰਕੇ ਆਪਣੇ ਪਰਿਵਾਰ ਲਈ ਕਮਾਊ ਪੁੱਤ ਬਣ ਸਕੇ। ਉਨ੍ਹਾਂ ਸੈਕਟਰ 66 ਦੇ ਨਸ਼ਾ ਮੁਕਤੀ ਕੇਂਦਰ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਇੱਥੇ ਐਨ ਜੀ ਓ ਸਨ ਫਾਊਂਡੇਸ਼ਨ ਅਤੇ ਹੋਰ ਐਨ ਜੀ ਓਜ ਵੱਲੋਂ ਸਕਿੱਲ ਟ੍ਰੇਨਿੰਗ ਵਿੱਚ ਸਹਿਯੋਗ ਦੇ ਕੇ, ਪੁਨਰ ਵਸੇਬੇ ਵਿੱਚ ਇਹਨਾਂ ਨੌਜਵਾਨਾਂ ਦੀ ਮਦਦ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਆਉਂਦੇ ਸਮੇਂ ਵਿੱਚ, ਜਿਨ੍ਹਾਂ ਨੌਜਵਾਨਾਂ ਨੇ ਨਸ਼ਾ ਛੱਡਣ ਤੋਂ ਬਾਅਦ ਪੁਨਰ ਵਸੇਬੇ ਲਈ ਸਕਿੱਲ ਟਰੇਨਿੰਗ ਹਾਸਿਲ ਕੀਤੀ ਹੈ, ਵਾਸਤੇ ਸਵੈ-ਰੋਜਗਾਰ ਹਿਤ ਕਰਜਾ ਯੋਜਨਾਵਾਂ, ਜਿਨ੍ਹਾਂ ਵਿੱਚ ਸੀਡ ਮਨੀ ਅਤੇ ਸਬਸਿਡੀ ਵੀ ਸ਼ਾਮਿਲ ਹੋਵੇਗੀ, ਦਾ ਪ੍ਰਬੰਧ ਕੀਤਾ ਜਾਵੇਗਾ ਤਾਂ ਜੋ ਉਹ ਪਰਿਵਾਰ ਲਈ ਜਿੰਮੇਵਾਰ ਬਣ ਸਕਣ। ਉਨ੍ਹਾਂ ਕਿਹਾ ਕਿ ਸਵੈ-ਰੋਜਗਾਰ ਕੋਰਸਾਂ ਵਿੱਚ ਹਾਈ ਵੈਲਿਊ ਐਗਰੀਕਲਚਰ ਸਿਖਲਾਈ ਕੋਰਸ, ਸੈਲੂਨ, ਕੁਕਿੰਗ, ਕੰਪਿਊਟਰ, ਮੋਬਾਇਲ ਰਿਪੇਅਰ, ਡਾਟਾ ਐਂਟਰੀ ਆਪਰੇਟਰ, ਅਕਾਊਂਟਿੰਗ ਅਤੇ ਫਿਟਰ ਆਦਿ ਦੇ ਕੋਰਸ ਕਰਵਾਏ ਜਾ ਰਹੇ ਹਨ ਤਾਂ ਜੋ ਨਸ਼ਾ ਛੱਡਣ ਤੋਂ ਬਾਅਦ ਨੌਜਵਾਨ ਦਾ ਮਨ ਆਪਣੇ ਪਰਿਵਾਰ ਲਈ ਰੋਜ਼ੀ ਕਮਾਉਣ ਵਿੱਚ ਲੱਗ ਸਕੇ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਦੱਸਿਆ ਕਿ ਔਰਤਾਂ ਤੇ ਨਾਬਾਲਗਾਂ ਲਈ ਨਸ਼ਾ ਮੁਕਤੀ ਕੇਂਦਰਾਂ ਚ ਅਲੱਗ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਸਮਾਜ ਵਿੱਚ ਕਿਸੇ ਨੂੰ ਵੀ ਨਸ਼ਾ ਮੁਕਤੀ ਦੇ ਇਲਾਜ ਤੋਂ ਵਾਂਝਾ ਨਾ ਰਹਿਣਾ ਪਵੇ। ਉਨ੍ਹਾਂ ਕਿਹਾ ਕਿ ਕਿਸੇ ਵੇਲੇ ਨਸ਼ਾ ਮੁਕਤੀ ਕੇਂਦਰ ਮੁਹਾਲੀ ਵਿੱਚ ਕੇਵਲ ਪੰਜ ਜਾਂ ਦਸ ਮਰੀਜ ਹੀ ਨਸ਼ਾ ਛੱਡਣ ਲਈ ਭਰਤੀ ਹੁੰਦੇ ਸਨ ਪਰ ਅੱਜ ਜਦੋਂ ਉਹ ਇਨ੍ਹਾਂ ਦੀ ਹੌਸਲਾ ਅਫਜਾਈ ਲਈ ਇੱਥੇ ਪੁੱਜੇ ਹਨ ਤਾਂ ਇਨ੍ਹਾਂ ਦੀ ਗਿਣਤੀ 55 ਹੋ ਚੁੱਕੀ ਹੈ। ਉਨ੍ਹਾਂ ਨੇ ਰੁਜ਼ ਤੇ ਆਪਣਾ ਰੁਜਗਾਰ ਛੱਡ ਕੇ, ਆਪਣੇ ਬੱਚੇ ਦੇ ਇਲਾਜ ਲਈ ਇੱਥੇ ਆਏ ਇਕ ਵਿਅਕਤੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਜੇਕਰ ਅਸੀਂ ਇਹਨਾਂ ਦੇ ਬੱਚਿਆਂ ਨੂੰ ਇੱਥੇ ਹੀ ਨਸ਼ਾ ਮੁਕਤ ਮਾਹੌਲ ਦੇ ਕੇ ਰੋਜਗਾਰ ਦਾ ਪ੍ਰਬੰਧ ਕਰ ਦੇਈਏ ਤਾਂ ਉਹ ਵੀ ਆਪਣੇ ਬੱਚਿਆਂ ਦੇ ਨਾਲ ਰੋਜ਼ੀ ਕਮਾਉਣ ਵਿੱਚ ਸਹਿਯੋਗੀ ਬਣ ਸਕਦੇ ਹਨ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਇਸ ਮੌਕੇ ਨਸ਼ਾ ਮੁਕਤੀ ਕੇਂਦਰ ਵਿੱਚ ਇਲਾਜ ਕਰਵਾ ਰਹੇ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਤੋਂ ਸਬੰਧੀ ਫੀਡਬੈਕ ਵੀ ਲਿਆ। ਇਨ੍ਹਾਂ ਮਾਂ-ਬਾਪ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤੀ ਕੇਂਦਰਾਂ ਵਿੱਚ ਮੁਫਤ ਇਲਾਜ ਦੀ ਸਹੂਲਤ ਨੇ, ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਇਸ ਸਮਾਜਿਕ ਬੁਰਾਈ ਤੋਂ ਦੂਰ ਲਿਜਾਣ ਵਿੱਚ ਵੱਡੀ ਮਦਦ ਕੀਤੀ ਹੈ। ਇਸ ਮੌਕੇ ਨਸ਼ਾ ਮੁਕਤੀ ਲਈ ਦਾਖਲ ਨੌਜਵਾਨਾਂ ਨੂੰ ਸੰਬੋਧਿਤ ਹੁੰਦਿਆਂ, ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਕਿਹਾ ਕਿ ਜੇਕਰ ਉਹ ਆਪਣੇ ਪਰਿਵਾਰ ਅਤੇ ਚੰਗੇ ਭਵਿੱਖ ਬਾਰੇ ਨਿਸ਼ਾਨਾ ਰੱਖ ਕੇ ਅੱਗੇ ਵਧਣਗੇ ਤਾਂ ਯਕੀਨਨ ਹੀ ਉਹ ਨਸ਼ਿਆਂ ਦੀ ਹਨੇਰੀ ਚੋਂ ਰੌਸ਼ਨ ਭਵਿੱਖ ਵਿੱਚ ਦਾਖਲਾ ਪਾ ਲੈਣਗੇ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਨੇ ਇਸ ਮੌਕੇ ਪੰਜ ਉਨ੍ਹਾਂ ਨੌਜਵਾਨਾਂ, ਜਿਨ੍ਹਾਂ ਨੇ ਸੈਕਟਰ 66 ਦੇ ਨਸ਼ਾ ਮੁਕਤੀ ਕੇਂਦਰ ਤੋਂ ਇਲਾਜ ਅਤੇ ਮੁੜ ਵਸੇਬਾ ਸਕਿਲ ਟ੍ਰੇਨਿੰਗ ਹਾਸਲ ਕੀਤੀ ਹੈ, ਨੂੰ ਸਨਮਾਨਿਤ ਵੀ ਕੀਤਾ ਅਤੇ ਅਪੀਲ ਕੀਤੀ ਕਿ ਉਹ ਇਸ ਇਲਾਜ ਨੂੰ ਆਪਣੇ ਤੱਕ ਸੀਮਤ ਨਾ ਰੱਖ ਕੇ, ਆਪਣੇ ਆਲੇ ਦੁਆਲੇ ਰਹਿਣ ਵਾਲੇ ਹੋਰਨਾਂ ਨੌਜਵਾਨਾਂ ਨੂੰ ਵੀ ਪ੍ਰੇਰ ਕੇ ਇਸ ਕੇਂਦਰ ਲੈ ਕੇ ਆਉਣ ਤਾਂ ਜੋ ਸਹੀ ਅਰਥਾਂ ਚ ਸਿਹਤਮੰਦ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਹੋ ਸਕੇ। ਇਸ ਮੌਕੇ ਸਵਰਾਜ ਕੰਪਨੀ ਵੱਲੋਂ ਦਿੱਤੀਆਂ ਗਈਆਂ ਹਾਈਜੀਨ ਕਿੱਟਾਂ ਵੀ ਇਹਨਾਂ ਇਲਾਜ ਅਧੀਨ ਨੌਜਵਾਨਾਂ ਨੂੰ ਵੰਡੀਆਂ ਗਈਆਂ ਤਾਂ ਜੋ ਆਪਣੀ ਸਾਫ ਸਫਾਈ ਤੇ ਉਚੇਚਾ ਧਿਆਨ ਦੇ ਸਕਣ।

# ਹੜ੍ਹਾਂ 'ਚ ਬਜ਼ੁਰਗਾਂ ਦੀ ਸੁਰੱਖਿਆ ਲਈ ਪੰਜਾਬ ਸਰਕਾਰ ਵੱਲੋਂ ਖਾਸ ਉਪਰਾਲੇ: ਡਾ ਬਲਜੀਤ ਕੌਰ

ਚੰਡੀਗੜ੍ਹ, 5 ਸਤੰਬਰ (ਪੱਤਰ ਪ੍ਰੇਰਕ)–ਪੰਜਾਬ ਭਰ 'ਚ ਹੜ੍ਹਾਂ ਨਾਲ ਹੋਈ ਤਬਾਹੀ ਦੌਰਾਨ ਬਜ਼ੁਰਗਾਂ ਦੀ ਸੁਰੱਖਿਆ ਅਤੇ ਭਲਾਈ ਲਈ ਪੰਜਾਬ ਸਰਕਾਰ ਵੱਲੋਂ ਖਾਸ ਉਪਰਾਲੇ ਕੀਤੇ ਗਏ ਹਨ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ ਤੋਂ ਸੂਬੇ ਦੇ 479 ਬਜ਼ੁਰਗਾਂ ਦੀ ਸਨਾਖਤ ਕੀਤੀ ਹੈ, ਜਿਲ੍ਹਾ ਪ੍ਰਸ਼ਾਸਨ ਅਤੇ ਰੈੱਡ ਕਰਾਸ ਸੋਸਾਇਟੀ ਦੀ ਸਹਾਇਤਾ ਨਾਲ ਬਜ਼ੁਰਗਾਂ ਦੀ ਮੱਦਦ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਜੀ ਨੇ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਸੂਬੇ ਦੇ ਬਿਰਧ ਘਰਾਂ ਵਿੱਚ 700 ਦੇ ਕਰੀਬ ਬਜ਼ੁਰਗਾਂ ਨੂੰ ਰੱਖਣ ਦੀ ਸਮਰੱਥਾ ਹੈ ਅਤੇ ਰਾਜ ਦੇ ਲੋੜਵੰਦ ਬਜ਼ੁਰਗ ਇਨ੍ਹਾਂ ਬਿਰਧ ਘਰਾਂ ਵਿੱਚ ਸ਼ਰਨ ਲੈ ਸਕਦੇ ਹਨ। ਡਾ. ਬਲਜੀਤ ਕੌਰ ਨੇ ਕਿਹਾ ਕਿ ਬਜ਼ੁਰਗਾਂ ਦੀ ਦੇਖਭਾਲ ਲਈ ਬਿਰਧ ਘਰਾਂ ਵਿੱਚ ਖਾਣ-ਪੀਣ, ਸਿਹਤ ਜਾਂਚ, ਰਹਿਣ-ਸਹਿਣ ਅਤੇ ਹੋਰ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਹਨ ਤਾਂ ਜੋ ਉਨ੍ਹਾਂ ਨੂੰ ਘਰ ਵਰਗਾ ਮਾਹੌਲ



ਮਿਲ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਕੋਈ ਵੀ ਬਜ਼ੁਰਗ ਇਕੱਲਾਪਣ ਜਾਂ ਪਰੇਸ਼ਾਨੀ ਮਹਿਸੂਸ ਨਾ ਕਰੇ। ਜ਼ਿਲ੍ਹਾਵਾਰ ਵੇਰਵੇ ਦਿੰਦਿਆਂ ਮੰਤਰੀ ਨੇ ਦੱਸਿਆ ਕਿ ਅੰਮ੍ਰਿਤਸਰ ਦੇ 15 ਪਿੰਡਾਂ ਤੋਂ 200 ਬਜ਼ੁਰਗ, ਗੁਰਦਾਸਪੁਰ ਦੇ 12 ਪਿੰਡਾਂ ਤੋਂ 112 ਬਜ਼ੁਰਗ, ਫ਼ਿਰੋਜ਼ਪੁਰ ਦੇ 4 ਪਿੰਡਾਂ ਤੋਂ 40 ਬਜ਼ੁਰਗ, ਹੁਸ਼ਿਆਰਪੁਰ ਦੇ 3 ਪਿੰਡਾਂ ਤੋਂ 14 ਬਜ਼ੁਰਗ, ਕਪੂਰਥਲਾ ਦੇ 7 ਪਿੰਡਾਂ ਤੋਂ 34 ਬਜ਼ੁਰਗ, ਤਰਨਤਾਰਨ ਦੇ 3 ਪਿੰਡਾਂ ਤੋਂ 50 ਬਜ਼ੁਰਗ, ਬਠਿੰਡਾ ਦੇ 2 ਪਿੰਡਾਂ ਤੋਂ 9 ਬਜ਼ੁਰਗ ਅਤੇ ਫਾਜ਼ਿਲਕਾ ਦੇ 3 ਪਿੰਡਾਂ ਤੋਂ 20 ਬਜ਼ੁਰਗਾਂ ਦੀ ਸਨਾਖਤ ਕੀਤੀ ਗਈ ਹੈ। ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਅਪੀਲ ਕੀਤੀ ਕਿ ਜੇ ਕਿਸੇ ਬਜ਼ੁਰਗ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਆ ਰਹੀ ਹੈ ਤਾਂ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਸਮੇਤ ਆਰਜੀ ਤੌਰ 'ਤੇ ਬਿਰਧ ਘਰਾਂ ਵਿੱਚ ਰਹਿ ਸਕਦੇ ਹਨ। ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪੀੜਤਾਂ ਦੇ ਨਾਲ ਹਰ ਕਦਮ 'ਤੇ ਨਾਲ ਖੜ੍ਹੀ ਹੈ ਅਤੇ ਪ੍ਰਭਾਵਿਤ ਲੋਕਾਂ ਨੂੰ ਪੂਰੀ ਸਹਾਇਤਾ ਪਹੁੰਚਾਈ ਜਾ ਰਹੀ ਹੈ।

# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪਵਿੱਤਰ ਸਰੋਵਰ ਦੀ ਸਫ਼ਾਈ ਦੀ ਕਾਰਸੇਵਾ ਜੈਕਾਰਿਆਂ ਦੀ ਗੂੰਜ ਵਿੱਚ ਹੋਈ ਸ਼ੁਰੂ

ਸ੍ਰੀ ਅਨੰਦਪੁਰ ਸਾਹਿਬ, 5 ਸਤੰਬਰ (ਪੱਤਰ ਪ੍ਰੇਰਕ)–ਤਖ਼ਤ ਸ੍ਰੀ



ਕੇਸਗੜ੍ਹ ਸਾਹਿਬ ਦੇ ਪਵਿੱਤਰ ਸਰੋਵਰ 'ਚੋਂ ਗਾਰ ਕੱਢਣ ਦੀ ਸੇਵਾ ਅੱਜ ਜੈਕਾਰਿਆਂ ਦੀ ਗੂੰਜ ਵਿਚ ਸੁਰੂ ਕੀਤੀ ਗਈ। ਇਹ ਸੇਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੱਚਖੰਡ ਵਾਸੀ ਬਾਬਾ ਹਰਬੰਸ ਸਿੰਘ ਅਤੇ ਬਾਬਾ ਬਚਨ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ ਸੇਵਾ ਦੀ ਸੁਰੂਆਤ ਸ੍ਰੀ ਆਨੰਦ ਸਾਹਿਬ ਦੇ ਪਾਠ ਨਾਲ ਹੋਈ ਅਤੇ ਇਸ ਤੋਂ ਬਾਅਦ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅਰਦਾਸ ਕੀਤੀ। ਉਪਰੰਤ ਜੈਕਾਰਿਆਂ ਦੀਆਂ ਗੂੰਜਾਂ ਵਿਚ ਸਮੂਹ ਸੰਗਤਾਂ ਨੇ ਪਵਿੱਤਰ ਸਰੋਵਰ ਵਿਚੋਂ ਗਾਰ ਕੱਢਣ ਦੀ ਸੇਵਾ ਕੀਤੀ। ਇਸ ਮੌਕੇ ਤੇ ਸੰਤ ਬਾਬਾ ਬਚਨ ਸਿੰਘ ਕਾਰ ਸੇਵਾ ਦਿੱਲੀ ਵਾਲੇ, ਬਾਬਾ ਮਹਿੰਦਰ ਸਿੰਘ ਕਾਰ ਸੇਵਾ ਦਿੱਲੀ ਵਾਲੇ, ਬਾਬਾ ਨਰਿੰਦਰ ਸਿੰਘ, ਬਾਬਾ ਕੁਲਦੀਪ ਸਿੰਘ, ਗਿਆਨੀ ਸਤਨਾਮ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਮੈਨੇਜਰ ਗੁਰਦੀਪ ਸਿੰਘ ਕੰਗ, ਬਾਬਾ ਗੁਲਜਾਰ ਸਿੰਘ, ਬਾਬਾ ਸੁੱਖਾ ਸਿੰਘ ਕਰਨਾਲ ਵਾਲੇ, ਬਾਬਾ ਮਹਿੰਦਰ ਸਿੰਘ ਪਿਹੋਵਾ ਵਾਲੇ, ਬਾਬਾ ਲਾਡੀ ਸਿੰਘ ਪਉਂਟਾ ਸਾਹਿਬ ਵਾਲੇ ਅਤੇ ਬਾਬਾ ਸੁਰਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜਰੀ ਭਰੀ ਦੱਸ ਦਈਏ ਕਿ ਬਾਬਾ ਬਚਨ ਸਿੰਘ ਜੀ ਕਰ ਸੇਵਾ ਦਿੱਲੀ ਵਾਲੇ ਮਹਾਪੁਰਸਾਂ ਦੀ ਸੇਵਾ ਸ੍ਰੀ ਕੀਰਤਪੁਰ ਸਾਹਿਬ ਦੇ ਗੁਰਦੁਆਰਾ ਬਾਬਾ ਗੁਰਦਿੱਤਾ ਜੀ, ਗੁ ਬਿਬਣ ਗੜ੍ਹ ਸਾਹਿਬ ਗੁਰਦੁਵਾਰਾ ਕੋਟ ਸਾਹਿਬ ਗੁਰਦੁਵਾਰਾ ਹਰਿਮੰਦਰ ਸਾਹਿਬ ਦੇ ਨਾਲ ਨਾਲ ਬਾਬਾ ਗੁਰਦਿੱਤਾ ਜੀ ਦੇ ਪੰਜ ਮੰਜਲੀ ਯਾਤਰੀ ਸਰਾਂ ਦੀ ਸੇਵਾ ਬਹੁਤ ਵੜੇ ਪੱਧਰ ਤੇ ਚੱਲ ਰਹੀ ਹੈ ਇਸ ਤੋਂ ਇਲਾਵਾ, ਮੀਤ ਮੈਨੇਜਰ ਅਮਰਜੀਤ ਸਿੰਘ, ਜਸਵੀਰ ਸਿੰਘ, ਜੇ.ਈ. ਬਲਜਿੰਦਰ ਸਿੰਘ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸੂਚਨਾ ਅਫਸਰ ਹਰਪ੍ਰੀਤ ਸਿੰਘ ਵੀ ਮੌਜੂਦ ਸਨ। ਸੰਗਤਾਂ ਨੇ ਗਾਰ ਕੱਢਣ ਦੀ ਇਸ ਸੇਵਾ ਨੂੰ ਵੱਡੀ ਭਗਤੀ ਅਤੇ ਉਤਸਾਹ ਨਾਲ ਨਿਭਾਇਆ।

# ਸ਼੍ਰੋਮਣੀ ਕਮੇਟੀ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਨੀਤੀਗਤ ਰੂਪ ਵਿਚ ਕਰੇਗੀ ਕਾਰਜ : ਐਡਵੋਕੇਟ ਧਾਮੀ

ਅੰਮ੍ਰਿਤਸਰ, 5 ਸਤੰਬਰ (ਪੱਤਰ ਪ੍ਰੇਰਕ)–ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹ ਪੀੜਤ ਲੋਕਾਂ ਦੇ ਮੁੜ ਵਸੇਬੇ ਲਈ ਨੀਤੀਗਤ ਰੂਪ ਵਿਚ ਕਾਰਜ ਕਰੇਗੀ। ਇਸ ਵਾਸਤੇ ਇੱਕ ਕਮੇਟੀ ਬਣਾਈ ਜਾਵੇਗੀ ਜੋ ਪੀੜਤਾਂ ਦੀਆਂ ਲੋੜਾਂ ਦੇ ਮੱਦੇਨਜ਼ਰ ਰੂਪ ਰੇਖਾ ਉਲੀਕੇਗੀ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਦਫ਼ਤਰ ਸ਼੍ਰੋਮਣੀ ਕਮੇਟੀ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੀਤਾ। ਐਡਵੋਕੇਟ ਧਾਮੀ ਨੇ ਕਿਹਾ ਕਿ ਹੜ੍ਹਾਂ ਨਾਲ ਪੰਜਾਬ ਦੇ ਵੱਡੇ ਹਿੱਸੇ ਦਾ ਨੁਕਸਾਨ ਹੋਇਆ ਹੈ, ਜਿਸ ਦੀ ਪੂਰੀ ਤਰ੍ਹਾਂ ਭਰਪਾਈ ਕਰ ਪਾਉਣੀ ਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਵੱਲੋਂ ਹੜ੍ਹ ਪੀੜਤਾਂ ਲਈ ਕੀਤੇ ਜਾ ਰਹੇ ਕਾਰਜ ਵਾਸਤੇ 2 ਕਰੋੜ ਰੁਪਏ ਦੇਣ ਦਾ ਫੈਸਲਾ ਕੀਤਾ ਹੈ, ਜਿਸ ਤਹਿਤ ਅੱਜ 1 ਕਰੋੜ ਰੁਪਏ ਇਸ ਕਾਰਜ ਲਈ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਲਈ ਇਕੱਤਰ ਹੋਈ ਰਾਸ਼ੀ ਉਨ੍ਹਾਂ ਦੇ ਮੁੜ ਵਸੇਬੇ ਲਈ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੜ੍ਹਾਂ ਦੀ ਇਸ ਕਰੋਪੀ ਲਈ ਸਰਕਾਰਾਂ ਦੋਸ਼ੀ ਹਨ, ਜਿਨ੍ਹਾਂ ਨੇ ਸਮਾਂ ਰਹਿੰਦਿਆਂ ਥੋੜ੍ਹਾ ਥੋੜ੍ਹਾ ਪਾਣੀ ਛੱਡਣ ਦੀ ਬਜਾਏ ਪੰਜਾਬ ਨੂੰ ਬਰਬਾਦੀ ਦੇ ਕੰਢੇ ਲਿਆ ਖੜ੍ਹਾ ਕੀਤਾ, ਜੇਕਰ ਡੈਮਾਂ ਤੋਂ ਨਾਲੋਂ-ਨਾਲੋਂ ਪਾਣੀ ਛੱਡਿਆ ਜਾਂਦਾ ਤਾਂ ਅੱਜ ਇਹ ਹਾਲਾਤ ਨਾ ਬਣਦੇ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਜਾਬ ਦੇ ਬਹੁਤ ਸਾਰੇ



ਇਲਾਕਿਆਂ ਦੇ ਹਾਲਾਤ ਤਰਸਯੋਗ ਬਣੇ ਹੋਏ ਹਨ, ਜਿਥੇ ਲੋਕਾਂ ਦਾ ਰੋਜ਼ਮਰਾ ਦਾ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਸਰਕਾਰ ਲੋਕਾਂ ਨੂੰ ਤੁਰੰਤ ਰਾਹਤ ਦੇਣ ਦੀ ਬਜਾਏ ਕੇਵਲ ਸੋਸ਼ਲ ਮੀਡੀਆ 'ਤੇ ਹੀ ਦਿਖਾਵਾ ਕਰ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣਾ ਫਰਜ਼ ਸਮਝਦਿਆਂ ਪਹਿਲੇ ਦਿਨ ਤੋਂ ਹੜ੍ਹ ਪੀੜਤਾਂ ਤੱਕ ਸਹਾਇਤਾ ਪਹੁੰਚਾ ਰਹੀ ਹੈ ਅਤੇ ਇਹ ਮੁਹਿੰਮ ਇਕ ਲਹਿਰ ਬਣ ਚੁੱਕੀ ਹੈ, ਜਿਸ ਵਿਚ ਪੰਜਾਬ ਦੇ ਲੋਕ ਵੱਡਾ ਯੋਗਦਾਨ ਪਾ ਰਹੇ ਹਨ। ਐਡਵੋਕੇਟ ਧਾਮੀ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੜ੍ਹ ਪੀੜਤਾਂ ਲਈ ਕੀਤੇ ਜਾ ਰਹੇ ਸਹਾਇਤਾ ਕਾਰਜਾਂ ਦੀ ਵੀ ਭਰਵੀਂ ਸ਼ਲਾਘਾ ਕੀਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਪਾਣੀ ਘਟਣ ਤੋਂ ਬਾਅਦ ਹੜ੍ਹ ਪੀੜਤ ਇਲਾਕਿਆਂ ਅੰਦਰ ਬਿਮਾਰੀ ਫੈਲਣ ਦਾ ਵੀ ਵੱਡਾ ਖ਼ਤਰਾ ਹੈ, ਇਸ ਦੀ ਰੋਕਥਾਮ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਇਲਾਕਿਆਂ ਅੰਦਰ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਤੋਂ ਡਾਕਟਰੀ ਟੀਮਾਂ ਭੇਜੀਆਂ ਗਈਆਂ ਹਨ। ਇਸ ਦੇ ਨਾਲ ਹੀ ਮੱਛਰ ਆਦਿ ਤੋਂ ਬਚਾਅ ਲਈ ਸਪਰੇਅ ਵਾਲੀਆਂ ਮਸ਼ੀਨਾਂ ਭੇਜੀਆਂ ਜਾ ਰਹੀਆਂ ਹਨ। ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਵੈਟਨਰੀ ਡਾਕਟਰਾਂ ਦੀਆਂ ਟੀਮਾਂ ਵੀ ਇਨ੍ਹਾਂ ਖੇਤਰਾਂ ਵਿਚ ਸੇਵਾ ਨਿਭਾਉਣਗੀਆਂ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਨੁਕਸਾਨੀਆਂ ਗਈ ਫ਼ਸਲਾਂ ਦਾ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਅਤੇ ਪਸ਼ੂਆਂ, ਘਰਾਂ ਸਮੇਤ ਹੋਏ ਹੋਰ ਨੁਕਸਾਨ ਦੀ ਵੀ ਸਰਕਾਰ ਵੱਲੋਂ ਭਰਪਾਈ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੀੜਤ ਇਲਾਕਿਆਂ ਵਿਚ ਸੇਵਾਵਾਂ ਨਿਭਾਅ ਰਹੀਆਂ ਸਮੂਹ ਜਥੇਬੰਦੀਆਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਸਥਾਨਕ ਲੋਕਾਂ ਦੀਆਂ ਲੋੜਾਂ ਅਨੁਸਾਰ ਰਾਹਤ ਸਮੱਗਰੀ ਮੁਹੱਈਆ ਕਰਵਾਈ ਜਾਵੇ। ਬੱਚਿਆਂ ਲਈ ਸੁੱਕਾ ਦੁੱਧ, ਮੱਛਰਦਾਨੀ ਤੇ ਹੋਰ ਲੋੜੀਂਦਾ ਸਮਾਨ ਇਸ ਸਮੇਂ ਵੱਡੀ ਲੋੜ ਹੈ। ਐਡਵੋਕੇਟ ਧਾਮੀ ਨੇ ਰਾਹਤ ਕਾਰਜਾਂ ਵਿਚ ਆਰਥਿਕ ਤੌਰ 'ਤੇ ਸਹਾਇਤਾ ਕਰਨ ਲਈ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਪ੍ਰਸ਼ੰਸਾ ਕਰਦਿਆਂ ਸਮੂਹ ਮੈਂਬਰ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਖ਼ਤਿਆਰੀ ਕੋਟੇ 'ਚ 1-1 ਲੱਖ ਰੁਪਿਆ ਹੜ੍ਹ ਪੀੜਤਾਂ ਦੀ ਸਹਾਇਤਾ ਦੇਣ। ਉਨ੍ਹਾਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਵੀ ਵੱਧ ਤੋਂ ਵੱਧ ਇਸ ਵਿਚ ਵਿਚ ਸਹਿਯੋਗ ਕਰਨ ਲਈ ਪ੍ਰੇਰਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਰਣਜੀਤ ਸਿੰਘ ਕਾਹਲੋਂ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਚੀਫ਼ ਅਕਾਊਂਟੈਂਟ ਸ. ਸੁਖਜਿੰਦਰ ਸਿੰਘ ਆਦਿ ਮੌਜੂਦ ਸਨ।

# ਮੁਸਲਿਮ ਭਾਈਚਾਰੇ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਡਿਪਟੀ ਕਮਿਸ਼ਨਰ ਨੂੰ ਸੌਂਪਿਆ 62 ਹਜ਼ਾਰ ਦਾ ਚੈੱਕ



ਬਠਿੰਡਾ, 5 ਸਤੰਬਰ (ਪੱਤਰ ਪ੍ਰੇਰਕ)–ਆਪਸੀ ਭਾਈਚਾਰਕ ਸਾਂਝ ਨਾਲ ਹੀ ਸਮਾਜ ਦੀ ਤਰੱਕੀ ਹੁੰਦੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਡੀਸੀ ਸ਼੍ਰੀ ਰਾਜੇਸ਼ ਧੀਮਾਨ ਨੇ ਮੁਸਲਿਮ ਹਿਊਮਨ ਵੈਲਫੇਅਰ ਸੁਸਾਇਟੀ ਵਲੋਂ ਹੜ੍ਹ ਪ੍ਰਭਾਵਿਤ ਖੇਤਰ ਦੇ ਲੋਕਾਂ ਦੀ ਮਦਦ ਲਈ 62 ਹਜ਼ਾਰ ਰੁਪਏ ਦਾ ਚੈਕ ਭੇਂਟ ਕਰਨ ਉਪਰੰਤ ਕੀਤਾ। ਇਸ ਮੌਕੇ ਡੀਸੀ ਨੇ ਮੁਸਲਿਮ ਭਾਈਚਾਰੇ ਵਲੋਂ ਏਕਤਾ ਦਾ ਸਬੂਤ ਦਿੰਦਿਆਂ ਹੜ੍ਹ ਪ੍ਰਭਾਵਿਤ ਲੋਕਾਂ ਦੇ ਮਦਦ ਕਰਨ 'ਤੇ ਜਿਥੇ ਧੰਨਵਾਦ ਕੀਤਾ ਉਥੇ ਹੀ ਉਨ੍ਹਾਂ ਇਸ ਨੇਕ ਕਾਰਜ ਨੂੰ ਸ਼ਲਾਘਯੋਗ ਉਪਰਾਲਾ ਵੀ ਦੱਸਿਆ। ਇਸ ਦੌਰਾਨ ਡੀਸੀ ਨੇ ਮੁਸਲਿਮ ਭਾਈਚਾਰੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨਸਾਨੀਅਤ ਰੂਪ ਵਿੱਚ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਕੀਤੀ ਇਹ ਮਦਦ ਸਮਾਜ ਲਈ ਇੱਕ ਬਹੁਤ ਚੰਗਾ ਸੁਨੇਹਾ ਹੈ। ਇਸ ਦੌਰਾਨ ਮੁਸਲਿਮ ਹਿਊਮਨ ਵੈਲਫੇਅਰ ਸੁਸਾਇਟੀ ਦੇ ਨੁਮਾਇੰਦਿਆਂ ਨੇ ਕਿਹਾ ਕਿ ਪੰਜਾਬ ਵਿੱਚ ਆਏ ਹੜ੍ਹਾਂ ਤੇ ਬਰਸਾਤੀ ਪਾਣੀ ਦੇ ਮੱਦੇਨਜ਼ਰ ਇਨਸਾਨੀਅਤ ਦਾ ਸਬੂਤ ਦਿੰਦਿਆਂ ਮੁਸਲਿਮ ਭਾਈਚਾਰੇ ਵਲੋਂ ਪ੍ਰੋਫੇਤ ਮੁਹੰਮਦ ਸਾਹਿਬ ਦਾ ਜਨਮ ਦਿਹਾੜੇ ਦਾ ਜਲੂਸ ਦੇ ਰੂਪ ਵਿੱਚ ਨਾ ਮਨਾ ਕੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਲਈ ਚੈੱਕ ਭੇਂਟ ਕਰਕੇ ਮਦਦ ਕੀਤੀ ਹੈ। ਉਨ੍ਹਾਂ ਡੀਸੀ ਨੂੰ ਵਿਸ਼ਵਾਸ਼ ਦਿਵਾਉਂਦਿਆਂ ਇਹ ਵੀ ਕਿਹਾ ਕਿ ਉਨ੍ਹਾਂ ਵਲੋਂ ਭਵਿੱਖ ਵਿੱਚ ਵੀ ਲੋੜ ਪੈਣ 'ਤੇ ਇਸ ਤਰ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਮੌਕੇ ਮੁਸਲਿਮ ਹਿਊਮਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸਲੀਮ ਮੁਹੰਮਦ, ਜਨਰਲ ਸਕੱਤਰ ਵਕੀਲ ਖਾਨ, ਇਮਰਾਨ ਖਾਨ ਤੇ ਹੋਰ ਸਖਸ਼ੀਅਤਾਂ ਆਦਿ ਹਾਜ਼ਰ ਸਨ।

# ਮਨੁੱਖਤਾ ਦੀ ਸੇਵਾ ਲਈ ਸਾਂਝੇ ਯਤਨ ਕਰਦੇ ਹੋਏ ਸੀ.ਜੀ.ਸੀ ਯੂਨੀਵਰਸਿਟੀ ਮੋਹਾਲੀ ਵਿਖੇ ਖ਼ੂਨਦਾਨ ਕੈਂਪ ਲਾਇਆ

ਮੋਹਾਲੀ, 5 ਸਤੰਬਰ (ਪੱਤਰ ਪ੍ਰੇਰਕ)–ਸੀਜੀਸੀ ਯੂਨੀਵਰਸਿਟੀ, ਮੋਹਾਲੀ ਵਲੋਂ ਗ੍ਰੇਟ ਨਵ ਭਾਰਤ ਮਿਸ਼ਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਆਪਣੇ ਕੈਂਪਸ ਵਿੱਚ ਇੱਕ ਵਿਸ਼ਾਲ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਪੰਜਾਬ ਦੇ ਮਾਨਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਦੀ ਸ਼ਾਨਦਾਰ ਮੌਜੂਦਗੀ ਨਾਲ ਖਾਸ ਬਣ ਗਿਆ, ਜਿਨ੍ਹਾਂ ਨੇ ਆਪਣੇ ਸ਼ਬਦਾਂ ਨਾਲ ਸਾਰਿਆਂ ਨੂੰ ਖੂਨਦਾਨ ਨੂੰ ਇੱਕ ਫ਼ਰਜ਼ ਨਹੀਂ, ਬਲਕਿ ਮਨੁੱਖਤਾ ਪ੍ਰਤੀ ਇੱਕ ਗਹਿਰੀ ਜ਼ਿੰਮੇਵਾਰੀ ਵਜੋਂ ਦੇਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਨੇ ਸਮਾਗਮ ਲਈ ਸਹੀ ਮਾਹੌਲ ਤਿਆਰ ਕੀਤਾ ਅਤੇ ਅਜੋਕੇ ਸਮੇਂ ਵਿੱਚ ਨਿਰਸਵਾਰਥ ਭਾਵਨਾ ਦੇ ਮਹੱਤਵ ਨੂੰ ਹੋਰ ਮਜ਼ਬੂਤ ਕੀਤਾ। ਮਾਣਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹ ਕਿ ਮਨੁੱਖਤਾ ਦੇ ਕੰਮ ਹੀ ਸਮਾਜ ਨੂੰ ਇਕਜੁੱਟ ਰੱਖਦੇ ਹਨ। ਇਨ੍ਹਾਂ ਵਿੱਚੋਂ ਖ਼ੂਨਦਾਨ ਸਭ ਤੋਂ ਉੱਤਮ ਕਾਰਜਾਂ ਵਿੱਚੋਂ ਇੱਕ ਹੈ ਜਿੱਥੇ ਦਾਨ ਕੀਤਾ ਗਿਆਂ ਖੂਨ ਕਿਸੇ ਨੂੰ ਇੱਕ ਨਵੀਂ ਜ਼ਿੰਦਗੀ ਦੇ ਸਕਦੀ



ਹੈ। ਇਸ ਮੌਕੇ, ਲਿਮਕਾ ਬੁੱਕ ਰਿਕਾਰਡ ਹੋਲਡਰ ਅਤੇ ਪੀ.ਐਚ.ਡੀ. ਚੈਂਬਰ (ਪੰਜਾਬ) ਦੇ ਸਹਿ-ਚੇਅਰਮੈਨ, ਅਤੇ ਪਲਕਸ਼ਾ ਯੂਨੀਵਰਸਿਟੀ, ਮੋਹਾਲੀ ਦੇ ਸੰਸਥਾਪਕ ਕਰਨ ਗਿਲਹੋਤਰਾ ਵੀ ਮੌਜੂਦ ਸਨ। ਇੱਕ ਨੌਜਵਾਨ ਆਗੂ ਅਤੇ ਸਮਾਜ ਲਈ ਯੋਗਦਾਨ ਪਾਉਣ ਵਾਲੇ ਵਜੋਂ ਉਨ੍ਹਾਂ ਦੀ ਯਾਤਰਾ ਨੇ ਕੈਂਪ ਦੇ ਉਦੇਸ਼ ਨਾਲ ਮੇਲ ਖਾਂਦਿਆਂ ਸਭ ਨੂੰ ਯਾਦ ਦਿਵਾਇਆ ਕਿ ਲੀਡਰਸ਼ਿਪ ਸਿਰਫ਼ ਪ੍ਰਾਪਤੀਆਂ ਬਾਰੇ ਨਹੀਂ, ਬਲਕਿ ਦੂਜਿਆਂ ਦੀ ਸੇਵਾ ਬਾਰੇ ਵੀ ਹੈ। ਪੀ.ਐਚ.ਡੀ. ਚੈਂਬਰ ਤੋਂ ਰਾਜਨ ਚੋਪੜਾ ਨੇ ਵੀ ਇਸ ਮੌਕੇ 'ਤੇ ਸ਼ਿਰਕਤ ਕੀਤੀ ਅਤੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ। ਜਦ ਕਿ ਸੀ.ਜੀ.ਸੀ ਯੂਨੀਵਰਸਿਟੀ ਵੱਲੋਂ ਕਾਰਜਕਾਰੀ ਨਿਰਦੇਸ਼ਕ ਸੁਸ਼ੀਲ ਪਰਾਸ਼ਰ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਸਭ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ। ਇਹ ਕੈਂਪ ਸੁਰੱਖਿਆ, ਕੁਸ਼ਲਤਾ ਅਤੇ ਸਾਰੇ ਖ਼ੂਨਦਾਨੀਆਂ ਦੀ ਸਹੂਲਤ ਨੂੰ ਯਕੀਨੀ ਬਣਾਉਂਦੇ ਹੋਏ ਸਹੀ ਯੋਜਨਾਬੰਦੀ ਅਤੇ ਡਾਕਟਰੀ ਨਿਗਰਾਨੀ ਨਾਲ ਕੀਤਾ ਗਿਆ। ਰਜਿਸਟ੍ਰੇਸ਼ਨ ਤੋਂ ਲੈ ਕੇ ਖ਼ੂਨਦਾਨ ਤੋਂ ਬਾਅਦ ਦੀ ਦੇਖਭਾਲ ਤੱਕ, ਹਰ ਕਦਮ ਵਿੱਚ ਪ੍ਰਬੰਧਕੀ ਟੀਮਾਂ ਦਾ ਪੇਸ਼ੇਵਰ ਰਵੱਈਆ ਅਤੇ ਜ਼ਿੰਮੇਵਾਰੀ ਝਲਕ ਰਹੀ ਸੀ। ਅਖੀਰ ਵਿਚ 618 ਯੂਨਿਟ ਖ਼ੂਨਦਾਨੀਆਂ ਦਾ ਖ਼ੂਨ ਇਕੱਠਾ ਕੀਤ ਗਿਆ। ਇਸ ਮੌਕੇ ਤੇ ਖ਼ੂਨਦਾਨੀਆਂ ਲਈ ਲੋੜੀਦੀਂ ਡਾਈਟ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਅਖੀਰ ਵਿਚ ਇਹ ਦਿਨ ਹਰ ਖ਼ੂਨਦਾਨੀ, ਪਤਵੰਤੇ ਅਤੇ ਵਾਲੰਟੀਅਰ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਸਮਾਪਤ ਹੋਇਆ।

## ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਮਪੁਰਾ ਨੂੰ 51 ਹਜ਼ਾਰ ਰੁਪਏ ਦਾ ਚੈੱਕ ਭੇਂਟ

ਬਠਿੰਡਾ, 5 ਸਤੰਬਰ (ਪੱਤਰ ਪ੍ਰੇਰਕ)–ਐਸ.ਡੀ.ਐਮ. ਰਾਮਪੁਰਾ ਸ਼੍ਰੀ ਸੁਨੀਲ ਕੁਮਾਰ ਨੂੰ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ 51 ਹਜ਼ਾਰ ਰੁਪਏ ਦਾ ਚੈੱਕ ਭੇਂਟ ਕੀਤਾ। ਇਸ ਮੌਕੇ ਐਸਡੀਐਮ ਸ਼੍ਰੀ ਸੁਨੀਲ ਕੁਮਾਰ ਨੇ ਸੰਸਥਾਵਾਂ ਦੇ ਨੁਮਾਇੰਦਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ। ਇਸ ਮੌਕੇ ਐਸਡੀਐਮ ਨੇ ਸਮਾਜਸੇਵੀ ਸ੍ਰੀ ਤਰਸੇਮ ਚੰਦ ਜੇਠੀ (ਸੇਵਾ ਮੁਕਤ ਬੈਂਕ ਮੈਨੇਜਰ), ਕੌਂਸਲਰ ਸ਼੍ਰੀ ਸੁਨੀਲ ਕੁਮਾਰ ਬਿੱਟਾ ਅਤੇ ਮੁਕੇਸ ਬਾਂਸਲ ਨੂੰ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਨੇਕ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਐਸਡੀਐਮ ਨੂੰ ਵਿਸ਼ਵਾਸ਼ ਦਿਵਾਉਂਦਿਆਂ ਕਿਹਾ ਕਿ ਉਨ੍ਹਾਂ ਵਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਦੀ ਸਹਾਇਤਾ ਲਈ ਲੋੜ ਅਨੁਸਾਰ ਭਵਿੱਖ ਵਿੱਚ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਦੌਰਾਨ ਐਸਡੀਐਮ ਨੇ ਆਮ ਲੋਕਾਂ ਨੂੰ ਵੀ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਮਦਦ ਲਈ ਸੁੱਕੇ ਰਾਸ਼ਨ ਪਸ਼ੂਆਂ ਲਈ ਚਾਰੇ ਆਦਿ ਦੀ ਸੇਵਾ ਲਈ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ।

# ਘੱਗਰ ਦਰਿਆ ਦੇ ਬੰਨ੍ਹ ਨੂੰ ਤੇਜ ਵਹਾਅ ਕਾਰਨ ਪੁੱਜੇ ਨੁਕਸਾਨ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ 'ਤੇ ਜਾਰੀ

ਡੇਰਾਬੱਸੀ, 5 ਸਤੰਬਰ (ਪੱਤਰ ਪ੍ਰੇਰਕ)–ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਅਧੀਨ ਪਿੰਡ ਭਾਂਖਰਪੁਰ ਨੇੜੇ ਵਗਦੇ ਘੱਗਰ ਦਰਿਆ ਵਿੱਚ, ਪਹਾੜੀ ਖੇਤਰਾਂ ਵਿੱਚ ਭਾਰੀ ਬਰਸਾਤ ਕਾਰਨ ਪਾਣੀ ਦਾ ਪੱਧਰ ਕਾਫੀ ਵਧਣ ਕਰਨ, ਖੱਬੇ ਪਾਸੇ ਪੁੱਜੇ ਨੁਕਸਾਨ ਨੂੰ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਵਿਭਾਗ, ਮੋਹਾਲੀ ਵੱਲੋਂ ਮੁਰੰਮਤ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਵਿਭਾਗ, ਮੋਹਾਲੀ ਦੇ ਕਾਰਜਕਾਰੀ ਇੰਜੀਨੀਅਰ, ਖੁਸਵਿੰਦਰ ਸਿੰਘ ਨੇ ਦੱਸਿਆ ਕਿ ਮਿਤੀ 01.09.2025 ਨੂੰ ਘੱਗਰ ਦਰਿਆ ਵਿੱਚ ਲਗਭਗ 50 ਹਜਾਰ ਕਿਊਸਕ ਪਾਣੀ ਦਰਜ ਕੀਤਾ ਗਿਆ, ਜੋ ਕਿ ਲਗਾਤਾਰ ਬਰਸਾਤਾਂ ਦੇ ਕਾਰਨ ਮਿਤੀ 03.09.2025 ਨੂੰ ਵੱਧ ਕੇ ਤਕਰੀਬਨ 1 ਲੱਖ ਕਿਊਸਕ ਹੋ ਗਿਆ। ਪਾਣੀ ਦੇ



ਇਸ ਤੇਜ ਵਹਾਅ ਕਾਰਨ ਪਿੰਡ ਭਾਂਖਰਪੁਰ ਵਿਖੇ ਘੱਗਰ ਦੇ ਖੱਬੇ ਬੰਨ (ਆਰ ਡੀ 10180 ਐਮ) 'ਤੇ ਖੋਰਾ ਪੈ ਗਿਆ, ਜਿਸ ਨਾਲ ਪੱਥਰ ਦੀ ਠੋਕਰ ਨੂੰ ਨੁਕਸਾਨ ਹੋਇਆ। ਬੰਨ੍ਹ ਨੂੰ ਲੱਗੇ ਖੋਰੇ ਦੀ ਲੰਬਾਈ ਇਸ ਵੇਲੇ ਲਗਭਗ 400 ਫੁੱਟ ਹੈ। ਉਨ੍ਹਾਂ ਦੱਸਿਆ ਕਿ ਇਸ ਦੀ ਮੁਰੰਮਤ ਤੇ ਮਜਬੂਤੀ ਲਈ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਵਿਭਾਗ, ਮੋਹਾਲੀ ਦੇ ਨਾਲ ਪਿੰਡ ਭਾਂਖਰਪੁਰ ਦੇ ਵਸਨੀਕਾਂ ਵੱਲੋਂ ਵੀ ਪੂਰਾ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲੋੜੀਂਦਾ ਸਮਾਨ ਜਿਸ ਵਿੱਚ ਈ ਸੀ ਬੈਗਜ ਅਤੇ ਵਾਇਰ ਕਰੇਟਸ ਲਗਾਉਣ ਦਾ ਕੰਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ ਅਤੇ ਇਸ ਕੰਮ ਲਈ ਲੋੜੀਂਦੀ ਮਸੀਨਰੀ ਤੇ ਸਮਾਨ ਵਿਭਾਗ ਕੋਲ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸਨਰ ਸ੍ਰੀਮਤੀ ਕੋਮਲ ਮਿੱਤਲ ਵੱਲੋਂ ਦੋ ਦਿਨ ਪਹਿਲਾਂ ਇਸ ਥਾਂ ਦਾ ਦੌਰਾ ਕਰ, ਪਿੰਡ ਦੇ ਲੋਕਾਂ ਨੂੰ ਭਰੋਸਾ ਵੀ ਦਿੱਤਾ ਗਿਆ ਸੀ ਕਿ ਜ?ਲ੍ਹਾ ਪ੍ਰਸਾਸਨ ਅਤੇ ਵਿਭਾਗ ਪੂਰੀ ਤਨਦੇਹੀ ਨਾਲ ਇਸ ਖੁਰੇ ਬੰਨ੍ਹ ਨੂੰ ਮਜਬੂਤ ਕਰੇਗਾ, ਜਿਸ ਲਈ ਜੰਗੀ ਪੱਧਰ ਤੇ ਪਿੰਡ ਦੇ ਲੋਕਾਂ ਦੇ ਸਹਿਯੋਗ ਨਾਲ ਕੰਮ ਚੱਲ ਰਿਹਾ ਹੈ।

# ਜ਼ਰੂਰੀ ਚੀਜ਼ਾਂ ਦੀ ਜਮ੍ਹਾਖੋਰੀ ਕਰਨ ਵਾਲਿਆਂ ਖਿਲਾਫ ਹੋਵੇਗੀ ਸਖਤ ਕਾਰਵਾਈ

ਮਾਨਸਾ, 04 ਸਤੰਬਰ:- (ਗੁਰਪ੍ਰੀਤ ਧਾਲੀਵਾਲ) ਭਾਰੀ ਬਰਸਾਤਾਂ ਕਾਰਨ ਬਣੇ ਹੜ੍ਹਾਂ ਵਰਗੇ ਹਾਲਾਤਾਂ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਮਾਨਸਾ ਸ੍ਰੀਮਤੀ ਨਵਜੋਤ ਕੌਰਆਈਏਐਸ ਨੇ ਜਰੂਰੀ ਵਸਤਾਂ ਐਕਟ 1955 ਅਤੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਐਕਟ 2023 ਦੀ ਧਾਰਾ 163 ਤਹਿਤ ਜ਼ਰੂਰੀ ਚੀਜ਼ਾਂ ਦੀ ਜਮ੍ਹਾਖੋਰੀ ਉਪਰ ਸਖਤ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਦੱਸਿਆ ਕਿ ਧਿਆਨ ਵਿੱਚ ਆਇਆ ਹੈ ਕਿ ਕੁਝ ਲੋਕ ਜਰੂਰੀ ਚੀਜ਼ਾਂ ਜਿਵੇਂ ਕਿ ਖਾਣਪੀਣ ਦੀਆਂ ਵਸਤਾਂ, ਪੈਟਰੋਲਡੀਜਲ, ਚਾਰਾ, ਅਨਾਜ, ਡੇਅਰੀ ਉਤਪਾਦ ਅਤੇ ਹੋਰ ਰੋਜਾਨਾ ਦੀਆਂ ਲੋੜਾਂ ਦੀਆਂ ਵਸਤੂਆਂ ਦੀ ਜਮ੍ਹਾਖੋਰੀ ਕਰ ਰਹੇ ਹਨ ਅਤੇ ਕੀਮਤਾਂ ਵਿੱਚ ਵਾਧਾ ਕਰ ਕੇ ਵੇਚ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਆਮ ਲੋਕ, ਖਾਸ ਕਰਕੇ ਸਮਾਜ ਦਾ ਕਮਜੋਰ ਵਰਗ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ। ਉਨ੍ਹਾਂ ਹਦਾਇਤ ਕੀਤੀ ਕਿ ਇਸ ਤਰ੍ਹਾਂ ਨਾਲ ਵਸਤਾਂ ਦੀ ਜਮ੍ਹਾਖੋਰੀ ਅਤੇ ਕੀਮਤਾਂ ਵਿੱਚ ਵਾਧਾ ਕਰਨ ਵਾਲੇ ਵਿਅਕਤੀ, ਵਪਾਰੀ ਜਾਂ ਫਰਮ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਜਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ



ਉਹ ਕਾਲਾਬਾਜਾਰੀ ਜਾਂ ਕੀਮਤ ਵਿੱਚ ਵਾਧੇ ਦੇ ਕਿਸੇ ਵੀ ਮਾਮਲੇ ਦੀ ਸੂਚਨਾ ਸਬੰਧਤ ਅਧਿਕਾਰੀਆਂ ਨੂੰ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਜਰੂਰੀ ਵਸਤਾਂ, ਪੈਟਰੋਲ, ਡੀਜਲ ਆਦਿ ਸਬੰਧੀ ਸ਼ਿਕਾਇਤ ਸਬੰਧੀ ਜਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ ਦਫਤਰ ਦੇ ਇੰਸਪੈਕਟਰ ਸਪਲਾਈ ਜਰਨੈਲ ਸਿੰਘ ਨਾਲ 8146545767, ਇੰਸਪੈਕਟਰ ਵੰਡ ਸੰਦੀਪ ਸਿੰਘ ਨਾਲ8146700706 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਪਸ਼ੂਆਂ ਸਬੰਧੀ ਸਮੱਸਿਆ ਦੀ ਸ਼ਿਕਾਇਤ ਕਰਨ ਲਈ ਪਸ਼ੂ ਪਾਲਣ ਵਿਭਾਗ (ਵੈਟਰਨਰੀ ਅਤੇ ਚਾਰੇ ਸਬੰਧੀ ਸੇਵਾਵਾਂ ਲਈ) ਡਾ ਕਮਲ ਗੁਪਤਾ ਦੇ ਮੋਬਾਇਨ ਨੰਬਰ 7837218835 ਅਤੇ ਡਾ ਦੁਸਯੰਤ ਪ੍ਰੀਤ ਨਾਲ 9872572448 ਤੇ ਸੰਪਰਕ ਕੀਤਾ ਜਾ ਸਕਦਾ ਹੈ। ਸਬਜੀਆਂ ਅਤੇ ਫਲਾਂ ਆਦਿ ਲਈ ਮੰਡੀ ਬੋਰਡ ਨੂੰ ਸ਼ਿਕਾਇਤ ਕਰਨ ਲਈ ਮੰਡੀ ਸੁਪਰਵਾਈਜਰ ਅਮਨ ਬਾਂਸਲ ਨਾਲ 8146800501, ਮਨਿੰਦਰ ਸਿੰਘ ਨਾਲ 9779030002 ਅਤੇ ਲੈਂਡਲਾਈਨ ਨੰਬਰ 01652235042 ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਕੈਟਲ ਫੀਡ ਲਈ ਮਾਰਕਫੈੱਡ ਦਫਤਰ ਦੇ ਐਫਐਸਓ ਅਮਨਦੀਪ ਬਾਂਸਲ ਨਾਲ 9872493800 ਅਤੇ ਦੁੱਧ ਅਤੇ ਇਸ ਨਾਲ ਸਬੰਧਤ ਉਤਪਾਦਾਂ ਲਈ ਡੇਅਰੀ ਵਿਭਾਗ ਦੇ ਇੰਸਪੈਕਟਰ ਗਰੇਡ 2 ਸਤਵੀਰ ਕੌਰ ਨਾਲ 8284940350, ਹਰਸਰਨ ਕੌਰ ਨਾਲ 7009907854 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹਰਜੋਤ ਬੈਂਸ ਨੇ ਹੜ੍ਹ ਨਾਲ ਪ੍ਰਭਾਵਿਤ ਪੁਰਾਤਨ ਸ੍ਰੀ ਲਕਸ਼ਮੀ ਨਰਾਇਣ ਮੰਦਿਰ ਦੀ ਇਮਾਰਤ ਨੂੰ ਬਚਾਉਣ ਦਾ ਮੋਰਚਾ ਸੰਭਾਲਿਆ

ਨੰਗਲ , 5 ਸਤੰਬਰ (ਪੱਤਰ ਪ੍ਰੇਰਕ)–ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪਿਛਲੇ ਕਈ ਦਿਨਾਂ ਤੋ ਆਪਣੇ ਹਲਕੇ ਦੇ ਲਗਭਗ ਹਰ ਪ੍ਰਭਾਵਿਤ ਪਿੰਡ, ਸ਼ਹਿਰ ਵਿਚ ਜਾ ਕੇ ਰਾਹਤ ਤੇ ਬਚਾਅ ਕਾਰਜਾਂ ਦੀ ਕਮਾਨ ਖ਼ੁੱਦ ਸੰਭਾਲ ਰਹੇ ਹਨ। ਉਥੇ ਨੰਗਲ ਦੇ ਪੁਰਾਤਨ ਸ੍ਰੀ ਲਕਸ਼ਮੀ ਨਰਾਇਣ ਮੰਦਿਰ ਦੇ ਸ੍ਰੀ ਰਾਧਾ ਕ੍ਰਿਸ਼ਨ ਮੰਦਿਰ ਦਾ ਕੁਝ ਹਿੱਸਾ ਸਤਲੁਜ ਦਰਿਆ ਦੇ ਤੇਜ਼ ਵਹਾਅ ਵਿਚ ਨੁਕਸਾਨੇ ਜਾਣ ਦੀ ਮੁਰੰਮਤ ਦਾ ਕੰਮ ਵੀ ਅੱਜ ਸਵੇਰ ਤੋ ਹੀ ਸ.ਬੈਂਸ ਨੇ ਖ਼ੁੱਦ ਸੰਭਾਲ ਲਿਆ ਹੈ। ਉਹ ਆਪ ਵਲੰਟੀਅਰਾਂ ਨਾਲ ਵੱਖ ਵੱਖ ਸਾਧਨਾ ਰਾਹੀ ਦਰਿਆ ਦੇ ਤੇਜ਼ ਵਹਾਅ ਵਿੱਚ ਡੰਗੇ/ਠੋਕਰਾਂ ਲਗਾ ਰਹੇ ਹਨ ਤਾਂ ਜੋ ਇਸ ਪਵਿੱਤਰ ਇਤਿਹਾਸਕ ਮੰਦਿਰ ਨੂੰ ਹੋਰ ਨੁਕਸਾਨੇ ਜਾਣ ਤੋ ਬਚਾਇਆ ਜਾ ਸਕੇ। ਇਸ ਦੇ ਲਈ ਉਨ੍ਹਾਂ ਵੱਲੋਂ 1.27 ਕਰੋੜ ਦੀ ਲਾਗਤ ਨਾਲ ਇਸ ਪ੍ਰਾਚੀਨ ਮੰਦਿਰ ਦੀ ਇਮਾਰਤ ਨੂੰ ਪੱਕੇ ਤੌਰ ਤੇ ਮਜਬੂਤ ਕਰਨ ਲਈ ਵੀ ਚਾਰਾਜੋਈ ਸੁਰੂ ਕਰ ਦਿੱਤੀ ਹੈ। ਸ.ਹਰਜੋਤ ਸਿੰਘ ਬੈਂਸ ਨੇ ਅੱਜ ਸ੍ਰੀ ਲਕਸ਼ਮੀ ਨਰਾਇਣ ਮੰਦਿਰ ਦੇ ਨੁਕਸਾਨੇ ਜਾਣ ਅਤੇ ਉਸ ਦੀ ਆਰਜ਼ੀ ਮੁਰੰਮਤ ਲਈ ਆਪਣੇ ਵਲੰਟੀਅਰਾਂ ਨੂੰ ਸੱਦਾ ਦਿੱਤਾ ਤਾਂ ਸੈਂਕੜੇ ਵਲੰਟੀਅਰ ਤੁਰੰਤ ਇਸ



ਪ੍ਰਸਿੱਧ ਧਾਰਮਿਕ ਅਸਥਾਨ ਤੇ ਪਹੁੰਚ ਗਏ। ਮੰਦਿਰ ਵਿਚ ਮੱਥਾ ਟੇਕਣ ਉਪਰੰਤ ਪ੍ਰਮਾਤਮਾ ਦਾ ਆਸੀਰਵਾਦ ਲੈ ਕੇ ਜਦੋਂ ਸਤਲੁਜ ਦਰਿਆ ਕੰਢੇ ਬਣੇ ਇਸ ਮੰਦਿਰ ਦੀ ਆਰਜ਼ੀ ਮੁਰੰਮਤ ਦਾ ਕੰਮ ਸੁਰੂ ਕੀਤਾ ਤਾਂ ਇਹ ਬਹੁਤ ਹੀ ਚੁਣੌਤੀ ਭਰਿਆ ਸੀ, ਕਿਉਕਿ ਦਰਿਆ ਵਿਚ ਪਾਣੀ ਦਾ ਤੇਜ਼ ਵਹਾਅ ਹੋਣ ਕਾਰਨ ਮੰਦਿਰ ਦੀ ਇਮਾਰਤ ਦਾ ਲਗਾਤਾਰ ਨੁਕਸਾਨ ਹੋ ਰਿਹਾ ਸੀ ਅਤੇ ਕਿਸੇ ਵੱਡੇ ਖਤਰੇ ਦਾ ਅੰਦੇਸ਼ਾ ਬਣਿਆ ਹੋਇਆ ਸੀ। ਮੰਤਰੀ ਬੈਂਸ ਦਾ ਬੁਲੰਦ ਹੌਸਲਾਂ ਅਤੇ ਸਾਥੀਆਂ ਨੂੰ ਕੀਤੀ ਅਪੀਲ ਮਗਰੋਂ ਵਲੰਟੀਅਰਾਂ ਨੇ ਇਮਾਰਤ ਦੇ ਉੱਪਰ ਤੋਂ ਦਰਿਆ ਵਿੱਚ ਰੱਸੇ ਲਟਕਾ ਕੇ ਰਾਹਤ ਤੇ ਬਚਾਅ ਕਾਰਜ ਸੁਰੂ ਕੀਤਾਂ ਅਤੇ ਕੈਬਨਿਟ ਮੰਤਰੀ ਦੇ ਕੁਝ ਸਾਥੀਆਂ ਨੇ ਝੀਲ ਦੇ ਦੂਜੇ ਪਾਸੇ ਤੋਂ ਕਿਸ਼ਤੀ ਰਾਹੀ ਜੰਮਬੋ ਬੈਗ ਅਤੇ ਮਟੀਰੀਅਲ ਦੇ ਵੱਡੇ ਬੋਰੇ ਲਿਆ ਕੇ ਮੰਦਿਰ ਦੇ ਨਾਲ ਦਰਿਆ ਵਿਚ ਲਗਾਉਣੇ ਸੁਰੂ ਕਰ ਦਿੱਤੇ। ਤੇਜ਼ ਵਹਾਅ ਕਾਰਨ ਮਟੀਰੀਅਲ ਦਾ ਠਹਿਰਣਾ ਬਹੁਤ ਮੁਸ਼ਕਿਲ ਸੀ, ਪ੍ਰੰਤੂ ਸ.ਬੈਂਸ ਨੇ ਵਲੰਟੀਅਰਾਂ ਦੇ ਹੌਸਲੇ ਬੁਲੰਦ ਕਰਦੇ ਹੋਏ ਕਿਹਾ ਕਿ ਭਾਵੇ ਜਿੰਨਾ ਮਰਜ਼ੀ ਮਟੀਰੀਅਲ ਲੱਗ ਜਾਵੇ ਜਿੰਨਾ ਮਰਜ਼ੀ ਸਮਾਂ ਅਸੀ ਇਸ ਨੰਗਲ ਦੇ ਪੁਰਾਤਨ ਪ੍ਰਸਿੱਧ ਮੰਦਿਰ ਨੂੰ ਹਰ ਹਾਲਤ ਵਿੱਚ ਬਚਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀ ਲਗਾਤਾਰ ਇਲਾਕੇ ਵਿੱਚ ਲੋਕਾਂ ਦੇ ਜਾਨ ਮਾਲ ਦੀ ਸੁਰੱਖਿਆਂ ਅਤੇ ਪ੍ਰਭਾਵਿਤ ਪਰਿਵਾਰਾ ਲਈ ਰਾਹਤ ਦਾ ਪ੍ਰਬੰਧ ਕਰ ਰਹੇ ਹਾਂ। ਅਜਿਹੇ ਵਿੱਚ ਸਾਡੀ ਇਹ ਜਿੰਮੇਵਾਰੀ ਹੈ ਕਿ ਅਸੀ ਆਪਣੇ ਪਵਿੱਤਰ ਧਾਰਮਿਕ ਅਸਥਾਨਾਂ ਦਾ ਵੀ ਰੱਖ ਰਖਾਓ ਕਰੀਏ। ਉਨ੍ਹਾਂ ਨੇ ਕਿਹਾ ਕਿ ਇਸ ਮੰਦਿਰ ਦਾ ਆਲਾ ਦੁਆਲਾ ਦਰਿਆ ਦੇ ਪਾਣੀ ਤੋ ਸੁਰੱਖਿਅਤ ਕਰਨ ਲਈ ਚਾਰਾਜੋਈ ਕਰ ਰਹੇ ਹਾਂ। 1.27 ਕਰੋੜ ਰੁਪਏ ਨਾਲ ਇਹ ਪ੍ਰੋਜੈਕਟ ਮੁਕੰਮਲ ਹੋਵੇਗਾ। ਸ.ਹਰਜੋਤ ਸਿੰਘ ਬੈਂਸ ਲਗਾਤਾਰ ਆਪਣੇ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਰਾਹਤ ਤੇ ਬਚਾਅ ਕਾਰਜਾਂ ਦੇ ਕੰਮ ਦੀ ਕਮਾਨ ਖ਼ੁੱਦ ਸੰਭਾਲ ਰਹੇ ਹਨ। ਉਨ੍ਹਾਂ ਵੱਲੋਂ ਦਰਿਆਂ ਦੇ ਇੱਧਰ ਉੱਧਰ ਵਸੇ ਪਿੰਡਾਂ ਵਿਚ ਰਹਿ ਰਹੇ ਲੋਕਾਂ ਨਾਲ ਲਗਾਤਾਰ ਰਾਬਤਾ ਕਾਇਮ ਕੀਤਾ ਹੋਇਆ ਹੈ। ਸ.ਬੈਂਸ ਖ਼ੁੱਦ ਰਾਹਤ ਕੈਂਪਾਂ ਵਿੱਚ ਜਾ ਕੇ ਉਥੇ ਮੌਜੂਦ ਲੋਕਾਂ ਤੋਂ ਹਾਲਾਤ ਤੇ ਸਹੂਲਤਾਂ ਦੀ ਜਾਣਕਾਰੀ ਲੈ ਰਹੇ ਹਨ, ਇਸ ਦੇ ਲਈ ਉਨ੍ਹਾਂ ਨੂੰ ਕਈ ਵਾਰ ਕਿਸ਼ਤੀ, ਟਰੈਕਟਰ, ਜੇ.ਸੀ.ਬੀ ਅਤੇ ਮੋਟਰਸਾਈਕਲ ਤੇ ਸਵਾਰ ਵੀ ਦੇਖਿਆ ਜਾ ਸਕਦਾ ਹੈ। ਉਨ੍ਹਾਂ ਦੇ ਵਲੰਟੀਅਰਾਂ, ਨੌਜਵਾਨਾਂ, ਪੰਚਾਂ, ਸਰਪੰਚਾਂ ਅਤੇ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਵਿੱਚ ਸ.ਬੈਂਸ ਦੀ ਇਸ ਲਗਾਤਾਰ ਕੀਤੀ ਜਾ ਰਹੀ ਕੋਸ਼ਿਸ ਨਾਲ ਹੌਸਲੇ ਬੁਲੰਦ ਹੋ ਰਹੇ ਹਨ। ਇਸ ਮੌਕੇ ਡਾ.ਸੰਜੀਵ ਗੌਤਮ ਹਲਕਾ ਕੋਆਰਡੀਨੇਟਰ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਸਤੀਸ਼ ਚੋਪੜਾ, ਕੇਹਰ ਸਿੰਘ, ਇੰ.ਜਸਪ੍ਰੀਤ ਸਿੰਘ, ਚੰਨਣ ਸਿੰਘ ਪੰਮੂ ਢਿੱਲੋਂ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਨਿਸ਼ਾਤ ਗੁਪਤਾ, ਹਿਤੇਸ਼ ਸ਼ਰਮਾ ਦੀਪੂ, ਜਸਪਾਲ ਢਾਹੇ ਸਰਪੰਚ, ਸੁਮਿਤ ਦੀਵਾਨ, ਮਨਜੋਤ ਰਾਣਾ, ਸੱਗੀ, ਐਡਵੋਕੇਟ ਨੀਰਜ਼, ਦਲਜੀਤ ਸਿੰਘ ਕਾਕਾ, ਨਿਤਿਨ ਬਾਸੋਵਾਲ, ਅੰਕੁਸ਼, ਨਿਤਿਨ ਭਲਾਣ, ਸਾਗਰ ਸੋਬਿਤ, ਮਨਿੰਦਰ ਕੈਫ, ਮੰਗਲ ਸੈਣੀ, ਰਮਾ ਫੋਜੀ, ਹਨੀ ਭੱਟੋ ਹਾਜ਼ਰ ਸਨ।